ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV







ਅੰਦਰਲੀ ਖ਼ਬਰ
ਮਹਿਲਾ ਰਾਖਵਾਂਕਰਨ ਬਿੱਲ ਲੋਕ ਸਭਾ 'ਚ ਨਹੀਂ ਹੋਇਆ ਪਾਸ ਜਾਣੋ ਕਿੰਨੀਆਂ ਪਈਆਂ ਵੋਟਾਂ? 05

ਅੰਦਰਲੀ ਖ਼ਬਰ
ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ 'ਚ ਇੰਜ. ਈਸ਼ਰ ਸਿੰਘ ਦੀ ਪੁਸਤਕ 'ਤਕਨੋਲੋਜੀ - ਕੰਨਾ ਨੂੰ ਖਾ ਰਿਹਾ ਸੋਨਾ?' ਕੀਤੀ ਗਈ ਲੋਕ-ਅਰਪਿਤ 07






ਪੰਨਾ ਨੰ.:6 ਲੇਖ
ਤੇਰੀ ਫੀਅਟ 'ਤੇ ਜੇਠ ਨਜ਼ਾਰੇ ਲੈਂਦਾ!





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

23 ਅਪ੍ਰੈਲ ਤੋਂ 29 ਅਪ੍ਰੈਲ, 2026

Email :- editor@punjabstar.com, Vo. 20. Issue:1234


### ਟਕਰਾਅ 52 ਦਿਨਾਂ ਤੋਂ ਜਾਰੀ

## ਅਮਰੀਕਾ-ਈਰਾਨ ਯੁੱਧ 'ਚ 3,375 ਤੋਂ ਵੱਧ ਲੋਕਾਂ ਦੀ ਹੋਈਆਂ ਮੌਤਾਂ



(ਪੰਜਾਬ ਸਟਾਰ ਬਿਓਰੋ): ਅਮਰੀਕਾ-ਈਰਾਨ ਟਕਰਾਅ ਦੀ ਭਿਆਨਕ ਤਸਵੀਰ ਸਪੱਸ਼ਟ ਹੁੰਦੀ ਜਾ ਰਹੀ ਹੈ। 52 ਦਿਨਾਂ ਦੇ ਸੰਘਰਸ਼ ਵਿੱਚ ਮਰਨ ਵਾਲਿਆਂ ਦੀ ਗਿਣਤੀ 3,300 ਨੂੰ ਪਾਰ ਕਰ ਗਈ ਹੈ, ਜੋ ਸਥਿਤੀ ਦੀ ਗੰਭੀਰਤਾ ਨੂੰ ਉਜਾਗਰ ਕਰਦੀ ਹੈ। ਈਰਾਨ ਦੇ ਕਾਨੂੰਨੀ ਦਵਾਈ ਸੰਗਠਨ ਦੇ ਮੁਖੀ ਅੱਬਾਸ ਮਸਜੇਦੀ ਦੇ ਅਨੁਸਾਰ, ਹੁਣ ਤੱਕ 3,375 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਮੌਤਾਂ ਵਿੱਚ ਸੈਂਕੜੇ ਬੱਚੇ ਸ਼ਾਮਿਲ ਹਨ, ਜੋ ਯੁੱਧ ਦੇ ਮਨੁੱਖੀ ਸੰਕਟ ਨੂੰ ਹੋਰ ਵਧਾਉਂਦੇ ਹਨ। ਚੱਲ ਰਹੇ ਹਮਲਿਆਂ ਦੌਰਾਨ ਵੱਧ ਰਹੀਆਂ *ਬਾਕੀ ਸਫ਼ਾ 2 'ਤੇ

## ਰਾਸ਼ਟਰਪਤੀ ਟਰੰਪ ਨੇ ਇਰਾਨ ਵਿਰੁੱਧ ਜੰਗਬੰਦੀ ਨੂੰ ਵਧਾਇਆ



ਅਮਰੀਕਾ :ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਨਾਲ ਜੰਗਬੰਦੀ ਨੂੰ ਅੱਗੇ ਵਧਾਉਣ ਦਾ ਐਲਾਨ ਕੀਤਾ ਹੈ। ਟਰੰਪ ਨੇ ਇਹ ਕਦਮ ਮੌਜੂਦਾ ਜੰਗਬੰਦੀ ਦੇ ਖਤਮ ਹੋਣ ਤੋਂ ਕੁਝ ਘੰਟੇ ਪਹਿਲਾਂ ਪਾਕਿਸਤਾਨ ਦੀ ਬੇਨਤੀ 'ਤੇ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਉਹ ਇਰਾਨ ਵੱਲੋਂ ਕੋਈ ਪ੍ਰਸਤਾਵ ਮਿਲਣ ਤੱਕ ਜੰਗਬੰਦੀ ਨੂੰ ਅੱਗੇ ਵਧਾ ਰਹੇ ਹਨ। ਇਸ ਨਾਲ ਜੰਗ ਫਿਲਹਾਲ ਟਲ ਗਈ ਹੈ ਅਤੇ ਵਿਚੋਲਗੀ ਕਰ ਰਹੇ ਪਾਕਿਸਤਾਨ ਨੂੰ ਅਮਰੀਕਾ ਅਤੇ ਇਰਾਨ ਵਿਚਕਾਰ ਗੱਲਬਾਤ ਦਾ ਨਵਾਂ ਦੌਰ ਸ਼ੁਰੂ ਕਰਨ ਲਈ ਸਮਾਂ ਮਿਲ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ ਨੂੰ ਇਕਪਾਸੜ ਤੌਰ 'ਤੇ ਅਣਮਿੱਥੇ ਸਮੇਂ ਲਈ ਵਧਾਇਆ ਹੈ। ਦੱਸ ਦਈਏ ਕਿ *ਬਾਕੀ ਸਫ਼ਾ 2 'ਤੇ

# ਅਫਗਾਨਿਸਤਾਨ 'ਚ ਮੌਸਮ ਨੇ ਮਚਾਈ ਤਬਾਹੀ

## ਹੁਣ ਤੱਕ 148 ਲੋਕਾਂ ਦੀ ਮੌਤ, 73 ਹਜ਼ਾਰ ਤੋਂ ਵੱਧ ਲੋਕ ਪ੍ਰਭਾਵਿਤ



(ਪੰਜਾਬ ਸਟਾਰ ਬਿਓਰੋ): ਅਫ਼ਗਾਨਿਸਤਾਨ ਵਿੱਚ ਪਿਛਲੇ ਦੋ ਹਫ਼ਤਿਆਂ ਵਿੱਚ ਮੌਸਮ ਨੇ ਤਬਾਹੀ ਮਚਾਈ ਹੋਈ ਹੈ। ਭਾਰੀ ਮੀਂਹ, ਹੜ੍ਹ, ਜ਼ਮੀਨ ਖਿਸਕਣ, ਭੂਚਾਲ ਅਤੇ ਬਿਜਲੀ ਡਿੱਗਣ ਵਰਗੀਆਂ ਘਟਨਾਵਾਂ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਨ੍ਹਾਂ ਆਫ਼ਤਾਂ ਵਿੱਚ ਹੁਣ ਤੱਕ 148 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 216 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ। ਹਾਲਾਤ ਇੰਨੇ ਮਾੜੇ ਹਨ ਕਿ ਹਜ਼ਾਰਾਂ ਪਰਿਵਾਰ ਬੇਘਰ ਹੋ ਗਏ ਹਨ ਅਤੇ ਕਈ ਖੇਤਰਾਂ ਵਿਚ ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ।

ਜਾਣਕਾਰੀ ਅਨੁਸਾਰ ਅਫਗਾਨਿਸਤਾਨ ਦੇ ਕਈ ਹਿੱਸਿਆਂ 'ਚ ਲਗਾਤਾਰ ਖਰਾਬ ਮੌਸਮ ਕਾਰਨ ਤਬਾਹੀ ਵਧ ਰਹੀ ਹੈ। ਰਾਹਤ ਏਜੰਸੀਆਂ ਮੁਤਾਬਿਕ ਇਹ ਆਫ਼ਤ ਨਾ ਸਿਰਫ਼ ਜਾਨ-ਮਾਲ ਦਾ ਨੁਕਸਾਨ ਕਰ ਰਹੀ ਹੈ ਸਗੋਂ ਦੇਸ਼ ਵਿੱਚ ਮਨੁੱਖੀ ਸੰਕਟ ਵੀ ਪੈਦਾ ਕਰ ਰਹੀ ਹੈ। ਦਿਹਾਤੀ ਅਤੇ ਕਮਜ਼ੋਰ ਖੇਤਰਾਂ ਵਿੱਚ ਸਥਿਤੀ ਵਧੇਰੇ ਗੰਭੀਰ ਹੈ, ਜਿੱਥੇ ਲੋਕਾਂ ਕੋਲ ਸੁਰੱਖਿਆ ਦੇ ਸਾਧਨ ਵੀ ਨਹੀਂ ਹਨ। *ਬਾਕੀ ਸਫ਼ਾ 2 'ਤੇ

## ਅਮਰੀਕੀ ਸ਼ਹਿਰ ਸ਼੍ਰੀਵਪੋਰਟ 'ਚ ਗੋਲੀਬਾਰੀ 8 ਬੱਚਿਆਂ ਦੀ ਮੌਤ



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ):: ਅਮਰੀਕਾ ਦੇ ਲੁਈਜ਼ਿਆਨਾ ਸੂਬੇ ਦੇ ਸ਼੍ਰੀਵਪੋਰਟ ਸ਼ਹਿਰ ਵਿਚ ਐਤਵਾਰ ਸਵੇਰੇ ਇਕ ਭਿਆਨਕ ਘਟਨਾ ਵਾਪਰੀ। ਸੀਡਰ ਗਰੋਵ ਇਲਾਕੇ ਵਿਚ ਹੋਈ ਗੋਲੀਬਾਰੀ ਵਿਚ ਘੱਟੋ-ਘੱਟ 8 ਬੱਚਿਆਂ ਦੀ ਮੌਤ ਹੋ ਗਈ ਹੈ। ਮਾਰੇ ਗਏ ਬੱਚਿਆਂ ਦੀ ਉਮਰ 18 ਮਹੀਨੇ ਤੋਂ 14 ਸਾਲ ਤਕ ਦੱਸੀ ਜਾ ਰਹੀ ਹੈ। ਇਸ ਘਟਨਾ ਨੇ ਪੂਰੇ ਸ਼ਹਿਰ ਨੂੰ ਹਿਲਾ ਕੇ ਰੱਖ ਦਿਤਾ ਹੈ।ਪੁਲਿਸ ਅਨੁਸਾਰ, ਇਹ ਹਿੰਸਾ ਇਕ ਘਰੇਲੂ *ਬਾਕੀ ਸਫ਼ਾ 2 'ਤੇ

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਬਿੱਲ ਰਾਜਪਾਲ ਦੀ ਪ੍ਰਵਾਨਗੀ ਤੋਂ ਬਾਅਦ ਬਣਿਆ ਕਾਨੂੰਨ

### ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਹਿਗੁਰੂ ਅਤੇ ਸੰਗਤ ਦਾ ਕੀਤਾ ਧੰਨਵਾਦ



ਚੰਡੀਗੜ੍ਹ, (ਪੰਜਾਬ ਸਟਾਰ ਬਿਓਰੋ):: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਬਿੱਲ ਹੁਣ ਰਾਜਪਾਲ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਅਧਿਕਾਰਤ ਤੌਰ 'ਤੇ ਕਾਨੂੰਨ ਬਣ ਗਿਆ ਹੈ। ਇਹ ਪਵਿੱਤਰ ਗ੍ਰੰਥ ਦੀ ਮਰਿਆਦਾ ਦੀ ਰਾਖੀ ਲਈ ਇੱਕ ਮਹੱਤਵਪੂਰਨ ਵਿਧਾਨਕ ਕਦਮ ਹੈ।

ਐਕਸ 'ਤੇ ਇੱਕ ਪੋਸਟ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, *ਬਾਕੀ ਸਫ਼ਾ 2 'ਤੇ

## ਟੋਰਾਂਟੋ ਡਾਊਨਟਾਊਨ ਨਗਰ ਕੀਰਤਨ 26 ਅਪ੍ਰੈਲ ਦਿਨ ਐਤਵਾਰ ਨੂੰ






ਸਟਾਰ ਨਿਊਜ਼:- ਉਨਟੈਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ ਵਲੋਂ ਇਸ ਸਾਲ ਦੇ 327ਵੇਂ ਖ਼ਾਲਸਾ ਸਾਜਨਾ ਦਿਵਸ ਸਬੰਧੀ ਮਹਾਨ ਨਗਰ ਕੀਰਤਨ 26 ਅਪ੍ਰੈਲ 2026 ਦਿਨ ਐਤਵਾਰ ਨੂੰ ਟੋਰਾਂਟੋ ਡਾਊਨਟਾਊਨ ਵਿਖੇ ਅਯੋਜਿਤ ਕੀਤਾ ਜਾ ਰਿਹਾ ਹੈ। ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਹੈਰੀਟੇਜ ਮੰਥ ਵਜੋਂ ਵੀ ਮਨਾਇਆ ਜਾਂਦਾ ਹੈ। ਅਪ੍ਰੈਲ ਮਹੀਨੇ ਵਿੱਚ ਹੀ ਪਿਛਲੇ ਲੰਬੇ ਸਮੇਂ ਤੋਂ ਉਨਟੈਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ ਵਲੋਂ *ਬਾਕੀ ਸਫ਼ਾ 2 'ਤੇ

## ਲੱਖਾਂ ਪ੍ਰਵਾਸੀਆਂ ਨੇ ਅਮਰੀਕਾ ਦਾ ਸਿਟੀਜਨ ਬਣਨ ਤੋਂ ਕੀਤੀ ਤੌਬਾ


* ਗਰੀਨ ਕਾਰਡ ਨਾਲ ਜ਼ਿੰਦਗੀ ਲੰਘਾਉਣ ਦਾ ਲਿਆ ਫ਼ੈਸਲਾ
* ਵੱਡੀ ਗਿਣਤੀ ਵਿਚ ਰੱਦ ਹੋ ਰਹੀਆਂ ਸਿਟੀਜ਼ਨਸ਼ਿਪ ਅਰਜ਼ੀਆਂ




ਵਾਸ਼ਿੰਗਟਨ (ਪੰਜਾਬ ਸਟਾਰ ਬਿਓਰੋ): ਟਰੰਪ ਸਰਕਾਰ ਵੱਲੋਂ ਆਨੇ-ਬਹਾਨੇ ਗਰੀਨ ਕਾਰਡ ਵਾਲਿਆਂ ਨੂੰ ਵੀ ਡਿਪੋਰਟ ਕੀਤੇ ਜਾਣ ਮਗਰੋਂ ਪ੍ਰਵਾਸੀਆਂ ਨੇ ਅਮਰੀਕੀ ਦੀ ਸਿਟੀਜ਼ਨਸ਼ਿਪ ਤੋਂ ਪਾਸਾ ਵੱਟਣਾ ਸ਼ੁਰੂ ਕਰ ਦਿਤਾ ਹੈ। ਜੀ ਹਾਂ, ਅਕਤੂਬਰ 2025 ਵਿਚ ਇਕ ਲੱਖ 69 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੇ ਸਿਟੀਜ਼ਨਸ਼ਿਪ ਅਰਜ਼ੀਆਂ ਦਾਖ਼ਲ ਕੀਤੀਆਂ ਪਰ ਨਵੰਬਰ ਵਿਚ ਅੰਕੜਾ ਸਿਰਫ਼ 42 ਹਜ਼ਾਰ ਰਹਿ ਗਿਆ। ਦੂਜੇ ਪਾਸੇ ਅਕਤੂਬਰ 2025 ਵਿਚ ਅਮਰੀਕਾ ਦੇ ਨਾਗਰਿਕ ਬਣਨ ਵਾਲਿਆਂ ਦੀ ਗਿਣਤੀ ਸਿਰਫ਼ 58 ਹਜ਼ਾਰ ਦਰਜ ਕੀਤੀ ਗਈ ਅਤੇ ਇਸ ਜਨਵਰੀ ਵਿਚ ਅੰਕੜਾ ਸਿਰਫ਼ 33 ਹਜ਼ਾਰ ਤੱਕ ਸੀਮਤ ਹੋ ਗਿਆ। ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਹੁਣ ਸਿਟੀਜ਼ਨਸ਼ਿਪ ਅਰਜ਼ੀਆਂ ਦੀ ਪ੍ਰੋਸੈਸਿੰਗ ਕਰਦਿਆਂ ਸਬੰਧਤ ਪ੍ਰਵਾਸੀਆਂ ਦੇ ਪਿਛੋਕੜ, ਕਿਹੜੇ-ਕਿਹੜੇ ਮੁਲਕਾਂ ਵਿਚ ਸਫ਼ਰ ਕੀਤਾ ਅਤੇ ਗੁਆਂਢੀਆਂ ਦੀ ਰਾਏ ਦਰਜ ਕੀਤੀ ਜਾਂਦੀ ਹੈ।

ਟਰੰਪ ਸਰਕਾਰ ਵੱਲੋਂ 34 ਸਾਲ ਪੁਰਾਣਾ ਨਿਯਮ ਮੁੜ ਲਾਗੂ ਕਰ ਦਿਤਾ ਗਿਆ ਹੈ ਜਿਸ ਤਹਿਤ ਸਿਟੀਜ਼ਨਸ਼ਿਪ ਅਰਜ਼ੀਆਂ ਦੀ ਪ੍ਰੋਸੈਸਿੰਗ ਦੌਰਾਨ ਨਿਜੀ ਮਾਮਲਿਆਂ ਦੀ ਪੁਣ-ਛਾਣ ਆਰੰਭ ਦਿਤੀ ਗਈ ਹੈ। ਦੂਜੇ ਸ਼ਬਦਾਂ ਵਿਚ ਕਹਿ ਲਿਆ ਜਾਵੇ ਤਾਂ * ਬਾਕੀ ਸਫ਼ਾ 2 'ਤੇ

## ਆਸਟਰੇਲੀਆ 'ਚ ਰਹਿ ਰਹੇ ਨੇ 77 ਹਜ਼ਾਰ ਗੈਰ-ਕਾਨੂੰਨੀ ਪਰਵਾਸੀ; ਫੜੋ-ਫੜੀ ਤੇਜ਼



ਆਸਟਰੇਲੀਆ (ਪੰਜਾਬ ਸਟਾਰ ਬਿਓਰੋ): ਹਾਲ ਹੀ ਵਿੱਚ ਆਸਟਰੇਲੀਆ ਦੇ ਗ੍ਰਹਿ ਵਿਭਾਗ ਵੱਲੋਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਨੇ ਚਰਚਾ ਛੇੜ ਦਿੱਤੀ ਹੈ। ਰਿਪੋਰਟ ਦੇ ਅਨੁਸਾਰ, ਇਸ ਸਮੇਂ 77,000 ਤੋਂ ਵੱਧ ਪਰਵਾਸੀ ਲੋਕ ਆਸਟਰੇਲੀਆ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ।

ਵੇਰਵਿਆਂ ਮੁਤਾਬਕ, ਇਨ੍ਹਾਂ ਵਿੱਚੋਂ ਲਗਪਗ 60 ਫ਼ੀਸਦੀ ਲੋਕ ਅਜਿਹੇ ਹਨ ਜੋ ਵੀਜ਼ਾ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਉੱਥੇ ਰੁਕੇ ਹੋਏ ਹਨ, ਜਦੋਂ ਕਿ ਬਾਕੀ ਰਹਿੰਦੇ ਲੋਕ ਉਹ ਹਨ ਜਿਨ੍ਹਾਂ ਦੇ ਵੀਜ਼ੇ ਸਰਕਾਰ ਵੱਲੋਂ ਰੱਦ ਕੀਤੇ ਜਾ ਚੁੱਕੇ ਹਨ। ਅੰਦਾਜ਼ਾ ਲਗਾਇਆ ਗਿਆ ਹੈ ਕਿ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਸ ਸੂਚੀ ਵਿੱਚ ਸ਼ਾਮਲ ਹੁੰਦੇ ਜਾ ਰਹੇ ਹਨ।

ਉੱਥੇ ਹੀ ਸਰਕਾਰ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਨਿਗਰਾਨੀ ਅਤੇ ਡਿਪੋਰਟ ਦੀਆਂ ਕਾਰਵਾਈਆਂ ਵਿੱਚ ਵਾਧਾ ਹੋਇਆ ਹੈ। ਹਜ਼ਾਰਾਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ * ਬਾਕੀ ਸਫ਼ਾ 2 'ਤੇ

## ਪੰਜਾਬ ਭਰ 'ਚ ਹੋਵੇਗਾ Blackout !

### ਸ਼ੁੱਕਰਵਾਰ ਰਾਤ 8 ਵਜੇ ਤੋਂ 8:15 ਤੱਕ ਕੀਤੀ ਜਾਵੇਗੀ ਬਲੈਕਆਊਟ ਮੌਕ ਡ੍ਰਿੱਲ



(ਪੰਜਾਬ ਸਟਾਰ ਬਿਓਰੋ): ਪੰਜਾਬ ਭਰ ਵਿਚ 24 ਅਪ੍ਰੈਲ ਯਾਨੀ ਸ਼ੁੱਕਰਵਾਰ ਨੂੰ ਬਲੈਕਆਊਟ ਹੋਵੇਗਾ। ਰਾਤ 8.00 ਵਜੇ ਤੋਂ 8:15 ਵਜੇ ਤੱਕ ਇਹ ਮੌਕ ਡਰਿਲ ਕੀਤੀ ਜਾਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਅਤੇ ਅਗਰ ਨਗਰ ਪੀ.ਐਸ.ਪੀ.ਸੀ.ਐਲ ਡਵੀਜ਼ਨ ਅਧੀਨ ਆਉਂਦੇ ਖੇਤਰਾਂ ਵਿੱਚ ਸ਼ੁੱਕਰਵਾਰ ਨੂੰ ਰਾਤ 8:00 ਵਜੇ ਤੋਂ 8:15 ਵਜੇ ਤੱਕ ਇੱਕ ਬਲੈਕਆਊਟ ਮੌਕ ਡਰਿੱਲ ਕੀਤੀ ਜਾਵੇਗੀ।

ਅਧਿਕਾਰੀਆਂ ਨਾਲ ਇੱਕ ਮੀਟਿੰਗ ਦੌਰਾਨ ਸਹਾਇਕ ਕਮਿਸ਼ਨਰ ਪਾਇਲ ਗੋਇਲ ਨੇ ਨਿਵਾਸੀਆਂ ਨੂੰ ਹਰ ਤਰ੍ਹਾਂ ਦੀਆਂ ਲਾਈਟਾਂ ਬੰਦ ਕਰਕੇ ਬਲੈਕਆਊਟ ਅਭਿਆਸ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਨਾਗਰਿਕਾਂ ਨੂੰ ਸੁਚੇਤ ਕਰਨ ਲਈ ਧਾਰਮਿਕ ਸਥਾਨਾਂ ਤੋਂ ਜਨਤਕ ਘੋਸ਼ਣਾਵਾਂ ਦੇ ਨਾਲ ਲਗਭਗ 7:55 ਵਜੇ ਇੱਕ ਸਾਇਰਨ ਵਜਾਇਆ ਜਾਵੇਗਾ। ਸਾਇਰਨ ਤੋਂ ਤੁਰੰਤ ਬਾਅਦ ਪੀ.ਐਸ.ਪੀ.ਸੀ.ਐਲ * ਬਾਕੀ ਸਫ਼ਾ 2 'ਤੇ

## 30 ਹਜ਼ਾਰ ਤੋਂ ਵੱਧ ਇਮੀਗ੍ਰਾਂਟਸ ਨੂੰ ਕੈਨੇਡਾ ਛੱਡਣ ਦੇ ਹੁਕਮ

* ਬਿਲ ਸੀ-12 ਸੇਕ ਲੱਗਣਾ ਸ਼ੁਰੂ, ਹਜ਼ਾਰਾਂ ਭਾਰਤੀ ਮਾਰ ਹੇਠ
* ਅਸਾਇਲਮ ਅਰਜ਼ੀਆਂ 'ਤੇ ਵਿਚਾਰ ਕਰਨ ਤੋਂ ਕੀਤੀ ਜਾ ਰਿਹਾ ਇਨਕਾਰ




ਔਟਵਾ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਬਿਲ ਸੀ-12 ਦਾ ਪਹਿਲਾ ਸੇਕ ਸੈਂਕੜੇ ਪੰਜਾਬੀਆਂ ਸਣੇ 30 ਹਜ਼ਾਰ ਤੋਂ ਵੱਧ ਲੋਕਾਂ ਨੂੰ ਲੱਗਿਆ ਹੈ ਜਿਨ੍ਹਾਂ ਨੂੰ ਜਲਦ ਤੋਂ ਜਲਦ ਮੁਲਕ ਛੱਡਣ ਦੇ ਹੁਕਮ ਜਾਰੀ ਕਰ ਦਿਤੇ ਗਏ। ਜੀ ਹਾਂ, ਇੰਮੀਗ੍ਰੇਸ਼ਨ ਵਿਭਾਗ ਦੀਆਂ ਚਿੱਠੀਆਂ ਮਿਲਦਿਆਂ ਹੀ ਹਜ਼ਾਰਾਂ ਲੋਕਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਜਿਨ੍ਹਾਂ ਦੀਆਂ ਅਸਾਇਲਮ ਅਰਜ਼ੀਆਂ ਉਤੇ ਵਿਚਾਰ ਕਰਨ ਤੋਂ ਸਾਫ਼ ਨਾਂਹ ਕਰ ਦਿਤੀ ਗਈ ਹੈ। ਕੈਨੇਡੀਅਨ ਇੰਮੀਗ੍ਰੇਸ਼ਨ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਜਦੋਂ ਇਕੋ ਵੇਲੇ ਐਨੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਜੁੱਲੀ ਬਿਸਤਰਾ ਇਕੱਠਾ ਕਰ ਕੇ ਜਹਾਜ਼ ਚੜ੍ਹਨ ਦੀ ਹਦਾਇਤ ਦਿਤੀ ਗਈ ਹੈ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਚਿੱਠੀਆਂ ਵਿਚ ਲਿਖਿਆ ਗਿਆ ਹੈ ਕਿ ਰਫ਼ਿਊਜੀ ਵਜੋਂ ਤੁਹਾਡਾ ਦਾਅਵਾ ਸੰਭਾਵਤ ਤੌਰ 'ਤੇ ਜਾਇਜ਼ ਨਹੀਂ ਜਿਸ ਦੇ ਮੱਦੇਨਜ਼ਰ *ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਪੱਕੇ ਹੋਣ ਦਾ ਸੁਪਨਾ ਹੋਇਆ ਧੁੰਦਲਾ:

### ਨਵੇਂ ਇਮੀਗ੍ਰੇਸ਼ਨ ਕਾਨੂੰਨਾਂ ਨੇ ਪੰਜਾਬੀ ਵਿਦਿਆਰਥੀਆਂ ਦੀ ਵਧਾਈ ਚਿੰਤਾ



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਸਰਕਾਰ ਵੱਲੋਂ ਸਟੱਡੀ ਵੀਜ਼ਾ ਅਤੇ ਇਮੀਗ੍ਰੇਸ਼ਨ ਨਿਯਮਾਂ ਵਿੱਚ ਕੀਤੇ ਗਏ ਤਾਜ਼ਾ ਬਦਲਾਅ ਪੰਜਾਬੀ ਵਿਦਿਆਰਥੀਆਂ ਲਈ ਵੱਡੀ ਮੁਸੀਬਤ ਬਣ ਕੇ ਸਾਹਮਣੇ ਆਏ ਹਨ। ਨਵੇਂ ਨਿਯਮਾਂ ਨੇ ਨਾ ਸਿਰਫ਼ ਕੈਨੇਡਾ ਜਾਣ ਵਾਲਿਆਂ ਦੀ ਗਿਣਤੀ ਘਟਾ ਦਿੱਤੀ ਹੈ, ਸਗੋਂ ਉੱਥੇ ਰਹਿ ਰਹੇ ਹਜ਼ਾਰਾਂ ਵਿਦਿਆਰਥੀਆਂ ਦੀ ਪੱਕੀ ਰਿਹਾਇਸ਼ (PR) ਦੀ ਉਮੀਦ 'ਤੇ ਵੀ ਪਾਣੀ ਫੇਰ ਦਿੱਤਾ ਹੈ।

ਨਿਯਮਾਂ ਵਿੱਚ ਸਖ਼ਤੀ ਅਤੇ ਬਦਲਾਅ

ਕੈਨੇਡਾ ਸਰਕਾਰ ਨੇ ਸਟੱਡੀ ਵੀਜ਼ਾ ਕੋਟੇ ਵਿੱਚ ਕਟੌਤੀ ਕਰਨ ਦੇ ਨਾਲ-ਨਾਲ ਕਈ ਹੋਰ ਸਖ਼ਤ ਸ਼ਰਤਾਂ ਲਾਗੂ ਕਰ ਦਿੱਤੀਆਂ ਹਨ। ਜਿਵੇਂ ਕਿ ਘੱਟੋ-ਘੱਟ ਬੈਂਕ ਬੈਲੈਂਸ (GIC) ਦੀ ਰਾਸ਼ੀ ਵਿੱਚ ਭਾਰੀ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੁਣ ਕਾਲਜ ਬਦਲਣ * ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਅਮਰੀਕਾ-ਈਰਾਨ ਯੁੱਧ...

ਮੌਤਾਂ ਖੇਤਰ ਵਿੱਚ ਤਣਾਅ ਅਤੇ ਅਨਿਸ਼ਚਿਤਤਾ ਨੂੰ ਹੋਰ ਵਧਾ ਰਹੀਆਂ ਹਨ।

ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਮ੍ਰਿਤਕਾਂ ਵਿੱਚੋਂ 383 ਵਿੱਚ 18 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਸ਼ਾਮਿਲ ਸਨ। ਇਹ ਅੰਕੜਾ ਯੁੱਧ ਦੀ ਗੰਭੀਰਤਾ ਨੂੰ ਹੋਰ ਵੀ ਉਜਾਗਰ ਕਰਦਾ ਹੈ। ਰਿਪੋਰਟ ਦੇ ਅਨੁਸਾਰ, ਮ੍ਰਿਤਕਾਂ ਵਿੱਚ 2,875 ਪੁਰਸ਼ ਅਤੇ 496 ਔਰਤਾਂ ਸ਼ਾਮਿਲ ਸਨ। ਹਾਲਾਂਕਿ, ਇਹ ਅੰਕੜੇ ਆਮ ਨਾਗਰਿਕਾਂ ਅਤੇ ਸੁਰੱਖਿਆ ਬਲਾਂ ਵਿਚਕਾਰ ਕੋਈ ਸਪੱਸ਼ਟ ਅੰਤਰ ਨਹੀਂ ਕਰਦੇ। ਅਧਿਕਾਰੀਆਂ ਦੇ ਅਨੁਸਾਰ, ਮ੍ਰਿਤਕਾਂ ਵਿੱਚੋਂ ਸਿਰਫ਼ ਚਾਰ ਦੀ ਪਛਾਣ ਅਜੇ ਬਾਕੀ ਹੈ।

## ਅਫਗਾਨਿਸਤਾਨ 'ਚ...

ਪੂਰਬੀ ਅਫਗਾਨਿਸਤਾਨ ਦਾ ਨੰਗਰਹਾਰ ਸੂਬਾ ਇਸ ਆਫਤ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ ਹੈ। ਇੱਥੇ ਪਿਛਲੇ ਦੋ ਦਿਨਾਂ ਵਿੱਚ ਹੀ 24 ਲੋਕਾਂ ਦੀ ਮੌਤ ਹੋ ਗਈ ਹੈ ਅਤੇ 33 ਲੋਕ ਜ਼ਖਮੀ ਹੋਏ ਹਨ। ਛੱਤ ਡਿੱਗਣ, ਹੜ੍ਹ ਦੇ ਪਾਣੀ ਅਤੇ ਹਨੇਰੀ ਕਾਰਨ ਕਈ ਲੋਕਾਂ ਦੀ ਜਾਨ ਚਲੀ ਗਈ। ਖੇਤਰ ਦੇ 1,149 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਅਤੇ ਸੜਕਾਂ, ਖੇਤੀਬਾੜੀ ਅਤੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਰਿਪੋਰਟਾਂ ਅਨੁਸਾਰ 7,500 ਤੋਂ ਵੱਧ ਪਰਿਵਾਰ ਇਸ ਆਫ਼ਤ ਨਾਲ ਪ੍ਰਭਾਵਿਤ ਹੋਏ ਹਨ। ਹੜ੍ਹਾਂ ਦੇ ਪਾਣੀ ਨੇ ਪਿੰਡਾਂ ਅਤੇ ਸ਼ਹਿਰਾਂ ਨੂੰ ਡੋਬ ਦਿੱਤਾ ਹੈ। ਬਹੁਤ ਸਾਰੇ ਲੋਕ ਫਸੇ ਹੋਏ ਸਨ ਅਤੇ ਉਨ੍ਹਾਂ ਨੂੰ ਹਵਾਈ ਜਹਾਜ਼ ਰਾਹੀਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਸੜਕਾਂ ਟੁੱਟਣ ਕਾਰਨ ਕਾਬੁਲ ਅਤੇ ਹੋਰ ਸੂਬਿਆਂ ਵਿਚਕਾਰ ਸੰਚਾਰ ਵਿੱਚ ਵੀ ਵਿਘਨ ਪਿਆ ਹੈ, ਜਿਸ ਨਾਲ ਰਾਹਤ ਕਾਰਜਾਂ ਵਿੱਚ ਰੁਕਾਵਟ ਆ ਰਹੀ ਹੈ। ਮੌਸਮ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹਾਲਾਤ ਹੋਰ ਵਿਗੜ ਸਕਦੇ ਹਨ। ਇਸ ਕਾਰਨ ਲੋਕਾਂ ਵਿੱਚ ਡਰ ਵਧ ਗਿਆ ਹੈ ਕਿ ਮੌਤਾਂ ਅਤੇ ਤਬਾਹੀ ਦੀ ਗਿਣਤੀ ਹੋਰ ਵੱਧ ਸਕਦੀ ਹੈ। ਅਫਗਾਨਿਸਤਾਨ ਜੋ ਪਹਿਲਾਂ ਹੀ ਲਗਾਤਾਰ ਤਬਾਹੀ ਨਾਲ ਜੂਝ ਰਿਹਾ ਹੈ, ਇਸ ਵਾਰ ਇਕ ਵਾਰ ਫਿਰ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ।

## ਅਮਰੀਕੀ ਸ਼ਹਿਰ...

ਵਿਵਾਦ ਨਾਲ ਜੁੜੀ ਹੋਈ ਲਗਦੀ ਹੈ। ਗੋਲੀਬਾਰੀ ਤਿੰਨ ਵੱਖ-ਵੱਖ ਥਾਵਾਂ ਉਤੇ ਹੋਈ। ਸੱਭ ਤੋਂ ਵੱਡੀ ਘਟਨਾ ਵੈਸਟ 79ਵੀਂ ਸਟ੍ਰੀਟ ਉਤੇ ਵਾਪਰੀ, ਜਿੱਥੇ ਬੱਚਿਆਂ ਦੀ ਜਾਨ ਗਈ। ਇਸ ਤੋਂ ਇਲਾਵਾ, ਬੋਸਿਯਰ ਪੈਰਿਸ਼ ਵਿਚ ਵੀ ਗੋਲੀਬਾਰੀ ਦੇ ਕੇਸ ਦਰਜ ਕੀਤੇ ਗਏ। ਦੋ ਬਾਲਗ ਔਰਤਾਂ ਨੂੰ ਸਿਰ ਵਿਚ ਗੋਲੀ ਲੱਗੀ ਪਰ ਉਹ ਜ਼ਿੰਦਾ ਹਨ। ਇਕ ਨਾਬਾਲਗ ਮੁੰਡੇ ਨੇ ਛੱਤ ਤੋਂ ਛਾਲ ਮਾਰ ਕੇ ਅਪਣੀ ਜਾਨ ਬਚਾਈ, ਹਾਲਾਂਕਿ ਉਹ ਜ਼ਖ਼ਮੀ ਹੋ ਗਿਆ। ਸ਼ੱਕੀ ਹਮਲਾਵਰ, ਜੋ ਕਿ ਇਕ ਬਾਲਗ ਆਦਮੀ ਸੀ, ਜੋ ਕਿ ਬਾਅਦ ਵਿਚ ਮਾਰਿਆ ਗਿਆ। ਪੁਲਿਸ ਨੇ ਇਲਾਕੇ ਵਿਚ ਲਗਭਗ 30 ਯੂਨਿਟ ਤਾਇਨਾਤ ਕੀਤੇ ਹਨ ਅਤੇ ਜਾਂਚ ਜਾਰੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਘਟਨਾ ਪਰਵਾਰਕ ਤਣਾਅ ਕਾਰਨ ਵਾਪਰੀ ਹੋ ਸਕਦੀ ਹੈ। ਇਸ ਹਾਦਸੇ ਨੇ ਸਥਾਨਕ ਲੋਕਾਂ ਵਿਚ ਡਰ ਅਤੇ ਗ਼ਮ ਦਾ ਮਾਹੌਲ ਪੈਦਾ ਕਰ ਦਿਤਾ ਹੈ। ਲੋਕਾਂ ਨੇ ਮਾਰੇ ਗਏ ਬੱਚਿਆਂ ਲਈ ਸੋਗ ਪ੍ਰਗਟ ਕੀਤਾ ਹੈ ਅਤੇ ਸਮਾਜ ਵਿਚ ਹਿੰਸਾ ਰੋਕਣ ਲਈ ਕੜੇ ਕਦਮ ਚੁੱਕਣ ਦੀ ਮੰਗ ਕੀਤੀ ਹੈ।

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ...

"ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਵਿਧਾਨ ਸਭਾ ਵਿੱਚ ਪਾਸ ਕੀਤੇ ਬਿੱਲ 'ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਦਸਤਖਤ ਕਰ ਦਿੱਤੇ ਹਨ। ਹੁਣ ਇਹ ਬਿੱਲ ਕਾਨੂੰਨ ਬਣ ਗਿਆ ਹੈ। ਮੈਂ ਵਾਹਿਗੁਰੂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਇਸ ਨਿਮਾਣੇ ਸੇਵਕ ਨੂੰ ਅਜਿਹੀ ਸੇਵਾ ਬਖਸ਼ੀ। ਸਮੁੱਚੀ ਸੰਗਤ ਦਾ ਤਹਿ ਦਿਲੋਂ ਧੰਨਵਾਦ।" ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਵਿਕਾਸ ਨੂੰ ਸਾਰਿਆਂ ਲਈ "ਬੇਹੱਦ ਸ਼ੁਭ ਅਤੇ ਇਤਿਹਾਸਕ ਪਲ" ਕਰਾਰ ਦਿੱਤਾ। ਉਨ੍ਹਾਂ ਕਿਹਾ, "ਇਹ ਸਾਰਿਆਂ ਲਈ ਬਹੁਤ ਹੀ ਸ਼ੁਭ ਅਤੇ ਇਤਿਹਾਸਕ ਪਲ ਹੈ। ਵਿਸਾਖੀ ਦੇ ਮੌਕੇ 'ਤੇ 13 ਅਪ੍ਰੈਲ ਨੂੰ ਪਾਸ ਕੀਤਾ ਗਿਆ ਬਿੱਲ ਹੁਣ 'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ, 2026' ਵਜੋਂ ਲਾਗੂ ਹੋ ਗਿਆ ਹੈ। ਮੈਂ ਨਾ ਸਿਰਫ਼ ਸਿੱਖਾਂ ਨੂੰ, ਸਗੋਂ ਉਨ੍ਹਾਂ ਸਾਰੇ ਧਰਮਾਂ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਰੱਖਦੇ ਹਨ, ਕਿਉਂਕਿ ਇਹ ਕਾਨੂੰਨ ਕਰੋੜਾਂ ਲੋਕਾਂ ਦੇ ਸਾਂਝੇ ਵਿਸ਼ਵਾਸ ਅਤੇ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ।" ਕੈਬਨਿਟ ਮੰਤਰੀ ਬਲਜੀਤ ਕੌਰ ਨੇ ਕਿਹਾ, "ਇਹ ਇੱਕ ਭਾਗਾਂ ਵਾਲਾ ਅਤੇ ਇਤਿਹਾਸਕ ਦਿਨ ਹੈ। ਇਹ ਕਾਨੂੰਨ ਉਨ੍ਹਾਂ ਲੋਕਾਂ ਵਿਰੁੱਧ ਇੱਕ ਸਖ਼ਤ ਰੋਕ ਵਜੋਂ ਕੰਮ ਕਰੇਗਾ ਜੋ ਸਮਾਜ ਵਿੱਚ ਵੰਡ ਪਾਉਣ ਦੇ ਇਰਾਦੇ ਨਾਲ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਸਨ। ਮਾਨ ਸਰਕਾਰ ਨੇ ਉਹ ਕਰ ਦਿਖਾਇਆ ਹੈ ਜੋ ਪਿਛਲੀਆਂ ਸਰਕਾਰਾਂ ਪੰਥਕ ਕਦਰਾਂ-ਕੀਮਤਾਂ ਦੇ ਰਾਖੇ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਵੀ ਹਾਸਲ ਕਰਨ ਵਿੱਚ ਅਸਫਲ ਰਹੀਆਂ ਸਨ। ਇਹ ਕਾਨੂੰਨ ਸਖ਼ਤ ਸਜ਼ਾ ਯਕੀਨੀ ਬਣਾਏਗਾ ਅਤੇ ਧਰਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਦੀਆਂ ਕੋਸ਼ਿਸ਼ਾਂ ਨੂੰ ਰੋਕ ਕੇ ਫਿਰਕੂ ਸਦਭਾਵਨਾ ਨੂੰ ਉਤਸ਼ਾਹਿਤ ਕਰੇਗਾ।"

ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ, "ਪੰਜਾਬ ਲਈ ਇਹ ਇੱਕ ਇਤਿਹਾਸਕ ਦਿਨ ਹੈ। ਵਿਧਾਨ ਸਭਾ ਵਿੱਚ ਇਹ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਅਤੇ ਹੁਣ ਇਸ ਨੂੰ ਰਾਜਪਾਲ ਦੀ ਮਨਜ਼ੂਰੀ ਮਿਲ ਗਈ ਹੈ। ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦਲੇਰੀ ਅਤੇ ਇਮਾਨਦਾਰੀ ਨਾਲ ਇਹ ਬਿੱਲ ਪੇਸ਼ ਕਰਨ ਦਾ ਸਿਹਰਾ ਦਿੰਦਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਕਾਨੂੰਨ ਦੀਆਂ ਸਖ਼ਤ ਵਿਵਸਥਾਵਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਰੋਕ ਦੇਣਗੀਆਂ, ਕਿਉਂਕਿ ਦੋਸ਼ੀ ਹੁਣ ਅਜਿਹੀ ਹਰਕਤ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਗੇ।"

ਐਮਪੀ ਮਾਲਵਿੰਦਰ ਸਿੰਘ ਕੰਗ ਨੇ ਕਿਹਾ, "ਇਹ ਕਾਨੂੰਨ ਬੇਅਦਬੀ ਵਿਰੁੱਧ ਸਖ਼ਤ ਸਜ਼ਾ ਦੀ ਦੁਨੀਆ ਭਰ ਦੇ ਸਿੱਖਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਅਜਿਹੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਵਿੱਚ ਡਰ ਪੈਦਾ ਕਰੇਗਾ ਅਤੇ ਇਨਸਾਫ਼ ਯਕੀਨੀ ਬਣਾਏਗਾ। ਮੈਂ ਵਾਹਿਗੁਰੂ ਅਤੇ ਮਾਨ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਇੱਕ ਮਜ਼ਬੂਤ ਕਾਨੂੰਨੀ ਢਾਂਚੇ ਵਿੱਚ ਬਦਲਿਆ ਹੈ।" 'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਨੂੰ ਦੁਨੀਆ ਭਰ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਦੱਸਦਿਆਂ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ, "ਇਹ ਦੁਨੀਆ ਭਰ ਦੇ ਸਿੱਖਾਂ ਲਈ ਮਾਣ ਵਾਲਾ ਪਲ ਹੈ। ਇਹ ਕਾਨੂੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਹਤਰ ਸੁਰੱਖਿਆ ਯਕੀਨੀ ਬਣਾਏਗਾ। ਮੈਂ ਦੁਨੀਆ ਭਰ ਦੀ ਸਿੱਖ ਸੰਗਤ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਨੂੰ ਸੰਭਵ ਬਣਾਉਣ ਲਈ ਮੁੱਖ ਮੰਤਰੀ ਅਤੇ ਰਾਜਪਾਲ ਦਾ ਧੰਨਵਾਦ ਕਰਦਾ ਹਾਂ।" ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਿਆਂ ਪਾਰਟੀ ਆਗੂਆਂ ਨੇ ਕਿਹਾ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਇਹ ਸਪੱਸ਼ਟ ਸੰਦੇਸ਼ ਜਾਂਦਾ ਹੈ ਕਿ ਕਿਸੇ ਵੀ ਕੀਮਤ 'ਤੇ ਬੇਅਦਬੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਧਾਰਮਿਕ ਸਦਭਾਵਨਾ ਦੀ ਰਾਖੀ ਕਰੇਗਾ ਅਤੇ ਸਾਰੇ ਪਵਿੱਤਰ ਗ੍ਰੰਥਾਂ ਦੀ ਮਰਿਆਦਾ ਨੂੰ ਬਹਾਲ ਰੱਖੇਗਾ। ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਅਤੇ ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਅੱਜ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਬੇਅਦਬੀ ਵਿਰੋਧੀ ਬਿੱਲ 'ਤੇ ਮਾਨਯੋਗ ਰਾਜਪਾਲ ਸਾਹਿਬ ਨੇ ਦਸਤਖਤ ਕਰ ਦਿੱਤੇ ਹਨ, ਜਿਸ ਨਾਲ ਇਹ ਬਿੱਲ ਹੁਣ ਕਾਨੂੰਨ ਦਾ ਰੂਪ ਧਾਰਨ ਕਰ ਗਿਆ ਹੈ। ਦੀਪਕ ਬਾਲੀ ਨੇ ਕਿਹਾ ਕਿ ਇਹ ਪੰਜਾਬ ਲਈ ਇਤਿਹਾਸਿਕ ਦਿਨ ਹੈ ਅਤੇ ਇਹ ਕਾਨੂੰਨ ਸਾਡੀਆਂ ਧਾਰਮਿਕ ਭਾਵਨਾਵਾਂ ਅਤੇ ਗੁਰੂ ਸਾਹਿਬਾਨ ਦੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਦਿਸ਼ਾ ਵਿੱਚ ਇੱਕ ਵੱਡਾ ਬਦਲਾਅ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਵੀ ਤਰੀਕੇ ਨਾਲ ਬੇਅਦਬੀ ਹੁਣ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਟੋਰਾਂਟੋ ਡਾਊਨਟਾਊਨ...

ਟੋਰਾਂਟੋ ਡਾਊਨਟਾਊਨ ਵਿਖੇ ਨਗਰ ਕੀਰਤਨ ਦਾ ਅਯੋਜਨ ਕੀਤਾ ਜਾ ਰਿਹਾ ਹੈ। ਕੈਨੇਡਾ ਵਿੱਚ ਇਹ ਤੀਜਾ ਵੱਡਾ ਸਮਾਗਮ ਹੁੰਦਾ ਹੈ। ਓਨਟਾਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ ਦੇ ਚੇਅਰਮੈਨ ਉਂਕਾਰ ਗਰੇਵਾਲ ਵਲੋਂ ਦੱਸਿਆ ਗਿਆ ਕਿ ਇਸ ਸਾਲ ਦੇ ਨਗਰ ਕੀਰਤਨ ਵਿੱਚ ਪਿਛਲੇ ਸਾਲਾਂ ਨਾਲੋਂ ਕੁੱਝ ਤਬਦੀਲੀ ਹੋਈ ਹੈ। ਇਸ ਸਾਲ ਦਾ ਨਗਰ ਕੀਰਤਨ ਟੋਰਾਂਟੋ ਸਿਟੀ ਹਾਲ ਤੋਂ ਹੀ ਸ਼ੁਰੂ ਹੋਵੇਗਾ ਅਤੇ ਸਿਟੀ ਹਾਲ ਵਿਖੇ ਹੀ ਸਮਾਪਤ ਹੋਵੇਗਾ। ਇਸ ਸਾਲ ਐਗਜ਼ੀਬਿਸ਼ਨ ਪਲੇਸ ਵਿਖੇ ਕੋਈ ਵੀ ਪਰੋਗਰਾਮ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਸਿਟੀ ਹਾਲ ਵਿਖੇ ਪਰੋਗਰਾਮ 11ਵਜੇ ਤੋਂ ਸ਼ਾਮ 5ਵਜੇ ਤੱਕ ਹੋਵੇਗਾ, ਨਗਰ ਕੀਰਤਨ ਤਕਰੀਬਨ 1:30 ਵਜੇ ਬੇਅ ਸਟ੍ਰੀਟ ਤੋਂ ਸ਼ੁਰੂ ਹੋਵੇਗਾ ਅਤੇ 3 ਵਜੇ ਦੇ ਕਰੀਬ ਯੂਨੀਵਰਸਿਟੀ ਐਵੇਨਿਊ 'ਤੇ ਸਮਾਪਤ ਹੋਵੇਗਾ ਉਸ ਤੋਂ ਬਾਅਦ ਸਿਟੀ ਹਾਲ ਵਿਖੇ ਸਮਾਗਮ ਹੋਣਗੇ ਜਿਹੜੇ ਤਕਰੀਬਨ ਸ਼ਾਮ 5 ਵਜੇ ਤੱਕ ਚੱਲਣਗੇ। ਉਂਕਾਰ ਗਰੇਵਾਲ ਵਲੋਂ ਸਮੂਹ ਸੰਗਤਾਂ ਨੂੰ ਇਸ ਮਹਾਨ ਨਗਰ ਕੀਰਤਨ ਵਿੱਚ ਹੁੰਮ ਹੁਮਾਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਜਿਹੜੀਆਂ ਸੰਗਤਾਂ ਬੱਸ ਰਾਹੀਂ ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋਣਾ ਚਾਹੁੰਦੀਆਂ ਹਨ ਤਾਂ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਹੈ। ਤੁਸੀਂ ਆਪਣੇ ਨੇੜਲੇ ਗੁਰਦੁਆਰਾ ਸਾਹਿਬ ਤੋਂ ਬੱਸਾਂ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

## ਰਾਸ਼ਟਰਪਤੀ ਟਰੰਪ...

ਟਰੰਪ ਨੇ ਜੰਗਬੰਦੀ ਵਧਾਉਣ ਦੇ ਲਈ ਪੂਰੀ ਸ਼ਾਂਤੀ ਵਾਰਤਾ ਵਿੱਚ ਵਿਚੋਲੇ ਵਜੋਂ ਕੰਮ ਕਰ ਰਹੇ ਪਾਕਿਸਤਾਨ ਦੇ ਫੌਜ ਮੁਖੀ ਅਸੀਮ ਮੁਨੀਰ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਦੀ ਕਥਿਤ ਬੇਨਤੀ ਦਾ ਹਵਾਲਾ ਦਿੱਤਾ। ਡੋਨਾਲਡ ਟਰੰਪ ਨੇ ਕਿਹਾ ਕਿ ਪਾਕਿਸਤਾਨ ਦੇ ਫੀਲਡ ਮਾਰਸ਼ਲ ਅਸੀਮ ਮੁਨੀਰ ਅਤੇ ਪੀਐਮ ਸ਼ਹਿਬਾਜ਼ ਸ਼ਰੀਫ ਨੇ ਮੈਨੂੰ ਜੰਗਬੰਦੀ ਵਧਾਉਣ ਦੀ ਬੇਨਤੀ ਕੀਤੀ। ਸਾਨੂੰ ਕਿਹਾ ਗਿਆ ਹੈ ਕਿ ਅਸੀਂ ਇਰਾਨ 'ਤੇ ਉਦੋਂ ਤੱਕ ਹਮਲਾ ਨਾ ਕਰੀਏ, ਜਦੋਂ ਤੱਕ ਉਨ੍ਹਾਂ ਦੇ ਨੇਤਾ ਅਤੇ ਪ੍ਰਤੀਨਿਧੀ ਸਰਵਸੰਮਤੀ ਨਾਲ ਕੋਈ ਪ੍ਰਸਤਾਵ ਲੈ ਕੇ ਨਹੀਂ ਆ ਜਾਂਦੇ।

ਟਰੰਪ ਨੇ ਕਿਹਾ ਕਿ ਇਸ ਅਪੀਲ 'ਤੇ ਧਿਆਨ ਦਿੰਦੇ ਹੋਏ ਉਨ੍ਹਾਂ ਨੇ ਅਮਰੀਕੀ ਫੌਜ ਨੂੰ ਹਮਲੇ ਨੂੰ ਫਿਲਹਾਲ ਰੋਕਣ ਦਾ ਹੁਕਮ ਦਿੱਤਾ ਹੈ। ਹਾਲਾਂਕਿ ਫੌਜ ਨੂੰ ਇਹ ਵੀ ਕਿਹਾ ਗਿਆ ਸੀ ਕਿ ਉਹ ਪੂਰੀ ਤਰ੍ਹਾਂ ਤਿਆਰ ਰਹੇ ਅਤੇ ਈਰਾਨ 'ਤੇ ਦਬਾਅ ਬਣਾਈ ਰੱਖਣ ਲਈ ਨਾਕਾਬੰਦੀ ਜਾਰੀ ਰਹੇਗੀ। ਇਸਤੋਂ ਇਲਾਵਾ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਜੰਗਬੰਦੀ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਈਰਾਨ ਇੱਕ ਠੋਸ ਅਤੇ ਏਕੀਕ੍ਰਿਤ ਪ੍ਰਸਤਾਵ ਪੇਸ਼ ਨਹੀਂ ਕਰਦਾ ਅਤੇ ਗੱਲਬਾਤ ਪੂਰੀ ਨਹੀਂ ਹੋ ਜਾਂਦੀ, ਨਤੀਜਾ ਕੁਝ ਵੀ ਹੋਵੇ। ਡੋਨਾਲਡ ਟਰੰਪ ਦੇ ਇਸ ਐਲਾਨ ਨਾਲ ਫਿਲਹਾਲ ਲਈ ਲੜਾਈ ਦੇ ਮੁੜ ਸ਼ੁਰੂ ਹੋਣ ਦਾ ਖ਼ਤਰਾ ਚਾਹੇ ਘਟ ਗਿਆ ਹੈ ਪਰ ਅਜੇ ਵੀ ਦੋਵਾਂ ਪੱਖਾਂ ਵਿਚਾਲੇ ਡੂੰਘੇ ਮਤਭੇਦ ਬਣੇ ਹੋਏ ਹਨ। ਹੋਰਮੁਜ਼ ਸਟ੍ਰੇਟ ਵਿੱਚ ਇਰਾਨ 'ਤੇ ਅਮਰੀਕਾ ਦੀ ਨਾਕਾਬੰਦੀ ਅਜੇ ਵੀ ਜਾਰੀ ਹੈ।

## ਲੱਖਾਂ ਪ੍ਰਵਾਸੀਆਂ ਨੇ...

ਗੁਆਂਢੀਆਂ ਨਾਲ ਤੁਹਾਡੀ ਅਣ-ਬਣ ਯੂ.ਐਸ. ਸਿਟੀਜ਼ਨਸ਼ਿਪ ਦੇ ਰਾਹ ਵਿਚ ਅੜਿੱਕਾ ਬਣ ਸਕਦੀ ਹੈ। ਇੰਮੀਗ੍ਰੇਸ਼ਨ ਅਫ਼ਸਰ ਸਿਰਫ਼ ਗੁਆਂਢੀਆਂ ਤੋਂ ਹੀ ਸਬੰਧਤ ਪ੍ਰਵਾਸੀ ਦੇ ਕਿਰਦਾਰ ਬਾਰੇ ਪੁੱਛ-ਪੜਤਾਲ ਨਹੀਂ ਕਰਦੇ ਸਗੋਂ ਕੰਮ ਵਾਲੀਆਂ ਥਾਵਾਂ 'ਤੇ ਜਾ ਕੇ ਸਾਥੀ ਮੁਲਾਜ਼ਮਾਂ ਨਾਲ ਵੀ ਗੱਲਬਾਤ ਕੀਤੀ ਜਾਂਦੀ ਹੈ। ਦੂਜੇ ਪਾਸੇ ਹਾਲ ਹੀ ਵਿਚ ਲਾਗੂ ਨਿਯਮ ਤਹਿਤ ਅਤੀਤ ਵਿਚ ਕੋਈ ਫ਼ਰੌਡ ਜਾਂ ਕਿਸੇ ਹੋਰ ਮਾਮੂਲੀ ਅਪਰਾਧ ਵਿਚ ਸ਼ਾਮਲ ਰਹੇ ਲੋਕਾਂ ਨੂੰ ਵੀ ਸਿਟੀਜ਼ਨਸ਼ਪ ਦੇ ਹੱਕ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਦਸੰਬਰ 2025 ਦੌਰਾਨ 42,569 ਪ੍ਰਵਾਸੀਆਂ ਨੇ ਹੀ ਸਿਟੀਜ਼ਨਸ਼ਿਪ ਵਾਸਤੇ ਅਰਜ਼ੀ ਦਾਇਰ ਕੀਤੀ ਜਦਕਿ ਜਨਵਰੀ ਦੌਰਾਨ ਅੰਕੜਾ ਮਾਮੂਲੀ ਵਾਧੇ ਨਾਲ 46,385 'ਤੇ ਪੁੱਜ ਗਿਆ ਪਰ ਇਕ ਸਾਲ ਪਹਿਲਾਂ ਦੇ ਮੁਕਾਬਲੇ ਇਹ ਅੱਧਾ ਵੀ ਨਹੀਂ ਬਣਦਾ।

ਅਮਰੀਕਾ ਦੀ ਨਾਗਰਿਕਤਾ ਲਈ ਆਉਣ ਵਾਲੀਆਂ ਅਰਜ਼ੀਆਂ ਘਟਣ ਪਿੱਛੇ ਇਕ ਹੋਰ ਵੱਡਾ ਕਾਰਨ ਅਕਤੂਬਰ 2025 ਵਿਚ ਲਾਗੂ ਨਵਾਂ ਟੈਸਟ ਦੱਸਿਆ ਜਾ ਰਿਹਾ ਹੈ ਜਿਸ ਵਿਚ ਮੁਲਕ ਦੇ ਇਤਿਹਾਸ, ਸਰਕਾਰ ਅਤੇ ਸਿਆਸਤ ਬਾਰੇ ਬਹੁਤ ਕੁਝ ਪੁੱਛਿਆ ਜਾਂਦਾ ਹੈ। ਇੰਮੀਗ੍ਰੇਸ਼ਨ ਅਰਜ਼ੀਆਂ ਦੀ ਪ੍ਰੋਸੈਸਿੰਗ ਦਾ ਬੈਕਲਾਗ ਵੀ ਅੜਿੱਕੇ ਪੈਦਾ ਕਰ ਰਿਹਾ ਹੈ ਅਤੇ ਇੰਮੀਗ੍ਰੇਸ਼ਨ ਨੀਤੀਆਂ ਬਾਰੇ ਗੈਰਯਕੀਨੀ ਵਾਲੇ ਮਾਹੌਲ ਤੋਂ ਪ੍ਰਵਾਸੀਆਂ ਘਬਰਾਏ ਹੋਏ ਹਨ। ਇਥੇ ਦਸਣਾ ਬਣਦਾ ਹੈ ਕਿ ਅਮਰੀਕਾ ਦੀ ਨਾਗਰਿਕਤਾ ਹਾਸਲ ਕਰਨ ਲਈ ਬਿਨੈਕਾਰ ਨੂੰ ਪਹਿਲਾਂ ਹੀ ਕਈ ਸ਼ਰਤਾਂ ਦੀ ਪਾਲਣਾ ਕਰਨੀ ਪੈਂਦੀ ਹੈ ਜਿਨ੍ਹਾਂ ਮੁਤਾਬਕ ਗਰੀਨ ਕਾਰਡ ਹੋਲਡਰ ਨੇ ਘੱਟੋ ਘੱਟ ਪੰਜ ਸਾਲ ਅਮਰੀਕਾ ਵਿਚ ਗੁਜ਼ਾਰੇ ਹੋਣ ਅਤੇ ਇਨ੍ਹਾਂ ਵਿਚੋਂ ਢਾਈ ਸਾਲ ਦੀ ਲਗਾਤਾਰ ਮੌਜੂਦਗੀ ਲਾਜ਼ਮੀ ਹੈ। ਜਿਹੜੇ ਸੂਬੇ ਵਿਚ ਨਾਗਰਿਕਤਾ ਦੀ ਅਰਜ਼ੀ ਦਾਖਲ ਕੀਤੀ ਜਾ ਰਹੀ ਹੈ, ਉਥੇ ਤਿੰਨ ਮਹੀਨੇ ਪੁਰਾਣੀ ਰਿਹਾਇਸ਼ ਹੋਣੀ ਲਾਜ਼ਮੀ ਹੈ ਜਦਕਿ ਚੰਗਾ ਕਿਰਦਾਰ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ। ਦੂਜੇ ਪਾਸੇ, ਟਰੰਪ ਸਰਕਾਰ ਸਾਫ਼ ਲਫਜ਼ਾਂ ਵਿਚ ਆਖ ਚੁੱਕੀ ਹੈ ਕਿ ਗਰੀਨ ਕਾਰਡ ਅਮਰੀਕਾ ਵਿਚ ਰਹਿਣ ਦਾ ਕਾਨੂੰਨੀ ਹੱਕ ਨਹੀਂ ਸਗੋਂ ਮੁਲਕ ਵਿਚ ਰਹਿਣ ਦੀ ਇਕ ਸਹੂਲਤ ਹੈ। ਟਰੰਪ ਸਰਕਾਰ ਵੱਲੋਂ ਨਿਤ ਲਿਆਂਦੀਆਂ ਜਾ ਰਹੀਆਂ ਇੰਮੀਗ੍ਰੇਸ਼ਨ ਨੀਤੀਆਂ ਤੋਂ ਗਰੀਨ ਕਾਰਡ ਹੋਲਡਰ ਵੀ ਸੁਰੱਖਿਅਤ ਨਹੀਂ ਜਦਕਿ ਸੋਸ਼ਲ ਮੀਡੀਆ ਖਾਤਿਆਂ ਦੀ ਪੁਣ-ਛਾਣ ਵੀ ਡੂੰਘਾਈ ਨਾਲ ਕੀਤੀ ਜਾਣ ਲੱਗੀ ਹੈ।

## ਆਸਟਰੇਲੀਆ 'ਚ ਰਹਿ...

ਭੇਜਿਆ ਗਿਆ ਹੈ। ਇਸ ਪ੍ਰਕਿਰਿਆ ਵਿੱਚ ਤੇਜ਼ੀ ਆਈ ਹੈ ਅਤੇ ਨਵੀਆਂ ਇਮੀਗ੍ਰੇਸ਼ਨ ਨੀਤੀਆਂ ਨਾਲ ਇਸ ਗਿਣਤੀ ਨੂੰ ਘਟਾਉਣ ਦੀ ਵੀ ਕੋਸ਼ਿਸ਼ ਜਾਰੀ ਹੈ।

ਵਿਰੋਧੀ ਪਾਰਟੀਆਂ ਨੇ ਇਸ ਮੁੱਦੇ ਉੱਤੇ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਇਹ ਅੰਕੜੇ ਲੇਬਰ ਸਰਕਾਰ ਦੀ ਪ੍ਰਬੰਧਕੀ ਕਮਜ਼ੋਰੀ ਨੂੰ ਬੇਨਕਾਬ ਕਰਦੇ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਬਾਰਡਰ ਕੰਟਰੋਲ ਤੇ ਵੀਜ਼ਾ ਨਿਗਰਾਨੀ ਵਿੱਚ ਖਾਮੀਆਂ ਕਾਰਨ ਇਹ ਸੰਖਿਆ ਵਧੀ ਹੈ। ਇਸ ਮਾਮਲੇ ਨਾਲ ਇਮੀਗ੍ਰੇਸ਼ਨ ਮੁੱਦਾ ਮੁੜ ਚੋਣਾਂ ਦੀ ਰਾਜਨੀਤੀ ਦਾ ਕੇਂਦਰ ਬਣ ਗਿਆ ਹੈ।

## ਪੰਜਾਬ ਭਰ 'ਚ...

ਬਿਜਲੀ ਸਪਲਾਈ ਕੱਟ ਦੇਵੇਗਾ। ਇਹ ਡ੍ਰਿੱਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਇੱਕ ਅਲਾਰਮ ਨਾਲ ਸ਼ੁਰੂ ਹੋਵੇਗੀ ਅਤੇ ਇਸ ਵਿੱਚ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਫੋਰਸ (ਐਨ.ਡੀ.ਆਰ.ਐਫ), ਫਾਇਰ ਬ੍ਰਿਗੇਡ, ਜ਼ਿਲ੍ਹਾ ਪ੍ਰਸ਼ਾਸਨ, ਨਗਰ ਨਿਗਮ, ਪੁਲਿਸ, ਸਿਹਤ ਵਿਭਾਗ, ਸਿਵਲ ਡਿਫੈਂਸ ਅਤੇ ਐਨ.ਸੀ.ਸੀ ਸਮੇਤ ਕਈ ਏਜੰਸੀਆਂ ਦੇ ਤਾਲਮੇਲ ਵਾਲੇ ਯਤਨ ਸ਼ਾਮਲ ਹੋਣਗੇ। ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਆਯੋਜਿਤ ਇਸ ਅਭਿਆਸ ਦਾ ਉਦੇਸ਼ ਇੱਕ ਅਸਲ-ਸਮੇਂ ਦੇ ਐਮਰਜੈਂਸੀ ਪ੍ਰਤੀਕਿਰਿਆ ਦ੍ਰਿਸ਼ ਦੀ ਨਕਲ ਕਰਨਾ ਹੈ।

ਸਹਾਇਕ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਅਭਿਆਸ ਕਿਸੇ ਵੀ ਅਣਕਿਆਸੇ ਐਮਰਜੈਂਸੀ ਲਈ ਤਿਆਰੀ ਕਰਨ ਲਈ ਇੱਕ ਸਾਵਧਾਨੀ ਉਪਾਅ ਹੈ। ਨਿਵਾਸੀਆਂ ਨੂੰ ਪੂਰੀ ਤਰ੍ਹਾਂ ਬਲੈਕਆਊਟ ਨੂੰ ਯਕੀਨੀ ਬਣਾ ਕੇ ਪੂਰਾ ਸਹਿਯੋਗ ਦੇਣ ਲਈ ਕਿਹਾ ਗਿਆ ਹੈ। ਅਭਿਆਸ ਦੌਰਾਨ ਜਨਰੇਟਰ, ਪਾਵਰ ਬੈਕਅੱਪ ਸਿਸਟਮ, ਟਾਰਚ, ਮੋਮਬੱਤੀਆਂ ਜਾਂ ਮਾਚਿਸ ਦੀਆਂ ਸਟਿਕਸ ਦੀ ਵਰਤੋਂ ਕਰਨ ਤੋਂ ਪਰਹੇਜ਼ ਕੀਤਾ ਜਾਵੇ।

ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਪਾਈਟੈਕਸ ਗਰਾਊਂਡ ਰਣਜੀਤ ਐਵੇਨਿਊ 'ਚ ਕੀਤੀ ਮੌਕ ਡ੍ਰਿੱਲ ਜਾਵੇਗੀ। ਸ਼ਾਮ 7:55 ਵਜੇ ਸਾਇਰਨ ਵੱਜਣ ਤੋਂ ਬਾਅਦ ਫਸ਼ਫਛ਼ਲ ਵੱਲੋਂ ਬਿਜਲੀ ਸਪਲਾਈ ਕੱਟ ਕੀਤੀ ਜਾਵੇਗੀ ਤੇ ਬਲੈਕਆਊਟ ਦੌਰਾਨ ਲੋਕਾਂ ਨੂੰ ਜਨਰੇਟਰ, ਟਾਰਚ, ਮੋਮਬੱਤੀਆਂ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ ਗਈ ਹੈ।

## 30 ਹਜ਼ਾਰ ਤੋਂ ਵੱਧ...

ਤੁਹਾਡੀ ਅਰਜ਼ੀ ਇੰਮੀਗ੍ਰੇਸ਼ਨ ਐਂਡ ਰਫ਼ਿਊਜੀ ਬੋਰਡ ਦੀ ਰਫ਼ਿਊਜੀ ਪ੍ਰੋਟੈਕਸ਼ਨ ਕਮੇਟੀ ਕੋਲ ਨਹੀਂ ਭੇਜੀ ਜਾ ਸਕਦੀ। ਉਧਰ, ਇੰਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਰੋਜ਼ਾਨਾ ਮਦਦ ਵਾਸਤੇ ਸੈਂਕੜੇ ਕਾਲਜ਼ ਆ ਰਹੀਆਂ ਹਨ ਪਰ ਬਿਲ ਸੀ-12 ਰਾਹੀਂ ਕੈਨੇਡਾ ਸਰਕਾਰ ਨੂੰ ਮਿਲੀਆਂ ਤਾਕਤਾਂ ਅੱਗੇ ਕਿਸੇ ਦੀ ਇਕ ਨਹੀਂ ਚੱਲਣੀ।

ਚਿੱਠੀਆਂ ਵਿਚ ਵਰਤੇ ਸਖ਼ਤ ਲਹਿਜ਼ੇ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਲੋਕਾਂ ਨੂੰ ਕੈਨੇਡਾ ਛੱਡ ਦੇ ਤਰੀਕ ਬਾਰਡਰ ਸਰਵਿਸਿਜ਼ ਏਜੰਸੀ ਨਾਲ ਸਾਂਝੀ ਕਰਨ ਵਾਸਤੇ ਵੀ ਆਖਿਆ ਗਿਆ ਹੈ। ਹੁਣ ਮਸਲਾ ਪ੍ਰੀ ਰਿਮੂਵਲ ਰਿਸਕ ਅਸੈਸਮੈਂਟ ਫ਼ਾਰਮਾਂ 'ਤੇ ਟਿਕਦਾ ਹੈ ਪਰ ਇਥੇ ਲਾਲਚੀ ਇੰਮੀਗ੍ਰੇਸ਼ਨ ਵਕੀਲ ਲੋਕਾਂ ਤੋਂ ਸੈਂਕੜੇ ਡਾਲਰ ਮੰਗ ਰਹੇ ਹਨ। ਇਮਾਨਦਾਰੀ ਨਾਲ ਕੰਮ ਕਰ ਰਹੇ ਇੰਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਪ੍ਰੀ ਰਿਮੂਵਲ ਰਿਸਕ ਅਸੈਸਮੈਂਟ ਕੈਨੇਡਾ ਵਿਚ ਮੌਜੂਦ ਹਰ ਵਿਦੇਸ਼ੀ ਨਾਗਰਿਕ ਦਾ ਹੱਕ ਹੈ ਅਤੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਤੁਰਤ ਕੈਨੇਡਾ ਛੱਡਣ ਦੇ ਹੁਕਮ ਜਾਇਜ਼ ਨਹੀਂ ਮੰਨੇ ਜਾ ਸਕਦੇ। ਇਸੇ ਦੌਰਾਨ ਕੁਝ ਵਿਦੇਸ਼ੀ ਨਾਗਰਿਕ ਅਜੀਬੋ ਗਰੀਬ ਸਮੱਸਿਆ ਵਿਚ ਘਿਰੇ ਹੋਏ ਹਨ ਜਿਨ੍ਹਾਂ ਦਾ ਮੁਲਕ ਪ੍ਰੀ ਰਿਮੂਵਲ ਰਿਸਕ ਅਸੈਸਮੈਂਟ ਦੀ ਸ਼ਰਤ ਦੇ ਘੇਰੇ ਵਿਚ ਨਹੀਂ ਆਉਂਦਾ।

ਦੱਸ ਦੇਈਏ ਕਿ ਪਿਛਲੇ ਕੁਝ ਵਰ੍ਹਿਆਂ ਦੌਰਾਨ ਕੈਨੇਡਾ ਵਿਚ ਪਨਾਹ ਦੇ ਸਭ ਤੋਂ ਵੱਧ ਦਾਅਵੇ ਭਾਰਤੀ ਲੋਕਾਂ ਨੇ ਦਾਖਲ ਕੀਤੇ ਅਤੇ ਹੁਣ ਵਾਪਸੀ ਦੇ ਜਹਾਜ਼ ਚੜ੍ਹਨ ਵਾਲਿਆਂ ਵਿਚ ਵੀ ਇਨ੍ਹਾਂ ਦੀ ਗਿਣਤੀ ਸਭ ਤੋਂ ਵੱਧ ਹੋਵੇਗੀ। ਅਸਾਇਲਮ ਦਾਅਵਿਆਂ ਦੇ ਨਿਪਟਾਰੇ ਦੀ ਉਡੀਕ ਕਰ ਰਹੇ ਭਾਰਤੀ ਲੋਕਾਂ ਦੀ ਕੁਲ ਗਿਣਤੀ 45 ਹਜ਼ਾਰ ਤੋਂ ਵੱਧ ਦੱਸੀ ਜਾ ਰਹੀ ਹੈ। ਨਵੇਂ ਕਾਨੂੰਨ ਤਹਿਤ 24 ਜੂਨ 2020 ਤੋਂ ਬਾਅਦ ਆਇਆ ਪਨਾਹ ਦਾ ਕੋਈ ਦਾਅਵਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਜੋ ਸਬੰਧਤ ਸ਼ਖਸ ਨੇ ਕੈਨੇਡਾ ਵਿਚ ਇਕ ਸਾਲ ਰਹਿਣ ਤੋਂ ਬਾਅਦ ਦਾਖਲ ਕੀਤਾ ਹੋਵੇ। ਅਮਰੀਕਾ ਦੇ ਰਸਤੇ ਗੈਰਕਾਨੂੰਨੀ ਤਰੀਕੇ ਨਾਲ ਕੈਨੇਡਾ ਦਾਖਲ ਹੋਣ ਵਾਲਿਆਂ ਦੇ ਅਸਾਇਲਮ ਕਲੇਮ ਪ੍ਰਵਾਨ ਨਹੀਂ ਕੀਤੇ ਜਾਣਗੇ ਜੇ ਕੈਨੇਡਾ ਆਉਣ ਤੋਂ 14 ਦਿਨ ਬਾਅਦ ਦਾਖਲ ਕੀਤੇ ਗਏ।

## ਕੈਨੇਡਾ 'ਚ ਪੱਕੇ ਹੋਣ...

'ਤੇ ਨਵਾਂ ਸਟੱਡੀ ਪਰਮਿਟ ਲੈਣਾ ਲਾਜ਼ਮੀ ਹੋਵੇਗਾ ਅਤੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ (PGWP) ਦੇ ਨਿਯਮਾਂ ਵਿੱਚ ਵੀ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ।

### ਡਿਪੋਰਟ ਹੋਣ ਦਾ ਡਰ

ਸਭ ਤੋਂ ਵੱਡਾ ਝਟਕਾ ਉਨ੍ਹਾਂ ਵਿਦਿਆਰਥੀਆਂ ਨੂੰ ਲੱਗਾ ਹੈ ਜੋ ਕੋਰਸ ਪੂਰਾ ਕਰਨ ਤੋਂ ਬਾਅਦ 'ਰਿਫਿਊਜੀ' (ਸ਼ਰਨਾਰਥੀ) ਵਜੋਂ ਅਰਜ਼ੀ ਦੇ ਕੇ ਸਾਲਾਂ ਤੱਕ ਉੱਥੇ ਕੰਮ ਕਰਦੇ ਰਹਿੰਦੇ ਸਨ। ਨਵੇਂ ਕਾਨੂੰਨ ਮੁਤਾਬਕ, ਹੁਣ ਅਜਿਹੇ ਵਿਦਿਆਰਥੀਆਂ ਨੂੰ ਇੱਕ ਸਾਲ ਦੇ ਅੰਦਰ-ਅੰਦਰ ਆਪਣੀ ਅਰਜ਼ੀ ਦੇਣੀ ਪਵੇਗੀ। ਜੇਕਰ ਉਹ ਅਜਿਹਾ ਨਹੀਂ ਕਰਦੇ, ਤਾਂ ਉਨ੍ਹਾਂ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ।

### ਕਿਵੇਂ ਹਾਸਲ ਕੀਤੀ ਜਾ ਸਕਦੀ ਹੈ ਪੱਕੀ ਨਾਗਰਿਕਤਾ?

ਮਾਹਰਾਂ ਅਨੁਸਾਰ, ਕੈਨੇਡਾ ਵਿੱਚ ਪੱਕੇ ਹੋਣ ਦਾ ਸਹੀ ਤਰੀਕਾ ਪੜ੍ਹਾਈ ਤੋਂ ਬਾਅਦ ਕੰਮ ਦਾ ਤਜਰਬਾ ਹਾਸਲ ਕਰਨਾ ਹੈ। ਵਿਦਿਆਰਥੀ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਰਾਹੀਂ ਨੌਕਰੀ ਦਾ ਤਜ਼ਰਬਾ ਲੈਣ। ਫਿਰ ਐਕਸਪ੍ਰੈੱਸ ਐਂਟਰੀ ਜਾਂ ਸੂਬਾਈ ਨਾਮਜ਼ਦਗੀ ਪ੍ਰੋਗਰਾਮ (PNP) ਰਾਹੀਂ ਪੀਆਰ ਲਈ ਅਪਲਾਈ ਕਰਨ। ਪਰ ਵਰਕ ਪਰਮਿਟ ਦੀ ਮਿਆਦ ਘੱਟ ਹੋਣ ਕਾਰਨ ਬਹੁਤ ਸਾਰੇ ਵਿਦਿਆਰਥੀ ਇਸ ਪ੍ਰਕਿਰਿਆ ਨੂੰ ਪੂਰਾ ਨਹੀਂ ਕਰ ਪਾ ਰਹੇ। ਨਿਯਮਾਂ ਦੀ ਸਖ਼ਤੀ ਦਾ ਅਸਰ ਪੰਜਾਬ ਦੇ ਇਮੀਗ੍ਰੇਸ਼ਨ ਕਾਰੋਬਾਰ 'ਤੇ ਵੀ ਸਾਫ਼ ਦਿਖ ਰਿਹਾ ਹੈ। 'ਨੰਦੜਾ ਐਸੋਸੀਏਸ਼ਨ ਆਫ ਕੰਸਲਟੈਂਟ ਆਫ ਓਵਰਸੀਜ਼ ਸਟੱਡੀ' ਦੇ ਸਕੱਤਰ ਸੁਖਵਿੰਦਰ ਨੰਦੜਾ ਨੇ ਇੱਕ ਪੰਜਾਬੀ ਅਖ਼ਬਾਰ ਨੂੰ ਦੱਸਿਆ ਕਿ ਪਹਿਲਾਂ ਜਿੱਥੇ ਰੋਜ਼ਾਨਾ 20 ਤੋਂ 30 ਵਿਦਿਆਰਥੀ ਪੁੱਛਗਿੱਛ ਲਈ ਆਉਂਦੇ ਸਨ, ਹੁਣ ਇਹ ਗਿਣਤੀ ਘਟ ਕੇ ਸਿਰਫ਼ 10 ਰਹਿ ਗਈ ਹੈ। ਹੁਣ ਆਉਣ ਵਾਲੇ ਵਿਦਿਆਰਥੀ ਵੀ ਜ਼ਿਆਦਾਤਰ ਪੀਆਰ ਦੇ ਬਦਲਦੇ ਨਿਯਮਾਂ ਬਾਰੇ ਹੀ ਸਵਾਲ ਪੁੱਛ ਰਹੇ ਹਨ।

# ਬੁਲਗਾਰੀਆ ਦੇ ਸਾਬਕਾ ਰਾਸ਼ਟਰਪਤੀ Rumen Radev ਨੂੰ ਸਪੱਸ਼ਟ ਬਹੁਮੱਤ

ਦੇਸ਼ ਦੇ ਕੇਂਦਰੀ ਚੋਣ ਕਮਿਸ਼ਨ ਨੇ ਐਲਾਨ ਕੀਤਾ ਕਿ ਸਾਬਕਾ ਰਾਸ਼ਟਰਪਤੀ ਰੁਮੇਨ ਰਾਦੇਵ ਦਾ ਸੈਂਟਰ-ਲੈੱਫਟ ਗੱਠਜੋੜ ਬੁਲਗਾਰੀਆ ਦੀਆਂ ਸੰਸਦੀ ਚੋਣਾਂ ਵਿੱਚ ਸਪਸ਼ਟ ਬਹੁਮੱਤ ਨਾਲ ਜੇਤੂ ਰਿਹਾ ਹੈ। ਗੱਠਜੋੜ ਦੀ ਜਿੱਤ ਨਾਲ ਬੁਲਗਾਰੀਆ 'ਚ ਪਿਛਲੇ ਪੰਜ ਸਾਲਾਂ ਤੋਂ ਜਾਰੀ ਸਿਆਸੀ ਅਸਥਿਰਤਾ ਖ਼ਤਮ ਹੋ ਗਈ ਹੈ। ਸੋਮਵਾਰ ਤੜਕੇ ਤੱਕ 96 ਫੀਸਦ ਵੋਟਾਂ ਦੀ ਗਿਣਤੀ ਹੋ ਗਈ ਸੀ। ਨਤੀਜਿਆਂ ਮੁਤਾਬਕ ਪ੍ਰੋਗਰੈਸਿਵ ਬੁਲਗਾਰੀਆ ਗੱਠਜੋੜ ਨੂੰ 44.7 ਫੀਸਦ ਵੋਟਾਂ ਪਈਆਂ ਹਨ, ਜੋ ਕਿ ਬਜ਼ੁਰਗ ਆਗੂ ਬੋਇਕੋ ਬੌਰਿਸੋਵ ਦੀ ਸੈਂਟਰ-ਸੱਜੇ ਜੀ ਈ ਆਰ ਬੀ ਪਾਰਟੀ ਅਤੇ 'ਵੀ ਕੰਟੀਨਿਊ ਦਿ ਚੇਂਜ' ਪਾਰਟੀ ਦੀ ਅਗਵਾਈ ਵਾਲੇ ਪੱਛਮ ਪੱਖੀ ਸੁਧਾਰਵਾਦੀ ਬਲਾਕ ਤੋਂ 20 ਫੀਸਦ ਵੱਧ ਹੈ। ਦੋਵਾਂ ਪਾਰਟੀਆਂ ਨੇ ਕ੍ਰਮਵਾਰ 13.4 ਫੀਸਦ ਤੇ 12.9 ਫੀਸਦ ਵੋਟਾਂ ਨਾਲ ਇਕੋ ਜਿਹੇ ਟੱਕਰ ਦਿੱਤੀ। ਤਾਜ਼ਾ ਨਤੀਜਿਆਂ ਮੁਤਾਬਕ 240 ਸੀਟਾਂ ਵਾਲੇ ਸਦਨ ਵਿੱਚ ਦੋ ਹੋਰਨਾਂ ਪਾਰਟੀਆਂ ਨੂੰ ਵੀ ਸੀਟਾਂ ਮਿਲਦੀਆਂ ਦਿਸ ਰਹੀਆਂ ਹਨ। ਬੌਰਿਸੋਵ ਨੇ ਆਪਣੀ ਹਾਰ ਸਵੀਕਾਰ ਕਰਦਿਆਂ ਚੋਣ ਜਿੱਤਣ ਵਾਲੀ ਪਾਰਟੀ ਨੂੰ ਵਧਾਈ ਦਿੱਤੀ ਹੈ। ਰਾਦੇਵ ਨੇ ਪਾਰਟੀ ਦੀ ਜਿੱਤ ਨੂੰ 'ਸਪੱਸ਼ਟ', 'ਬੇਭਰੋਸਗੀ ਉੱਤੇ ਉਮੀਦ ਦੀ ਜਿੱਤ' ਅਤੇ 'ਡਰ ਉੱਤੇ ਆਜ਼ਾਦੀ ਦੀ ਜਿੱਤ' ਦੱਸਦਿਆਂ ਕਿਹਾ ਕਿ ਬੁਲਗਾਰੀਆ 'ਆਪਣੇ ਯੂਰੋਪੀਅਨ ਮਾਰਗ 'ਤੇ ਅੱਗੇ ਵਧਣ ਲਈ ਹਰ ਸੰਭਵ ਕੋਸ਼ਿਸ਼ ਕਰੇਗਾ।' ਰਾਦੇਵ ਨੇ ਪੱਤਰਕਾਰਾਂ ਨੂੰ ਕਿਹਾ, "ਮੇਰਾ ਯਕੀਨ ਕਰੋ, ਮਜ਼ਬੂਤ ਬੁਲਗਾਰੀਆ ਤੇ ਮਜ਼ਬੂਤ ਯੂਰੋਪ ਨੂੰ ਆਲੋਚਨਾਤਮਕ ਸੋਚ ਤੇ ਵਿਹਾਰਕਤਾ ਦੀ ਲੋੜ ਹੈ।"

# ਮਾਰਕ ਕਾਰਨੀ ਨੇ ਗੁਰਦੁਆਰਾ ਸਾਹਿਬ ਓਟਾਵਾ ਵਿਖੇ ਮਨਾਇਆ ਸਿੱਖ ਵਿਰਾਸਤ ਮਹੀਨਾ



ਓਟਾਵਾ: ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 'ਸਿੱਖ ਵਿਰਾਸਤ ਮਹੀਨੇ' 2026 ਦੇ ਚੱਲਦਿਆਂ ਗੁਰਦੁਆਰਾ ਸਾਹਿਬ ਓਟਾਵਾ ਦਾ ਵਿਸ਼ੇਸ਼ ਦੌਰਾ ਕੀਤਾ। ਇਸ ਅਹਿਮ ਮੌਕੇ 'ਤੇ ਪ੍ਰਧਾਨ ਮੰਤਰੀ ਨੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਿੱਖ ਭਾਈਚਾਰੇ ਨਾਲ ਮਿਲ ਕੇ ਭਾਈਚਾਰਕ ਸੇਵਾ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਦੀ ਇਹ ਫੇਰੀ ਕੈਨੇਡਾ ਵਿੱਚ ਵਸਦੇ ਸਿੱਖ ਭਾਈਚਾਰੇ ਪ੍ਰਤੀ ਸਰਕਾਰ ਦੇ ਸਤਿਕਾਰ ਅਤੇ ਭਾਈਚਾਰੇ ਨਾਲ ਡੂੰਘੇ ਸਬੰਧਾਂ ਦਾ ਪ੍ਰਤੀਕ ਮੰਨੀ ਜਾ ਰਹੀ ਹੈ।

ਸੋਸ਼ਲ ਮੀਡੀਆ 'ਤੇ ਆਪਣੀ ਫੇਰੀ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਕੈਨੇਡਾ ਵਿੱਚ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸਿੱਖ ਭਾਈਚਾਰਾ ਵੱਸਦਾ ਹੈ, ਜੋ ਦੇਸ਼ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਸਿੱਖ ਵਿਰਾਸਤ ਮਹੀਨੇ ਦੇ ਮੌਜੂਦਾ ਮੌਕੇ ਦੌਰਾਨ ਕੈਨੇਡਾ ਦੇ ਨਿਰਮਾਣ ਵਿੱਚ ਸਿੱਖ ਆਬਾਦੀ ਵੱਲੋਂ ਪਾਏ ਗਏ ਵੱਡਮੁੱਲੇ ਯੋਗਦਾਨ ਦਾ ਜਸ਼ਨ ਮਨਾ ਰਿਹਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਸਿੱਖ ਭਾਈਚਾਰੇ ਵੱਲੋਂ ਸਮਾਜਿਕ ਅਤੇ ਆਰਥਿਕ ਖੇਤਰਾਂ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ।

# ਭਿਆਨਕ ਸੜਕ ਹਾਦਸਾ!

## ਸਵਾਰੀਆਂ ਨਾਲ ਭਰੀ ਬੱਸ ਹਾਦਸਾਗ੍ਰਸਤ, 15 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ

ਜੰਮੂ-ਕਸ਼ਮੀਰ: ਊਧਮਪੁਰ ਜ਼ਿਲ੍ਹੇ ਵਿੱਚ ਸੋਮਵਾਰ ਨੂੰ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਇੱਕ ਯਾਤਰੀ ਬੱਸ ਡੂੰਘੀ ਖਾਈ ਵਿੱਚ ਡਿੱਗ ਗਈ। ਇਸ ਭਿਆਨਕ ਹਾਦਸੇ ਵਿੱਚ 15 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ, ਜਦੋਂ ਕਿ ਕਈ ਯਾਤਰੀ ਜ਼ਖਮੀ ਹੋਏ ਹਨ। ਇਸ ਘਟਨਾ ਨਾਲ ਇਲਾਕੇ ਵਿੱਚ ਹਫੜਾ-ਦਫੜੀ ਮਚ ਗਈ ਹੈ। ਇਹ ਹਾਦਸਾ ਉਸ ਵੇਲੇ ਹੋਇਆ ਜਦੋਂ ਬੱਸ ਰਾਮਨਗਰ ਦੇ ਕੋਲ ਹੀ ਇੱਕ ਪਿੰਡ ਕਗੋਟ ਤੋਂ ਲੰਘ ਰਹੀ ਸੀ। ਜਾਣਕਾਰੀ ਮਿਲੀ ਹੈ ਕਿ ਉੱਚੀ ਪਹਾੜੀ 'ਤੇ ਬਣੀ ਸੜਕ ਤੋਂ ਲੰਘਦੇ ਹੋਏ ਇੱਕ ਤਿੱਖੇ ਮੋੜ 'ਤੇ ਬੱਸ ਸੰਤੁਲਨ ਖੋਹ ਬੈਠੀ ਅਤੇ ਹਾਦਸੇ ਦਾ ਸ਼ਿਕਾਰ ਹੋ ਗਈ। ਇਹ ਹਾਦਸਾ ਸਵੇਰੇ 10 ਵਜੇ ਦੇ ਕਰੀਬ ਵਾਪਰਿਆ। ਹਾਦਸੇ ਤੋਂ ਬਾਅਦ ਬਚਾਅ ਕਾਰਜ ਜਾਰੀ ਹਨ। ਕਈ ਲੋਕਾਂ ਨੂੰ ਇਸ ਘਟਨਾ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਸਥਾਨਕ ਨਿਵਾਸੀ ਅਤੇ ਬਚਾਅ ਟੀਮਾਂ ਘਟਨਾ ਸਥਾਨ 'ਤੇ ਰਾਹਤ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ।

ਕੇਂਦਰੀ ਮੰਤਰੀ ਡਾ. ਜਿਤੇਂਦਰ ਸਿੰਘ ਨੇ ਊਧਮਪੁਰ ਦੇ ਰਾਮਨਗਰ ਵਿੱਚ ਹੋਏ ਦੁਖਦਾਈ ਬੱਸ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਬਚਾਅ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਸੋਸ਼ਲ ਮੀਡੀਆ (X) 'ਤੇ ਕਿਹਾ ਕਿ ਉਨ੍ਹਾਂ ਨੇ ਊਧਮਪੁਰ ਦੇ ਜ਼ਿਲ੍ਹਾ ਡਿਪਟੀ ਕਮਿਸ਼ਨਰ (ਡੀਸੀ) ਨਾਲ ਗੱਲਬਾਤ ਕੀਤੀ ਹੈ ਅਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ। ਡਾ. ਜਿਤੇਂਦਰ ਸਿੰਘ ਨੇ ਲਿਖਿਆ, "ਮੈਂ ਹੁਣੇ ਹੀ ਊਧਮਪੁਰ ਦੇ ਡੀਸੀ ਮਿੰਗਾ ਸ਼ੇਰਪਾ ਨਾਲ ਗੱਲ ਕੀਤੀ ਹੈ ਅਤੇ ਕਨੋਟ ਪਿੰਡ ਨੇੜੇ ਹੋਏ ਦਰਦਨਾਕ ਸੜਕ ਹਾਦਸੇ ਬਾਰੇ ਪਤਾ ਲੱਗਿਆ ਹੈ। ਰਾਮਨਗਰ ਤੋਂ ਊਧਮਪੁਰ ਜਾ ਰਹੀ ਇੱਕ ਜਨਤਕ ਆਵਾਜਾਈ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ ਹੈ। ਰਾਹਤ ਅਤੇ ਬਚਾਅ ਕਾਰਜ ਤੁਰੰਤ ਸ਼ੁਰੂ ਕਰ ਦਿੱਤੇ ਗਏ ਹਨ।


REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE?
WE'LL ARRANGE IT FOR YOU
NO MATTER WHAT YOUR REASON IS!
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre





Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh



BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬ੍ਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace
Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਨੇ ਵੈਸਾਖੀ ਤੇ ਸਿੱਖ ਵਿਰਾਸਤੀ ਮਹੀਨਾ ਸੱਭਿਆਚਾਰਕ ਭਾਵਨਾ, ਖ਼ੁਸ਼ੀ ਤੇ ਉਤਸ਼ਾਹ ਨਾਲ ਮਨਾਏ




ਬਰੈਂਪਟਨ, (ਡਾ. ਝੰਡ) – ਲੰਘੇ ਸ਼ਨੀਵਾਰ 18 ਅਪ੍ਰੈਲ ਨੂੰ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਵੈਸਾਖੀ ਦਾ ਤਿਓਹਾਰ ਅਤੇ ਸਿੱਖ ਵਿਰਾਸਤੀ ਮਹੀਨਾ ਬੜੇ ਜੋਸ਼, ਉਮਾਹ ਅਤੇ ਸੱਭਿਆਚਾਰਕ ਭਾਵਨਾਵਾਂ ਨਾਲ ਮਿਲ਼ ਕੇ ਸਥਾਨਕ ਪਾਲ ਪਲੈਸ਼ੀ ਕਮਿਊਨਿਟੀ ਸੈਂਟਰ ਵਿਖੇ ਮਨਾਏ ਗਏ। ਇਸ ਮੌਕੇ ਕਲੱਬ ਦੇ 70 ਤੋਂ ਵਧੇਰੇ ਮੈਂਬਰ ਖ਼ੁਸ਼ੀਆਂ ਨਾਲ ਭਰਪੂਰ ਇਸ ਸ਼ਾਨਦਾਰ ਜਸ਼ਨ ਵਿੱਚ ਸ਼ਾਮਲ ਹੋਏ। ਸਾਰੇ ਮੈਂਬਰ ਰੰਗ-ਬਿਰੰਗੀਆਂ ਵਿਰਾਸਤੀ ਪੁਸ਼ਾਕਾਂ ਵਿੱਚ ਸੱਜ-ਧੱਜ ਕੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਮਹਾਨ ਤਿਓਹਾਰ ਨੂੰ ਮਨਾਉਣ ਲਈ ਪਧਾਰੇ। ਵੈਸਾਖੀ ਦਾ ਮੌਸਮੀ ਤਿਓਹਾਰ ਜਿੱਥੇ ਹਾੜੀ ਦੀਆਂ ਫ਼ਸਲਾਂ ਦੀ ਕਟਾਈ ਅਤੇ ਸਾਂਭ-ਸੰਭਾਲ ਨਾਲ ਜੁੜਿਆ ਹੋਇਆ ਹੈ, ਉੱਥੇ ਇਹ ਬਹਾਦਰੀ, ਸੱਭਿਆਚਾਰਕ ਪਛਾਣ ਅਤੇ ਇੱਕਮੁੱਠਤਾ ਦਾ ਪ੍ਰਤੀਕ ਹੈ। ਸਾਡੇ ਸੀਨੀਅਰ ਸਾਡੀ ਅਮੀਰ ਵਿਰਾਸਤ ਦੇ ਪਹਿਰੇਦਾਰ ਹਨ। ਆਉਂਦੀਆਂ ਪੀੜ੍ਹੀਆਂ ਨੇ ਉਨ੍ਹਾਂ ਕੋਲੋਂ ਬਹੁਤ ਕੁਝ ਸਿੱਖ ਰਹੀਆਂ ਹਨ। ਵੈਸਾਖੀ ਦੇ ਜਸ਼ਨ ਦੀ ਇਹ ਇਕੱਤਰਤਾ ਪੰਜਾਬੀ ਕਮਿਊਨਿਟੀ ਦੀ ਤਾਕਤ ਨੂੰ ਭਲੀ-ਭਾਂਤ ਦਰਸਾ ਰਹੀ ਸੀ।

ਕਲੱਬ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨਾਲ ਜਾਣ-ਪਛਾਣ ਤੋਂ ਬਾਅਦ ਇਸਦੇ ਚੇਅਰਪਰਸਨ ਗੁਰਚਰਨ ਸਿੰਘ ਖੱਖ ਨੇ ਵੈਸਾਖੀ, ਖਾਲਸਾ ਸਾਜਨਾ-ਦਿਵਸ ਅਤੇ ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਏ ਜਾਣ ਦੀ ਮਹਾਨਤਾ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਬਿਆਨ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਇਹ ਮਹੱਤਵਪੂਰਨ ਦਿਹਾੜੇ ਸਾਡੀਆਂ ਇਤਿਹਾਸਕ ਅਤੇ ਸੱਭਿਆਚਾਰਕ ਪਰੰਪਰਾਵਾਂ ਨੂੰ ਅੱਗੇ ਤੋਰਦੇ ਹੋਏ ਭਵਿੱਖ ਵਿੱਚ ਇਨ੍ਹਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੇ ਹਨ। ਵੈਸਾਖੀ ਦਾ ਤਿਓਹਾਰ ਸਾਨੂੰ ਕੁਰਬਾਨੀ, ਬਹਾਦਰੀ ਅਤੇ ਸਮਾਜ-ਸੇਵਾ ਦੇ ਰਸਤੇ 'ਤੇ ਤੋਰਦਾ ਹੈ। ਕੈਨੇਡਾ ਵਿੱਚ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਇਆ ਜਾਂਦਾ ਅਪ੍ਰੈਲ ਦਾ ਮਹੀਨਾ ਕਮਿਊਨਿਟੀ ਦੇ ਲਈ ਸਿੱਖਾਂ ਦੀ ਗੌਰਵਮਈ ਦੇਣ ਨੂੰ ਦਰਸਾਉਂਦਾ ਹੈ।

ਉੱਘੇ ਸਿੱਖ ਵਿਦਵਾਨ ਭਾਈ (ਡਾ.) ਗੁਲਜ਼ਾਰ ਸਿੰਘ ਗੁਲਜ਼ਰ ਸਿੰਘ ਵੱਲੋਂ ਇਸ ਮੌਕੇ ਇਤਿਹਾਸ ਵਿੱਚ ਵੈਸਾਖੀ ਅਤੇ ਖਾਲਸਾ ਸਾਜਨਾ- ਦਿਵਸ ਦੀ ਮਹਾਨਤਾ, ਸਿੱਖੀ ਕਦਰਾਂ-ਕੀਮਤਾਂ ਅਤੇ ਸਿੱਖੀ ਪਛਾਣ ਬਾਰੇ ਬੜੇ ਮੁੱਲਵਾਨ ਵਿਚਾਰ ਪੇਸ਼ ਕੀਤੇ ਗਏ। ਉਨ੍ਹਾਂ ਕਿਹਾ ਕਿ ਸਿੱਖੀ ਦੀਆਂ ਜੜ੍ਹਾਂ ਸੇਵਾ, ਬਹਾਦਰੀ, ਹਲੀਮੀ, ਮਿੱਠਾ-ਬੋਲਣ ਅਤੇ ਨਿਆਂ ਵਿੱਚ ਡੂੰਘੀਆਂ ਧਸੀਆਂ ਹਨ। ਸਿੱਖੀ ਦੇ ਇਨ੍ਹਾਂ ਮਹਾਨ ਗੁਣਾਂ ਦੀ ਅਜੋਕੇ ਸਮੇਂ ਵਿੱਚ ਇਸ ਦੁਨੀਆਂ ਨੂੰ ਬੜੀ ਲੋੜ ਹੈ। ਜਦੋਂ ਅਸੀਂ ਆਪਣੇ ਇਤਿਹਾਸ ਨੂੰ ਯਾਦ ਕਰਦੇ ਹਾਂ ਤਾਂ ਅਸੀਂ ਆਪਣੇ ਭਵਿੱਖ ਨੂੰ ਸ਼ਕਤੀਸ਼ਾਲੀ ਕਰਦੇ ਹਾਂ। ਮਲੂਕ ਸਿੰਘ ਕਾਹਲੋਂ ਅਤੇ ਕਈ ਹੋਰ ਮੈਂਬਰਾਂ ਵੱਲੋਂ ਡਾ. ਗੁਲਜ਼ਾਰ ਸਿੰਘ ਦੇ ਇਨ੍ਹਾਂ ਵਿਚਾਰਾਂ ਦੀ ਭਾਰੀ ਸਰਾਹਨਾ ਕੀਤੀ ਗਈ। ਕਲੱਬ ਦੇ ਸਰਗਰਮ ਮੈਂਬਰ ਸੁਖਦੇਵ ਸਿੰਘ ਬੇਦੀ ਨੇ ਆਪਣੇ ਸੰਬੋਧਨ ਵਿੱਚ ਸੀਨੀਅਰਾਂ ਦੇ ਲਈ ਅਜਿਹੇ ਸੱਭਿਆਚਾਰਕ ਮਹਾਨਤਾ ਵਾਲੇ ਤਿਓਹਾਰ ਮਨਾਉਣ ਅਤੇ ਸਮਾਜਿਕ ਇਕੱਤਰਤਾਵਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਸਮਾਜਿਕ ਇਕੱਠ ਜਿੱਥੇ ਸੀਨੀਅਰਾਂ ਦੀ ਇਕੱਲੇਪਨ ਨੂੰ ਦੂਰ ਕਰਦੇ ਹਨ, ਉੱਥੇ ਇਹ ਉਨ੍ਹਾਂ ਨੂੰ ਖ਼ੁਸ਼ ਅਤੇ ਇੱਕਮੁੱਠ ਰੱਖਦੇ ਹਨ। ਇਸ ਮੌਕੇ ਸ. ਰਘਬੀਰ ਸਿੰਘ ਵਡੇਰਾ ਤੇ ਸ਼੍ਰੀਮਤੀ ਸੁਰਜੀਤ ਕੌਰ ਵਡੇਰਾ ਦੇ ਵਿਆਹ ਦੀ 50ਵੀਂ ਵਰ੍ਹੇ-ਗੰਢ ਕੇਕ ਕੱਟ ਕੇ ਮਨਾਈ ਗਈ। ਕਲੱਬ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸ਼ਾਨਦਾਰ ਬੁਕੇ ਭੇਂਟ ਕੀਤੇ ਗਏ ਅਤੇ ਮੈਂਬਰਾਂ ਨੇ ਗੀਤ ਗਾ ਕੇ, ਗਿੱਧਾ ਤੇ ਭੰਗੜਾ ਪਾ ਕੇ ਉਨ੍ਹਾਂ ਦਾ ਇਹ ਯਾਦਗਾਰੀ-ਦਿਹਾੜਾ ਮਨਾਇਆ। ਪਰਵਿੰਦਰ ਸਿੰਘ ਸਰਲ ਦੇ ਮਿਊਜ਼ੀਕਲ ਗਰੁੱਪ ਵੱਲੋਂ ਗੀਤ ਗਾ ਕੇ ਹਾਜ਼ਰੀਨ ਦਾ ਵਧੀਆ ਮਨੋਰੰਜਨ ਕੀਤਾ ਗਿਆ। ਮਰਵਾਹਾ ਫੈਮਿਲੀ ਦੇ ਸ਼ਾਨਦਾਰ ਡਾਂਸ ਨੇ ਦਰਸ਼ਕਾਂ ਦਾ ਮਨ ਮੋਹਿਆ। ਸਾਰੇ ਮੈਂਬਰਾਂ ਨੇ ਗਿੱਧੇ, ਭੰਗੜੇ ਅਤੇ ਹੋਰ ਮਨੋਰੰਜਕ ਆਈਟਮਾਂ ਦਾ ਖ਼ੂਬ ਅਨੰਦ ਮਾਣਿਆ।

ਸਮਾਗਮ ਦੇ ਮੁੱਖ-ਮਹਿਮਾਨ ਮਾਣਯੋਗ ਮੰਤਰੀ ਮਨਿੰਦਰ ਸਿੰਘ ਸਿੱਧੂ ਵੱਲੋਂ ਸਮੂਹ ਮੈਂਬਰਾਂ ਨਾਲ ਵੈਸਾਖੀ ਅਤੇ ਸਿੱਖ ਵਿਰਾਸਤੀ ਮਹੀਨੇ ਦੀ ਮੁਬਾਰਕਬਾਦ ਸਾਂਝੀ ਕੀਤੀ ਗਈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਤਾਕਤ ਇਸ ਦੀ ਵਿਭਿੰਨਤਾ ਵਿੱਚ ਹੈ ਅਤੇ ਇੱਥੇ ਸਾਰੀਆਂ ਕਮਿਊਨਿਟੀਆਂ ਮਿਲ਼ ਕੇ ਆਪਣੇ ਸੱਭਿਆਚਾਰਕ ਤਿਓਹਾਰ ਮਨਾਉਂਦੀਆਂ ਹਨ। ਐੱਮ.ਪੀ.ਪੀ. ਅਮਰਜੋਤ ਸੰਧੂ ਨੇ ਕਲੱਬ ਵੱਲੋਂ ਕੀਤੇ ਗਏ ਇਸ ਉਪਰਾਲੇ ਭਾਰੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਸੀਨੀਅਰ ਸਾਡੀ ਕਮਿਊਨਿਟੀ ਦੇ ਨੀਂਹ-ਪੱਥਰ ਹਨ। ਉਨ੍ਹਾਂ ਦਾ ਮਾਣ ਤੇ ਇੱਜ਼ਤ ਕਰਨਾ ਅਤੇ ਉਨ੍ਹਾਂ ਨੂੰ ਸਮਾਜਿਕ ਤੌਰ 'ਤੇ ਚੇਤੰਨ ਤੇ ਚੁਸਤ-ਦਰੁਸੱਤ ਰੱਖਣਾ ਸਾਡੇ ਸਾਰਿਆਂ ਦਾ ਫ਼ਰਜ਼ ਬਣਦਾ ਹੈ। ਸਿਟੀ ਕੌਂਸਲਰ ਨਵਜੀਤ ਕੌਰ ਬਰਾੜ ਨੇ ਸਾਰਿਆਂ ਨੂੰ ਵੈਸਾਖੀ ਅਤੇ ਖਾਲਸਾ ਸਾਜਨਾ-ਦਿਵਸ ਦੀਆਂ ਵਧਾਈਆਂ ਦਿੰਦਿਆਂ ਹੋਇਆਂ ਕਿਹਾ ਕਿ ਮੈਨੂੰ ਸੀਨੀਅਰਾਂ ਵੱਲੋਂ ਇਹ ਤਿਓਹਾਰ ਇੰਜ ਖੁਸ਼ੀਆਂ ਤੇ ਖੇੜਿਆਂ ਨਾਲ ਮਨਉਂਦੇ ਵੇਖ ਕੇ ਬੜਾ ਮਾਣ ਮਹਿਸੂਸ ਹੋ ਰਿਹਾ ਹੈ। ਅਜਿਹੇ ਸਮਾਜਿਕ ਇਕੱਠ ਸਾਡੀਆਂ ਕਮਿਊਨਿਟੀਆਂ ਦੀਆਂ ਭਾਈਚਾਰਕ ਦੀਆਂ ਆਪਸੀ ਤੰਦਾਂ ਨੂੰ ਮਜ਼ਬੂਤ ਕਰਦੇ ਹਨ। ਸਮਾਗਮ ਦੇ ਅਖ਼ੀਰ ਵੱਲ ਵੱਧਦਿਆਂ ਕਲੱਬ ਦੇ ਪ੍ਰਧਾਨ ਹਰਚਰਨ ਸਿੰਘ ਵੱਲੋਂ ਇਸ ਸਮਾਗਮ ਨੂੰ ਸਫ਼ਲ ਬਨਾਉਣ ਲਈ ਸਮੂਹ ਮਹਿਮਾਨਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਟੀਮ ਵਜੋਂ ਕੀਤੀ ਗਈ ਮਿਹਨਤ ਅਤੇ ਸਾਂਝੇ ਯਤਨਾਂ ਨਾਲ ਹੀ ਸਫ਼ਲ ਹੁੰਦੇ ਹਨ। ਉਨ੍ਹਾਂ ਵੱਲੋਂ ਆਏ ਮਹਿਮਾਨਾਂ, ਕਾਰਜਕਾਰਨੀ ਟੀਮ ਦੇ ਮੈਂਬਰਾਂ, ਵਾਲੰਟੀਅਰਾਂ ਤੇ ਮਨੋਰੰਜਕ ਪ੍ਰੋਗਰਾਮਾਂ ਵਿਚ ਭਾਗ ਲੈਣ ਵਾਲਿਆਂ ਦਾ ਦਿਲੀ ਧੰਨਵਾਦ ਕੀਤਾ ਗਿਆ ਅਤੇ ਅੱਗੋਂ ਵੀ ਇੰਜ ਹੀ ਮਿਲ਼ ਕੇ ਅਜਿਹੇ ਭਾਵਪੂਰਤ ਅਤੇ ਮਨੋਰੰਜਕ ਈਵੈਂਟ ਮਨਾਉਣ ਦੀ ਉਮੀਦ ਜਤਾਈ ਗਈ।

# ਪੀ.ਸੀ.ਐਚ.ਐਸ. ਦੇ ਸ਼ੁੱਕਰਵਾਰ ਦੇ ਗਰੁੱਪ ਨੇ ਵੈਸਾਖੀ ਦਾ ਤਿਓਹਾਰ ਮਨਾਇਆ

## – ਵੈਸਾਖੀ ਬਾਰੇ ਵਿਚਾਰਾਂ ਤੇ ਗੀਤ-ਸੰਗੀਤ ਹੋਇਆ



ਬਰੈਂਪਟਨ, (ਡਾ. ਝੰਡ) – ਲੰਘੇ ਸ਼ੁੱਕਰਵਾਰ ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ (ਪੀ.ਸੀ.ਐੱਚ.ਐੱਸ.) ਦੇ ਸ਼ੁੱਕਰਵਾਰ ਵਾਲੇ ਗਰੁੱਪ ਨੇ ਵੈਸਾਖੀ ਦਾ ਤਿਓਹਾਰ ਬੜੇ ਸ਼ੌਕ ਅਤੇ ਉਤਸ਼ਾਹ ਨਾਲ ਮਨਾਇਆ। ਪ੍ਰੋਗਰਾਮ ਦੀ ਕੋਆਰਡੀਨੇਟਰ ਆਸ਼ਾ ਅਸ਼ਵਾਲ ਅਤੇ ਉਨ੍ਹਾਂ ਦੀਆਂ ਸਹਿਯੋਗੀ ਵਾਲੰਟੀਅਰ ਸਾਥਣਾਂ ਨੇ ਮੀਟਿੰਗ-ਹਾਲ ਨੂੰ ਰੰਗ-ਬਿਰੰਗੇ ਫੁੱਲਾਂ-ਬੂਟਿਆਂ ਨਾਲ ਬਹੁਤ ਵਧੀਆ ਤਰ੍ਹਾਂ ਸ਼ਿੰਗਾਰਿਆ ਹੋਇਆ ਸੀ। ਵਿਚਕਾਰ ਇੱਕ ਵੱਡੇ ਮੇਜ਼ ਉੱਪਰ ਪੰਜਾਬੀ ਸੱਭਿਆਚਾਰ ਦੇ ਪ੍ਰਤੀਕ ਚਰਖਾ, ਚੱਕੀ, ਚਾਟੀ, ਮਧਾਣੀ, ਵੇਲਣਾ, ਟਰੈਕਟਰ, ਆਦਿ ਦੇ ਮਾਡਲ ਅਤੇ ਦੋ ਛੋਟੇ-ਛੋਟੇ ਗਮਲਿਆਂ ਵਿੱਚ ਕਣਕ ਦੇ ਉਗੇ ਹੋਏ ਬੂਟੇ ਰੱਖੇ ਹੋਏ ਸਨ। ਹਾਲ ਵਿੱਚ ਲੱਗੇ ਹੋਏ ਟੀ.ਵੀ. ਉੱਪਰ ਮਹਾਨ ਪੰਜਾਬੀ ਗਾਇਕਾ 'ਪੰਜਾਬ ਦੀ ਕੋਇਲ' ਦੇ ਪੰਜਾਬੀ ਸੱਭਿਆਚਾਰ ਵਿੱਚ ਡੁੱਬੇ ਗੀਤ ਚੱਲ ਰਹੇ ਸਨ ਜੋ ਇਸ ਸਮਾਗਮ ਵਿੱਚ ਸ਼ਾਮਲ ਹੋ ਰਹੇ ਮੈਂਬਰਾਂ ਦਾ ਸੁਆਗ਼ਤ ਕਰ ਰਹੇ ਸਨ।

ਗਿਆਰਾਂ ਵਜੇ ਦੇ ਕਰੀਬ ਗਰੁੱਪ ਦੇ ਸਾਰੇ ਮੈਂਬਰਾਂ ਦੀ ਆਮਦ ਤੋਂ ਬਾਅਦ ਪ੍ਰੋਗਰਾਮ ਦੀ ਕੋਆਰਡੀਨੇਟਰ ਵੱਲੋਂ ਵਿਸਾਖੀ ਦੇ ਸ਼ੁਭ ਤਿਓਹਾਰ ਦੀਆਂ ਮੁਬਾਰਕਾਂ ਸਾਂਝੀਆਂ ਕਰਦਿਆਂ ਹੋਇਆਂ ਸਾਰੇ ਮੈਂਬਰਾਂ ਦਾ ਸੁਆਗ਼ਤ ਕੀਤਾ ਗਿਆ ਅਤੇ ਨਾਲ ਹੀ ਪ੍ਰੋਗਰਾਮ ਦੀ ਰੂਪ-ਰੇਖ਼ਾ ਦੱਸੀ ਗਈ। ਪ੍ਰੋਗਰਾਮ ਦੇ ਆਰੰਭ ਵਿੱਚ 10 ਕੁ ਮਿੰਟਾਂ ਲਈ ਸਰੀਰਕ ਕਸਰਤਾਂ ਕਰਵਾਈਆਂ ਗਈਆਂ ਅਤੇ ਫਿਰ ਇੱਕ ਸਿਰੇ ਤੋਂ ਸ਼ੁਰੂ ਕਰਕੇ ਹਰੇਕ ਮੈਂਬਰ ਨੂੰ ਵੈਸਾਖੀ ਦੇ ਤਿਓਹਾਰ ਬਾਰੇ ਆਪਣੇ ਵਿਚਾਰ ਦੱਸਣ ਲਈ ਕਿਹਾ ਗਿਆ। ਇਸਦੀ ਵਾਰੀ ਪਹਿਲਾਂ ਬੀਬੀਆਂ ਵਾਲੇ ਪਾਸੇ ਦੀ ਆਈ ਜਿਨ੍ਹਾਂ ਵਿੱਚੋਂ ਦੋ-ਤਿੰਨ ਬੀਬੀਆਂ ਨੇ ਵੈਸਾਖੀ ਦੀ ਧਾਰਮਿਕ, ਇਤਹਾਸਕ ਅਤੇ ਸੱਭਿਆਚਾਰਕ ਅਹਿਮੀਅਤ ਬਾਰੇ ਸੰਖੇਪ ਗੱਲ ਕੀਤੀ। ਕਈਆਂ ਨੇ ਵੈਸਾਖੀ ਦੀਆਂ ਵਧਾਈਆਂ ਹੀ ਸਾਂਝੀਆਂ ਕੀਤੀਆਂ, ਜਦਕਿ ਕਈ ਹੋਰਨਾਂ ਨੇ ਵੈਸਾਖੀ ਨਾਲ ਸਬੰਧਿਤ ਗੀਤ ਗਾ ਕੇ ਅਤੇ ਮੇਲੇ ਵਾਲੀਆਂ ਬੋਲੀਆਂ ਪਾ ਕੇ ਮਾਹੌਲ ਨੂੰ ਸੰਗੀਤਕ ਰੂਪ ਦਿੱਤਾ।

ਮਰਦਾਂ ਵਾਲੇ ਪਾਸੇ ਵਾਰੀ ਆਉਣ 'ਤੇ ਉਨ੍ਹਾਂ ਵੱਲੋਂ ਵਿਸਾਖੀ ਦੇ ਤਿਓਹਾਰ ਦੀ ਸ਼ੁਰੂਆਤ ਅਤੇ ਇਸਦੀ ਇਤਿਹਾਸਕ ਸਮਾਜਿਕ ਤੇ ਸੱਭਿਆਚਾਰ ਮਹੱਤਤਾ ਬਾਰੇ ਵਿਸਥਾਰ ਵਿੱਚ ਗੱਲ ਕੀਤੀ ਗਈ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਇਸ ਮੌਕੇ ਦੱਸਿਆ ਕਿ ਵੈਸਾਖੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 30 ਮਾਰਚ 1699 ਨੂੰ ਖਾਲਸੇ ਦੀ ਸਿਰਜਨਾ ਕਰਨ ਤੋਂ ਪਹਿਲਾਂ ਵੀ ਮਨਾਈ ਜਾਂਦੀ ਸੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ-ਪੁਰਬ ਜੋ ਅੱਜਕੱਲ੍ਹ ਸਮੂਹ ਸੰਗਤਾਂ ਵੱਲੋਂ ਕੱਤਕ ਦੇ ਮਹੀਨੇ ਮਨਾਇਆ ਜਾਂਦਾ ਹੈ, ਉਹ ਉੱਘੇ ਇਤਿਹਾਸਕਾਰ ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ 'ਕੱਤਕ ਕਿ ਵੈਸਾਖ' ਅਨੁਸਾਰ ਪਹਿਲੀ ਵੈਸਾਖ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ 'ਖਾਲਸਾ ਸਾਜਨਾ' ਲਈ ਇਹ ਦਿਹਾੜਾ ਸ਼ਾਇਦ ਏਸੇ ਲਈ ਹੀ ਚੁਣਿਆ ਗਿਆ ਹੋਵੇਗਾ। ਸੁਰਿੰਦਰ ਸਿੰਘ ਗਾਂਧੀ ਨੇ ਦੱਸਿਆ ਕਿ ਵੈਸਾਖੀ ਦਾ ਤਿਓਹਾਰ ਪਹਿਲੀ ਵੈਸਾਖ ਨੂੰ ਕਰਨਾਟਕਾ ਅਤੇ ਤਾਮਿਲ ਨਾਡੂ ਰਾਜਾਂ ਵਿੱਚ ਵੀ ਮਨਾਇਆ ਜਾਂਦਾਂ ਹੈ। ਹਰੀਸ਼ ਚੌਹਾਨ ਨੇ ਇਸ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕਰਨਾਟਕਾ ਵਿੱਚ ਰਹਿੰਦਿਆਂ ਇਹ ਤਿਓਹਾਰ ਪਹਿਲੀ ਵੈਸਾਖ ਨੂੰ ਉੱਥੇ ਮਨਾਇਆ ਜਾਂਦਾਂ ਆਪਣੇ ਅੱਖੀਂ ਵੇਖਿਆ ਹੈ। ਇਹ ਵੱਖਰੀ ਗੱਲ ਹੈ ਕਿ ਉੱਥੇ ਇਸ ਦਾ ਨਾਂ ਉਨ੍ਹਾਂ ਦੀ ਸਥਾਨਕ ਬੋਲੀ ਵਿੱਚ ਵੈਸਾਖੀ ਨਹੀਂ, ਕੁਝ ਹੋਰ ਹੈ। ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੌਕੇ ਆਸਾ ਸਿੰਘ ਮਸਤਾਨਾ ਦਾ ਵੈਸਾਖੀ ਮੇਲੇ ਨਾਲ ਜੁੜਿਆ ਗਾਣਾ "ਅੱਜ ਸਾਰੇ ਛੱਡ ਜੰਜਾਲ ਕੁੜੇ, ਮੇਲੇ ਨੂੰ ਚੱਲ ਮੇਰੇ ਨਾਲ਼ ਕੁੜੇ" ਗਾ ਕੇ ਸਾਰਿਆਂ ਨੂੰ ਝੂੰਮਣ ਲਾ ਦਿੱਤਾ। ਸਾਰੇ ਮੈਂਬਰ ਇਹ ਗੀਤ ਉਸਦੇ ਨਾਲ ਗਾਉਣ ਲੱਗ ਪਏ। ਰਜਿੰਦਰ ਸਿੰਘ ਸਰੋਏ ਨੇ 'ਭੰਗੜਾ'ਫ਼ਿਲਮ ਦਾ ਗੀਤ "ਚਿੱਟੇ ਦੰਦ ਹੱਸਣੋਂ ਨਹੀਉਂ ਰਹਿੰਦੇ ਤੇ ਲੋਕੀਂ ਭੈੜੇ ਸ਼ੱਕ ਕਰਦੇ"। ਯਸ਼ ਦੱਤਾ ਨੇ ਵੈਸਾਖੀ ਦਿਹਾੜੇ ਦੀਆਂ ਵਧਾਈਆਂ ਸਾਂਝੀਆਂ ਕਰਦਿਆਂ ਹੋਇਆਂ ਪਾਣੇ ਸਮਿਆਂ ਵਿੱਚ ਲੜਕੇ ਅਤੇ ਲੜਕੀ ਲਈ ਯੋਗ ਵਰ ਢੂੰਡਣ ਗਏ ਦੋ ਬ੍ਰਾਹਮਣਾਂ ਦੀ ਦਿਲਚਸਪ ਗੱਲ-ਬਾਤ ਸੁਣਾ ਕੇ ਸਾਰਿਆਂ ਦੇ ਢਿੱਡੀਂ ਪੀੜਾਂ ਪਾਈਆਂ। ਪ੍ਰੋਗਰਾਮ ਦੇ ਅਖ਼ੀਰ ਵੱਲ ਵੱਧਦਿਆਂ ਪ੍ਰੋਗਰਾਮ ਕੋਆਰਡੀਨੇਟਰ ਆਸ਼ਾ ਅਸ਼ਵਾਲ ਵੱਲੋਂ ਇਹ ਤਿਓਹਾਰ ਏਨੇ ਸ਼ਾਨਦਾਰ ਤਰੀਕੇ ਨਾਲ ਮਨਾਉਣ ਲਈ ਗਰੁੱਪ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਏਨੇ ਚਿਰ ਨੂੰ ਸਥਾਨਕ ਰੈਸਟੋਰੈਂਟ ਤੋਂ ਆਰਡਰ ਕੀਤਾ ਹੋਇਆ ਭੋਜਨ ਵੀ ਆ ਗਿਆ ਅਤੇ ਸਾਰਿਆਂ ਨੇ ਮਿਲ਼ ਕੇ ਇਸਦਾ ਖ਼ੂਬ ਅਨੰਦ ਮਾਣਿਆਂ। ਇਸ ਤਰ੍ਹਾਂ ਇਸ ਗਰੁੱਪ ਵੱਲੋਂ ਵੈਸਾਖੀ ਮਨਾਉਣ ਦਾ ਇਹ ਸਮਾਗ਼ਮ ਇਸ ਗਰੁੱਪ ਦੇ ਮੈਂਬਰਾਂ ਤੇ ਸਟਾਫ਼ ਲਈ ਯਾਦਗਾਰੀ ਬਣ ਗਿਆ।

# ਅਮਰੀਕਾ ਦੇ ਸਟੂਡੈਂਟ ਵੀਜ਼ਾ ਨਾਲ ਜੁੜੇ ਇਹ ਨਿਯਮ ਨਾਂ ਮੰਨੇ ਤਾਂ ਕੀਤਾ ਜਾ ਸਕਦਾ ਡਿਪੋਰਟ




ਵਾਸ਼ਿੰਗਟਨ: ਅਮਰੀਕਾ ਵਿੱਚ ਪੜ੍ਹਾਈ ਕਰਨ ਲਈ F-1 ਵੀਜ਼ਾ ਦਿੱਤਾ ਜਾਂਦਾ ਹੈ, ਜਿਸਨੂੰ ਸਟੂਡੈਂਟ ਵੀਜ਼ਾ ਕਿਹਾ ਜਾਂਦਾ ਹੈ। ਇਹ ਨਾਨ-ਇਮੀਗ੍ਰੇਂਟ ਕੈਟੇਗਰੀ ਵਿੱਚ ਆਉਂਦਾ ਹੈ ਅਤੇ ਇਸ ਰਾਹੀਂ ਸਿਰਫ਼ ਓਹਨਾਂ ਯੂਨੀਵਰਸਿਟੀਆਂ ਵਿੱਚ ਹੀ ਦਾਖਲਾ ਮਿਲਦਾ ਹੈ ਜੋ 'ਸਟੂਡੈਂਟ ਐਂਡ ਐਕਸਚੇਂਜ ਵਿਜ਼ਟਰ ਪ੍ਰੋਗਰਾਮ' (SEVP) ਨਾਲ ਮਨਜ਼ੂਰਸ਼ੁਦਾ ਹੁੰਦੀਆਂ ਹਨ। ਇਹ ਉਹ ਸੰਸਥਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਆਗਿਆ ਮਿਲੀ ਹੁੰਦੀ ਹੈ।

ਕੋਈ ਵਿਦਿਆਰਥੀ F-1 ਵੀਜ਼ਾ 'ਤੇ ਕਿੰਨਾ ਸਮਾਂ ਅਮਰੀਕਾ ਵਿੱਚ ਰਹਿ ਸਕਦਾ ਹੈ, ਇਹ ਉਸਦੇ ਕੋਰਸ 'ਤੇ ਨਿਰਭਰ ਕਰਦਾ ਹੈ। ਪਰ ਸਟੂਡੈਂਟ ਵੀਜ਼ਾ ਮਿਲ ਜਾਣ ਦਾ ਇਹ ਮਤਲਬ ਨਹੀਂ ਕਿ ਵਿਦਿਆਰਥੀ ਆਪਣੀ ਮਰਜ਼ੀ ਨਾਲ ਜਿੰਨਾ ਚਾਹੇ ਉਥੇ ਰਹਿ ਸਕਦਾ ਹੈ। ਇਸ ਨਾਲ ਕਈ ਨਿਯਮ ਜੁੜੇ ਹੁੰਦੇ ਹਨ, ਜਿਨ੍ਹਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਨਿਯਮਾਂ ਦੀ ਉਲੰਘਣਾ ਕਰਨ 'ਤੇ ਡਿਪੋਰਟ ਹੋਣ ਦਾ ਖਤਰਾ ਬਣ ਸਕਦਾ ਹੈ। ਇਨ੍ਹਾਂ ਨਿਯਮਾਂ ਵਿੱਚ ਇੱਕ ਮਹੱਤਵਪੂਰਨ ਨਿਯਮ 'Maintain Status' ਹੈ। ਅਮਰੀਕਾ ਵਿੱਚ ਪੜ੍ਹਾਈ ਜਾਰੀ ਰੱਖਣ ਲਈ ਵਿਦਿਆਰਥੀ ਨੂੰ ਆਪਣਾ F-1 ਸਟੇਟਸ ਬਣਾਈ ਰੱਖਣਾ ਪੈਂਦਾ ਹੈ। ਇਸ ਲਈ ਯੂਨੀਵਰਸਿਟੀ ਦੇ ਨਿਯਮਾਂ ਦੇ ਨਾਲ-ਨਾਲ ਵੀਜ਼ਾ ਦੀਆਂ ਸਾਰੀਆਂ ਸ਼ਰਤਾਂ ਮੰਨਣੀਆਂ ਲਾਜ਼ਮੀ ਹਨ। ਆਮਭਾਸ਼ਾ ਵਿੱਚ, ਵਿਦਿਆਰਥੀ ਨੂੰ ਕੋਈ ਵੀ ਐਸਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਉਸਦੀ ਸਟੂਡੈਂਟ ਹੋਣ ਦੀ ਪਹਿਚਾਣ 'ਤੇ ਅਸਰ ਪਵੇ।

F-1 ਵੀਜ਼ਾ ਦਾ ਮਤਲਬ ਹੈ ਕਿ ਵਿਦਿਆਰਥੀਅਮਰੀਕਾ ਸਿਰਫ ਪੜ੍ਹਾਈ ਲਈ ਆਇਆ ਹੈ। ਉਸ ਨੂੰ ਆਪਣੇ ਮਕਸਦ ਤੋਂ ਨਹੀਂ ਹਟਣਾ ਚਾਹੀਦਾ ਅਤੇ ਨਾ ਹੀ ਐਸਾ ਕੋਈ ਕੰਮ ਕਰਨਾ ਚਾਹੀਦਾ ਹੈ ਜਿਸ ਨਾਲ ਪੜ੍ਹਾਈ ਦੀ ਨੀਅਤ ਬਦਲਦੀ ਲੱਗੇ। ਇਸਦਾ ਸਿੱਧਾ ਅਰਥ ਹੈ ਕਿ ਵਿਦਿਆਰਥੀ ਨੂੰ ਪੜ੍ਹਾਈ 'ਤੇ ਧਿਆਨ ਦੇਣਾ ਹੈ ਨਾਂ ਕਿ ਕੰਮ ਕਰਨ 'ਤੇ ਕਿਉਂਕਿ ਇਸਦੀ ਆਗਿਆ ਨਹੀਂ ਹੁੰਦੀ।

ਸਟੇਟਸ ਬਣਾਈ ਰੱਖਣ ਲਈ ਵਿਦਿਆਰਥੀ ਨੂੰ ਕੋਰਸ ਸ਼ੁਰੂ ਹੋਣ ਤੋਂ 30 ਦਿਨ ਪਹਿਲਾਂ ਅਮਰੀਕਾ ਪਹੁੰਚਣਾ ਚਾਹੀਦਾ ਹੈ। ਉੱਥੇ ਜਾ ਕੇ ਉਸ ਨੂੰ ਆਪਣੇ ਕਾਲਜ ਜਾਂ ਯੂਨੀਵਰਸਿਟੀ ਦੇ ਡਿਜ਼ਿਗਨੇਟਡ ਸਕੂਲ ਅਫ਼ਿਸ਼ਲ (DSO) ਨਾਲ ਸੰਪਰਕ ਕਰਨਾ ਲਾਜ਼ਮੀ ਹੈ। ਯੂਨੀਵਰਸਿਟੀ ਵਿੱਚ ਪਹੁੰਚਣ ਤੋਂ ਬਾਅਦ ਵੀ DSO ਨਾਲ ਸੰਪਰਕ ਵਿੱਚ ਰਹਿਣਾ ਹੁੰਦਾ ਹੈ। ਇਸ ਤੋਂ ਇਲਾਵਾ, ਸਾਰੀਆਂ ਕਲਾਸਾਂ ਵਿੱਚ ਹਾਜ਼ਰੀ ਲਗਾਉਣਾ ਵੀ ਜ਼ਰੂਰੀ ਹੈ। ਜੇ ਕੋਰਸ ਪੂਰਾ ਕਰਨ ਲਈ ਵੱਧ ਸਮਾਂ ਲੱਗਦਾ ਹੈ, ਤਾਂ ਧਸ਼ੋ ਨੂੰ ਦੱਸਣਾ ਪੈਂਦਾ ਹੈ ਤਾਂ ਜੋ ਸਮੇਂ ਵਿੱਚ ਵਾਧਾ ਮਿਲ ਸਕੇ। ਛੁੱਟੀ 'ਤੇ ਜਾਣ ਦੀ ਇਜਾਜ਼ਤ ਵੀ ਉਦੋਂ ਹੀ ਮਿਲਦੀ ਹੈ ਜਦੋਂ ਘੱਟੋ-ਘੱਟ ਇੱਕ ਸਾਲ ਦੀ ਪੜ੍ਹਾਈ ਪੂਰੀ ਹੋ ਚੁੱਕੀ ਹੋਵੇ।

# ਸਾਬਕਾ ਕੈਬਨਿਟ ਮੰਤਰੀ ਨਵਦੀਪ ਸਿੰਘ ਬੈਂਸ ਓਨਟਾਰੀਓ ਲਿਬਰਲ ਲੀਡਰ ਦੀ ਚੋਣ ਲੜਨਗੇ




ਟਰਾਂਟੋ : ਜਸਟਿਨ ਟਰੂਡੋ ਦੀ ਸਰਕਾਰ ਵਿਚ ਸੀਨੀਅਰ ਕੈਬਨਿਟ ਮੰਤਰੀ ਰਹਿ ਚੁੱਕੇ ਸ੍ਰ: ਨਵਦੀਪ ਸਿੰਘ ਬੈਂਸ ਉਨਟਾਰੀਓ ਲਿਬਰਲ ਪਾਰਟੀ ਦੀ ਲੀਡਰਸ਼ਿਪ ਚੋਣ ਲੜ੍ਹਨਗੇ ਇਸ ਗੱਲ ਦੀ ਚਰਚਾ ਉਨਟਾਰੀਓ ਦੇ ਲੋਕਾਂ ਵਿਚ ਬੜੇ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਹਮਦਰਦ ਦਾ ਨਵਦੀਪ ਸਿੰਘ ਬੈਂਸ ਨਾਲ ਸੰਪਰਕ ਨਹੀਂ ਹੋ ਸਕਿਆ ਪਰ ਭਰੋਸੇਯੋਗ ਸੂਤਰਾਂ ਅਨੁਸਾਰ ਉਹ ਰੌਜ਼ਰਜ਼ ਦੇ ਉਚ ਅਹੁਦੇ ਤੋਂ ਅਸਤੀਫਾ ਦੇ ਕੇ ਇਹ ਚੋਣ ਲੜ੍ਹਨਗੇ ਕਿਉਂਕਿ ਉਨ੍ਹਾਂ ਤੇ ਲਿਬਰਲ ਪਾਰਟੀ ਦੇ ਬਹੁਤ ਸਾਰੇ ਆਗੂਆਂ, ਮੈਂਬਰਾਂ ਅਤੇ ਹੋਰ ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣਾਂ ਵਲੋਂ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਇਕ ਕਾਬਿਲ ਉਮੀਦਵਾਰ ਹਨ ਜੋ ਕਿ ਉਨਟਾਰੀਓ ਸੂਬੇ ਵਿਚ ਹੀ ਨਹੀਂ ਸਗੋਂ ਕੈਨੇਡਾ ਵਿਚ ਉਨ੍ਹਾਂ ਦਾ ਚੰਗਾ ਅਸਰ ਰਸੂਖ ਹੈ। ਪਾਰਟੀ ਆਗੂ ਇਹ ਵੀ ਮੰਨਦੇ ਹਨ ਕਿ ਉਹ ਚੋਣ ਲੜ੍ਹਨ ਦੀ ਲਾਇਨ ਵਿਚ ਲੱਗੇ ਹੁਣ ਤੱਕ ਚਾਰ-ਪੰਜ ਉਮੀਦਵਾਰਾਂ ਵਿਚੋਂ ਸਭ ਤੋਂ ਵੱਧ ਕਾਬਿਲ ਤੇ ਤਜ਼ਰਬੇਕਾਰ ਹਨ। ਸ੍ਰ: ਬੈਂਸ ਦੇ ਹਮਾਇਤੀਆਂ ਵਲੋਂ ਇਸ ਦੀਆਂ ਤਿਆਰੀਆਂ ਅੰਦਰੋਖਤੀ ਆਰੰਭ ਦਿੱਤੀ ਹਨ ਤਾਂ ਉਨ੍ਹਾਂ ਨੂੰ ਸ਼ਾਨੋਂ ਸ਼ੌਕਤ ਨਾਲ ਜਿਤਾ ਕੇ ਆਉਂਦੀਆਂ ਪ੍ਰੋਵਿੰਸ਼ਲ ਚੋਣਾਂ ਵਿਚ ਉਹ ਪ੍ਰੀਮੀਅਰ ਡੱਗ ਫੋਰਡ ਦਾ ਮੁਕਾਬਲਾ ਕਰ ਸਕਦੇ ਹਨ। ਜੇ ਉਹ ਚੋਣ ਜਿੱਤ ਜਾਂਦੇ ਹਨ ਤੇ ਉਹ ਉਨਟਾਰੀਓ ਦੇ ਪਹਿਲੇ ਸਿੱਖ ਪ੍ਰੀਮੀਅਰ ਬਣ ਸਕਦੇ ਹਨ। ਚੇਤੇ ਰਹੇ ਕਿ ਇਸ ਤੋਂ ਪਹਿਲਾਂ ਕੈਨੇਡਾ ਦੇ ਬੀ.ਸੀ ਸੂਬੇ ਵਿਚ ਪਹਿਲੇ ਪੰਜਾਬੀ ਉਜਲ ਦੁਸਾਂਝ ਪ੍ਰੀਮੀਅਰ ਬਣ ਚੁੱਕੇ ਹਨ।

## ਕੈਨੇਡਾ ਦੀ ਅਦਾਲਤ ਨੇ ਭਾਰਤੀ ਵਿਦਿਆਰਥੀ ਦੇ ਕਾਤਲ ਨੂੰ ਦਿੱਤੀ ਉਮਰਕੈਦ ਦੀ ਸਜ਼ਾ

ਟੋਰਾਂਟੋ: ਭਾਰਤੀ ਵਿਦਿਆਰਥੀ ਕਾਰਤਿਕ ਵਾਸੁਦੇਵ ਦੇ ਕਤਲ ਮਾਮਲੇ ਵਿਚ ਦੋਸ਼ੀ ਰਿਚਰਡ ਐਡਵਿਨ ਨੂੰ ਟੋਰਾਂਟੋ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਹ ਫੈਸਲਾ ਲਗਭਗ ਚਾਰ ਸਾਲਾਂ ਦੀ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਆਇਆ ਹੈ, ਜਿਸ ਨਾਲ ਕਾਰਤਿਕ ਦੇ ਪਰਵਾਰ ਨੂੰ ਕੁੱਝ ਹੱਦ ਤਕ ਸੰਤੋਖ ਮਿਲਿਆ ਹੈ ਕਿ ਨਿਆਂ ਹੋਇਆ ਹੈ।

ਭਾਰਤ ਦੇ ਗਾਜ਼ੀਆਬਾਦ ਦਾ 21 ਸਾਲਾਂ ਦਾ ਕਾਰਤਿਕ ਵਾਸੁਦੇਵ ਐਮ.ਬੀ.ਏ. ਦਾ ਵਿਦਿਆਰਥੀ ਸੀਟੋਰਾਂਟੋ ਦੇ ਸ਼ੇਰਬੋਰਨ ਸਬਵੇ ਸਟੇਸ਼ਨ ਦੇ ਬਾਹਰ 7 ਅਪ੍ਰੈਲ 2022 ਉਸ ਨੂੰ 8 ਗੋਲੀਆਂ ਮਾਰੀ ਗਈਆਂ। ਦੋ ਦਿਨ ਬਾਅਦ, ਐਡਵਿਨ ਨੇ ਹੋਰ ਇਕ ਵਿਅਕਤੀ ਇਲਾਇਜਾ ਇਲੀਅਜ਼ਰ ਮਹੇਪਾਥ ਨੂੰ ਵੀ ਮਾਰ ਦਿੱਤਾ। ਐਡਵਿਨ ਨੇ ਦਲੀਲ ਦਿਤੀ ਕਿ ਉਹ ਮਾਨਸਿਕ ਬੀਮਾਰੀ ਨਾਲ ਪੀੜਤ ਹੈ ਅਤੇ ਇਸ ਲਈ ਉਸ ਨੂੰ ਅਪਰਾਧਕ ਤੌਰ 'ਤੇ ਜ਼ਿੰਮੇਵਾਰ ਨਾ ਮੰਨਿਆ ਜਾਵੇ। ਪਰ ਟੋਰਾਂਟੋ ਦੀ ਉੱਚ ਅਦਾਲਤ ਦੀ ਜੱਜ ਜੇਨ ਕੇਲੀ ਨੇ ਇਹ ਦਲੀਲ ਰੱਦ ਕਰ ਦਿਤੀ। ਅਦਾਲਤ ਨੇ ਸਪਸ਼ਟ ਕੀਤਾ ਕਿ ਐਡਵਿਨ ਨੇ ਬਿਨਾਂ ਕਿਸੇ ਕਾਰਨ ਦੋ ਅਜਨਬੀਆਂ ਨੂੰ ਮਾਰਿਆ ਅਤੇ ਇਹ ਕਤਲ ਪਹਿਲੀ ਡਿਗਰੀ ਦੇ ਕਤਲ ਦੀ ਸ਼੍ਰੇਣੀ ਵਿਚ ਆਉਂਦਾ ਹੈ। ਕਾਰਤਿਕ ਦੇ ਪਰਵਾਰ ਨੇ ਕਿਹਾ ਕਿ ਚਾਰ ਸਾਲ ਦੀ ਕਾਨੂੰਨੀ ਲੜਾਈ ਤੋਂ ਬਾਅਦ ਇਹ ਫੈਸਲਾ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਕਿਹਾ ਕਿ 'ਕਾਰਤਿਕ ਦੀ ਮੌਤ ਸਾਡੇ ਲਈ ਬੇਹੱਦ ਦੁਖਦਾਈ ਸੀ, ਪਰ ਹੁਣ ਸਾਨੂੰ ਇਹ ਜਾਣ ਕੇ ਕੁੱਝ ਹੱਦ ਤਕ ਸ਼ਾਂਤੀ ਮਿਲੀ ਹੈ ਕਿ ਦੋਸ਼ੀ ਨੂੰ ਉਸ ਦੇ ਅਪਰਾਧ ਲਈ ਸਜ਼ਾ ਮਿਲੀ ਹੈ।'

# ਟਰੰਪ ਦੇ ਟੈਰਿਫ ਯੁੱਧ ਤੋਂ ਪਰੇਸ਼ਾਨ ਕੈਨੇਡਾ, ਲੱਭ ਰਿਹਾ ਹੈ ਦੁਨੀਆ ਵਿੱਚ ਨਵੇਂ ਵਪਾਰਕ ਰਸਤੇ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੇ ਨੇ ਅਮਰੀਕਾ ਨਾਲ ਵਧਦੇ ਵਪਾਰਕ ਤਣਾਅ ਦੇ ਵਿਚਕਾਰ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਇੱਕ ਨਵੀਂ ਰਣਨੀਤੀ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਹੁਣ ਸਿਰਫ਼ ਅਮਰੀਕਾ 'ਤੇ ਨਿਰਭਰ ਰਹਿਣਾ ਕੈਨੇਡਾ ਦੀ ਤਾਕਤ ਦੀ ਬਜਾਏ ਕਮਜ਼ੋਰੀ ਬਣ ਗਿਆ ਹੈ ਅਤੇ ਇਸ ਤੋਂ ਬਾਹਰ ਨਿਕਲਣ ਲਈ ਦੁਨੀਆ ਦੇ ਦੂਜੇ ਦੇਸ਼ਾਂ ਨਾਲ ਵਪਾਰ ਵਧਾਉਣਾ ਜ਼ਰੂਰੀ ਹੈ।

ਓਟਾਵਾ ਤੋਂ ਇੱਕ ਵੀਡੀਓ ਸੰਦੇਸ਼ ਵਿੱਚ, ਕਾਰਨੇ ਨੇ ਕਿਹਾ ਕਿ ਅਮਰੀਕਾ ਨੇ ਆਪਣੇ ਵਪਾਰਕ ਰੁਖ ਵਿੱਚ ਇੱਕ ਵੱਡੀ ਤਬਦੀਲੀ ਕੀਤੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਧੀਨ, ਟੈਰਿਫਾਂ ਨੂੰ ਉਨ੍ਹਾਂ ਪੱਧਰਾਂ ਤੱਕ ਵਧਾ ਦਿੱਤਾ ਗਿਆ ਹੈ ਜੋ ਪਹਿਲਾਂ ਸਿਰਫ ਮਹਾਂ ਮੰਦੀ ਦੌਰਾਨ ਹੀ ਵੇਖੇ ਗਏ ਸਨ। ਇਨ੍ਹਾਂ ਭਾਰੀ ਟੈਰਿਫਾਂ ਨੇ ਸਿੱਧੇ ਤੌਰ 'ਤੇ ਕੈਨੇਡਾ ਦੇ ਆਟੋਮੋਬਾਈਲ, ਸਟੀਲ ਅਤੇ ਲੱਕੜ ਉਦਯੋਗਾਂ ਨੂੰ ਪ੍ਰਭਾਵਿਤ ਕੀਤਾ ਹੈ।

ਰਿਪੋਰਟ ਦੇ ਅਨੁਸਾਰ ਅਮਰੀਕਾ ਨੇ 2025 ਦੀ ਸ਼ੁਰੂਆਤ ਤੋਂ ਹੀ ਕੈਨੇਡਾ ਤੋਂ ਆਉਣ ਵਾਲੇ ਕਈ ਉਤਪਾਦਾਂ 'ਤੇ ਸਖ਼ਤ ਟੈਰਿਫ ਲਗਾਏ ਹਨ। ਕੁਝ ਵਸਤੂਆਂ 'ਤੇ 25% ਤੱਕ ਅਤੇ ਸਟੀਲ ਅਤੇ ਐਲੂਮੀਨੀਅਮ 'ਤੇ 50% ਤੱਕ ਟੈਕਸ ਲਗਾਇਆ ਗਿਆ ਹੈ। ਇਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਸਪਲਾਈ ਚੇਨਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ ਅਤੇ ਕੈਨੇਡਾ 'ਤੇ ਨਵੇਂ ਵਪਾਰਕ ਵਿਕਲਪਾਂ ਦੀ ਖੋਜ ਕਰਨ ਲਈ ਦਬਾਅ ਵਧਿਆ ਹੈ। ਕਾਰਨੇ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪਿਛਲੇ ਸਾਲ ਚਾਰ ਮਹਾਂਦੀਪਾਂ ਵਿੱਚ 20 ਨਵੇਂ ਵਪਾਰ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ। ਉਨ੍ਹਾਂ ਕਿਹਾ, "ਉਮੀਦ ਕੋਈ ਯੋਜਨਾ ਨਹੀਂ ਹੈ, ਅਤੇ ਰਣਨੀਤੀ ਪੁਰਾਣੀਆਂ ਯਾਦਾਂ 'ਤੇ ਨਹੀਂ ਬਣਾਈ ਜਾ ਸਕਦੀ।" ਇਸਦਾ ਮਤਲਬ ਹੈ ਕਿ ਕੈਨੇਡਾ ਹੁਣ ਪੁਰਾਣੇ, ਅਮਰੀਕਾ-ਕੇਂਦ੍ਰਿਤ ਮਾਡਲ ਵੱਲ ਵਾਪਸੀ ਦੀ ਉਡੀਕ ਨਹੀਂ ਕਰੇਗਾ, ਸਗੋਂ ਇੱਕ ਨਵੀਂ ਦਿਸ਼ਾ ਵਿੱਚ ਅੱਗੇ ਵਧੇਗਾ। ਕਾਰਨੇ ਨੇ ਇਹ ਵੀ ਸਵੀਕਾਰ ਕੀਤਾ ਕਿ ਅਮਰੀਕੀ ਟੈਰਿਫਾਂ ਨੇ ਆਟੋ ਅਤੇ ਸਟੀਲ ਖੇਤਰਾਂ ਵਿੱਚ ਕਾਮਿਆਂ ਨੂੰ ਪ੍ਰਭਾਵਿਤ ਕੀਤਾ ਹੈ। ਅਨਿਸ਼ਚਿਤ ਵਾਤਾਵਰਣ ਕੰਪਨੀਆਂ ਨੂੰ ਨਿਵੇਸ਼ ਕਰਨ ਤੋਂ ਰੋਕ ਰਿਹਾ ਹੈ, ਜਿਸ ਨਾਲ ਆਰਥਿਕ ਗਤੀਵਿਧੀਆਂ ਪ੍ਰਭਾਵਿਤ ਹੋ ਰਹੀਆਂ ਹਨ।

# ਲੂਡੋ ਖੇਡਦਿਆਂ ਮਾਂ-ਪੁੱਤ ਨੂੰ ਕੁਚਲਣ ਵਾਲੇ ਪੰਜਾਬੀ ਡਰਾਈਵਰ ਨੇ ਮੰਨਿਆ ਗੁਨਾਹ

ਕੈਨੇਡਾ ਦੇ ਕਿਊਬਿਕ ਸੂਬੇ ਵਿੱਚ ਲਗਭਗ ਚਾਰ ਸਾਲ ਪਹਿਲਾਂ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਅਹਿਮ ਕਾਨੂੰਨੀ ਮੋੜ ਆਇਆ ਹੈ। ਪੰਜਾਬੀ ਮੂਲ ਦੇ 29 ਸਾਲਾ ਟਰੱਕ ਡਰਾਈਵਰ ਬਲਜੀਤ ਸਿੰਘ ਨੇ ਲੋਂਗੂਇਲ ਦੀ ਅਦਾਲਤ ਵਿੱਚ ਇਹ ਮੰਨ ਲਿਆ ਹੈ ਕਿ ਉਹ ਹਾਦਸੇ ਸਮੇਂ 'Distracted Driving' ਕਰ ਰਿਹਾ ਸੀ ਅਤੇ ਮੋਬਾਈਲ 'ਤੇ ਲੂਡੋ ਖੇਡ ਰਿਹਾ ਸੀ।

19 ਜੁਲਾਈ 2022 ਦੀ ਰਾਤ ਨੂੰ ਬ੍ਰੋਸਾਰਡ ਦੇ ਹਾਈਵੇਅ 30 'ਤੇ ਵਾਪਰੇ ਇਸ ਭਿਆਨਕ ਹਾਦਸੇ ਵਿੱਚ 42 ਸਾਲਾ ਨੈਨਸੀ ਲੈਫਰੋਨ ਅਤੇ ਉਸਦੇ 11 ਸਾਲਾ ਪੁੱਤਰ ਲੋਇਕ ਸ਼ੇਵਾਲੀਅਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦਕਿ ਕਈ ਹੋਰ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਸਨ। ਅਦਾਲਤੀ ਕਾਰਵਾਈ ਦੌਰਾਨ ਸਾਹਮਣੇ ਆਇਆ ਕਿ ਬਲਜੀਤ ਸਿੰਘ ਆਪਣੇ 53 ਫੁੱਟ ਲੰਬੇ ਟਰੈਕਟਰ-ਟ੍ਰੇਲਰ ਨੂੰ ਚਲਾਉਂਦੇ ਹੋਏ ਲਗਾਤਾਰ ਫ਼ੋਨ ਦੀ ਵਰਤੋਂ ਕਰ ਰਿਹਾ ਸੀ ਅਤੇ ਹਾਦਸੇ ਤੋਂ ਇੱਕ ਘੰਟਾ ਪਹਿਲਾਂ ਉਸਨੇ 18 ਵਾਰ ਫ਼ੋਨ ਨੂੰ ਹੱਥ ਲਾਇਆ ਸੀ। ਫੋਰੈਂਸਿਕ ਰਿਪੋਰਟਾਂ ਨੇ ਇਸ ਕੇਸ ਵਿੱਚ ਹੈਰਾਨੀਜਨਕ ਖੁਲਾਸੇ ਕੀਤੇ ਹਨ। ਹਾਦਸੇ ਤੋਂ ਐਨ ਪਹਿਲਾਂ ਬਲਜੀਤ ਸਿੰਘ ਕੋਲ ਬ੍ਰੇਕ ਲਗਾਉਣ ਲਈ ਸਿਰਫ 0.35 ਸਕਿੰਟ ਦਾ ਸਮਾਂ ਸੀ, ਪਰ ਉਹ ਲੂਡੋ ਖੇਡਣ ਵਿੱਚ ਇੰਨਾ ਮਗਨ ਸੀ ਕਿ ਉਹ ਸੜਕ 'ਤੇ ਹੌਲੀ ਹੋ ਰਹੀ ਆਵਾਜਾਈ ਨੂੰ ਦੇਖ ਹੀ ਨਹੀਂ ਸਕਿਆ। ਇਸ ਲਾਪਰਵਾਹੀ ਕਾਰਨ ਉਸਦਾ ਟਰੱਕ ਸੱਤ ਵਾਹਨਾਂ ਨਾਲ ਟਕਰਾ ਗਿਆ। ਹਾਦਸੇ ਤੋਂ ਤੁਰੰਤ ਬਾਅਦ ਬਲਜੀਤ ਸਿੰਘ ਕੈਨੇਡਾ ਛੱਡ ਕੇ ਭਾਰਤ ਭੱਜ ਗਿਆ ਸੀ ਅਤੇ ਬਾਅਦ ਵਿੱਚ ਉਹ ਕੈਲੀਫੋਰਨੀਆ ਚਲਾ ਗਿਆ। ਅੰਤਰਰਾਸ਼ਟਰੀ ਵਾਰੰਟ ਜਾਰੀ ਹੋਣ ਤੋਂ ਬਾਅਦ, ਅਗਸਤ 2025 ਵਿੱਚ ਅਮਰੀਕੀ ਫੈਡਰਲ ਏਜੰਟਾਂ ਨੇ ਉਸਨੂੰ ਕੈਲੀਫੋਰਨੀਆ ਤੋਂ ਗ੍ਰਿਫਤਾਰ ਕੀਤਾ ਅਤੇ ਸਤੰਬਰ 2025 ਵਿੱਚ ਉਸਦੀ 'Extradition' (ਹਵਾਲਗੀ) ਕੈਨੇਡਾ ਨੂੰ ਕਰ ਦਿੱਤੀ ਗਈ ਸੀ।










# ਹੱਦਬੰਦੀ ਨਾਲ ਦੱਖਣੀ ਭਾਰਤੀ ਰਾਜਾਂ ਦੀ ਨੁਮਾਇੰਦਗੀ ਘੱਟ ਜਾਵੇਗੀ: ਰਾਜਾ ਵੜਿੰਗ

## 'ਰਾਜਾਂ ਦੀਆਂ ਸੀਟਾਂ ਵਧਾ ਕੇ ਭਾਜਪਾ ਇਸ ਦਾ ਫਾਇਦਾ ਲੈਣਾ ਚਾਹੁੰਦੀ ਹੈ'



ਚੰਡੀਗੜ੍ਹ: ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਇੱਕ ਪ੍ਰੈੱਸ ਕਾਨਫ਼ਰੰਸ 'ਚ ਕਿਹਾ ਕਿ ਹੱਦਬੰਦੀ ਨਾਲ ਦੱਖਣੀ ਭਾਰਤੀ ਰਾਜਾਂ ਦੀ ਨੁਮਾਇੰਦਗੀ ਘੱਟ ਜਾਵੇਗੀ। ਇਸ ਨਾਲ ਉੱਤਰ ਭਾਰਤ ਦੇ ਕੁਝ ਰਾਜਾਂ ਵਿਚ ਹੀ ਜਿੱਤ ਦਰਜ ਕਰਵਾ ਕੇ ਕੇਂਦਰ ਵਿਚ ਸਰਕਾਰ ਲਿਆਂਦੀ ਜਾ ਸਕਦੀ ਹੈ। ਉੱਤਰ ਪ੍ਰਦੇਸ਼ ਵਿਚ ਸੀਟਾਂ 80 ਤੋਂ ਵੱਧ ਕੇ 140 ਹੋ ਜਾਣਗੀਆਂ ਅਤੇ ਬਿਹਾਰ ਵਿਚ 39, ਰਾਜਸਥਾਨ ਵਿਚ 25 ਸੀਟਾਂ ਵਧਣਗੀਆਂ। ਇਸ ਦੇ ਨਾਲ ਹੀ ਤਾਮਿਲਨਾਡੂ ਵਿਚ ਸਿਰਫ਼ 12 ਸੀਟਾਂ ਹੀ ਵਧਣਗੀਆਂ। ਇਹ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਸ਼ ਮਨੂ ਸਮ੍ਰਿਤੀ ਤਹਿਤ ਰਾਜਾਂ ਦੀਆਂ ਸੀਟਾਂ ਵਧਾ ਕੇ ਭਾਜਪਾ ਇਸ ਦਾ ਫਾਇਦਾ ਲੈਣਾ ਚਾਹੁੰਦੀ ਹੈ। ਹੱਦਬੰਦੀ 'ਤੇ 2001 ਵਿਚ ਅਟਲ ਬਿਹਾਰੀ ਵਾਜਪਾਈ ਨੇ 25 ਸਾਲਾਂ ਲਈ ਰੋਕ ਲਗਾਈ ਸੀ। ਇਹ ਇਸ ਲਈ ਕੀਤਾ ਗਿਆ ਸੀ, ਤਾਂ ਜੋ ਬਰਾਬਰ ਨੁਮਾਇੰਦਗੀ ਵਿਚ ਕਮੀ ਨਾ ਆਵੇ। ਇਸ ਦੌਰਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਔਰਤਾਂ ਤੋਂ ਬਿਨਾਂ ਦੇਸ਼ ਅਤੇ ਸ੍ਰਿਸ਼ਟੀ ਅਧੂਰੀ ਹੈ। ਕੇਂਦਰ ਸਰਕਾਰ 2023 ਦਾ ਬਿਲ ਲੈ ਕੇ ਆਵੇ। ਉਨ੍ਹਾਂ ਕਿਹਾ ਕਿ 543 ਸੀਟਾਂ 'ਤੇ ਔਰਤਾਂ ਨੂੰ ਰਾਖਵਾਂਕਰਨ ਦਿੱਤਾ ਜਾਵੇ। ਕਾਂਗਰਸ ਪਾਰਟੀ ਵੱਲੋਂ ਇਸ ਦਾ ਸਮਰਥਨ ਕੀਤਾ ਜਾਵੇਗਾ। ਦੇਸ਼ ਵਿਚ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕਾਂਗਰਸ ਮਹਿਲਾ ਰਾਖਵੇਂਕਰਨ ਦੇ ਖ਼ਿਲਾਫ਼ ਹੈ, ਇਹ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਕਾਂਗਰਸ 543 ਸੀਟਾਂ 'ਤੇ ਮਹਿਲਾ ਰਾਖਵੇਂਕਰਨ ਦਾ ਪੂਰਨ ਸਮਰਥਨ ਕਰਦੀ ਹੈ।

# ਕਾਂਗਰਸੀ ਆਗੂ ਸੁਖਰਾਜ ਸਿੰਘ ਨੱਤ ਦੇ ਪੁੱਤਰ ਦਵਿੰਦਰਪਾਲ ਖ਼ੁਦਕੁਸ਼ੀ ਮਾਮਲਾ:

## ਤਿੰਨ ਹਫ਼ਤੇ ਬੀਤਣ ਮਗਰੋਂ ਵੀ ਪੁਲੀਸ ਦੇ ਹੱਥ ਖ਼ਾਲੀ



ਬਠਿੰਡਾ ਦੇ 34 ਸਾਲਾ ਐਡਵੋਕੇਟ ਦਵਿੰਦਰਪਾਲ ਸਿੰਘ ਨੱਤ ਵੱਲੋਂ ਕੀਤੀ ਗਈ ਕਥਿਤ ਖ਼ੁਦਕੁਸ਼ੀ ਦੇ ਮਾਮਲੇ ਵਿੱਚ ਤਿੰਨ ਹਫ਼ਤੇ ਬੀਤ ਜਾਣ ਦੇ ਬਾਵਜੂਦ ਪੁਲੀਸ ਅਜੇ ਤੱਕ ਕਿਸੇ ਵੀ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਮਰਹੂਮ ਕਾਂਗਰਸੀ ਆਗੂ ਸੁਖਰਾਜ ਸਿੰਘ ਨੱਤ ਦੇ ਪੁੱਤਰ ਦਵਿੰਦਰਪਾਲ ਨੇ 29 ਮਾਰਚ ਨੂੰ ਆਪਣੀ ਰਿਹਾਇਸ਼ 'ਤੇ ਖ਼ੁਦ ਨੂੰ ਗੋਲੀ ਮਾਰ ਲਈ ਸੀ। ਇਸ ਮਾਮਲੇ ਵਿੱਚ ਚੰਡੀਗੜ੍ਹ ਦੇ ਇੱਕ ਨਾਮੀ ਬਿਲਡਰ ਅਤੇ ਉਸ ਦੇ ਦੋ ਪੁੱਤਰਾਂ 'ਤੇ ਗੰਭੀਰ ਇਲਜ਼ਾਮ ਲੱਗੇ ਹਨ।

ਪੁਲੀਸ ਨੇ ਇਸ ਮਾਮਲੇ ਵਿੱਚ ਸੁਸ਼ਮਾ ਬਿਲਡਟੈੱਕ ਲਿਮਟਿਡ, ਚੰਡੀਗੜ੍ਹ ਨਾਲ ਸਬੰਧਤ ਬਿੰਦਰ ਪਾਲ ਮਿੱਤਲ ਅਤੇ ਉਸ ਦੇ ਪੁੱਤਰਾਂ ਪ੍ਰਤੀਕ ਮਿੱਤਲ ਤੇ ਭਰਤ ਮਿੱਤਲ ਵਿਰੁੱਧ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਬਠਿੰਡਾ ਦੇ ਐੱਸ.ਪੀ. (ਸਿਟੀ) ਨਰਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੇ ਸਾਰੇ ਬੈਂਕ ਖਾਤੇ ਸੀਲ ਕਰ ਦਿੱਤੇ ਗਏ ਹਨ ਅਤੇ ਬਿਊਰੋ ਆਫ ਇਮੀਗ੍ਰੇਸ਼ਨ ਰਾਹੀਂ ਉਨ੍ਹਾਂ ਵਿਰੁੱਧ ਲੁੱਕ-ਆਊਟ ਸਰਕੂਲਰ (LOC) ਵੀ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੁਲੀਸ ਦੀਆਂ ਟੀਮਾਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕਰ ਰਹੀਆਂ ਹਨ।

**ਕੀ ਸੀ ਪੂਰਾ ਮਾਮਲਾ?**

ਖ਼ੁਦਕੁਸ਼ੀ ਵਰਗਾ ਖ਼ੌਫ਼ਨਾਕ ਕਦਮ ਚੁੱਕਣ ਤੋਂ ਪਹਿਲਾਂ ਦਵਿੰਦਰਪਾਲ ਸਿੰਘ ਨੇ ਇੱਕ ਵੀਡੀਓ ਰਿਕਾਰਡ ਕੀਤੀ ਸੀ ਅਤੇ ਸੁਸਾਈਡ ਨੋਟ ਵੀ ਛੱਡਿਆ ਸੀ। ਨੋਟ ਵਿੱਚ ਇਲਜ਼ਾਮ ਲਾਇਆ ਗਿਆ ਸੀ ਕਿ ਉਸ ਨੇ ਆਪਣੇ 4 ਕਰੋੜ ਰੁਪਏ ਅਤੇ ਦੋਸਤਾਂ ਦੇ ਕਰੀਬ 6-7 ਕਰੋੜ ਰੁਪਏ (ਕੁੱਲ 10 ਕਰੋੜ) ਉਕਤ ਬਿਲਡਰਾਂ ਕੋਲ ਨਿਵੇਸ਼ ਕੀਤੇ ਸਨ, ਜੋ ਵਾਪਸ ਨਹੀਂ ਕੀਤੇ ਜਾ ਰਹੇ ਸਨ। ਇਸੇ ਮਾਨਸਿਕ ਪਰੇਸ਼ਾਨੀ ਕਾਰਨ ਉਸ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਜ਼ਿਕਰਯੋਗ ਹੈ ਕਿ ਪੀੜਤ ਪਰਿਵਾਰ ਨੇ ਸ਼ੁਰੂ ਵਿੱਚ ਮੁਲਜ਼ਮਾਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਮ੍ਰਿਤਕ ਦੀ ਦੇਹ ਦਾ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪੁਲੀਸ ਵੱਲੋਂ ਜਲਦ ਅਤੇ ਨਿਰਪੱਖ ਕਾਰਵਾਈ ਦੇ ਦਿੱਤੇ ਭਰੋਸੇ ਮਗਰੋਂ ਹੀ 6 ਅਪ੍ਰੈਲ ਨੂੰ ਅੰਤਿਮ ਰਸਮਾਂ ਨਿਭਾਈਆਂ ਗਈਆਂ ਸਨ। ਪਰ ਹੁਣ 14 ਦਿਨ ਹੋਰ ਬੀਤ ਜਾਣ 'ਤੇ ਵੀ ਕੋਈ ਗ੍ਰਿਫ਼ਤਾਰੀ ਨਾ ਹੋਣ ਕਾਰਨ ਪਰਿਵਾਰ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ।

# 'ਹੋਰਮੁਜ਼ ਵਿੱਚ ਸਥਿਤੀ ਨਾਜ਼ੁਕ'

## ਚੀਨ ਨੇ ਭਾਰਤੀ ਜਹਾਜ਼ 'ਤੇ ਗੋਲੀਬਾਰੀ 'ਤੇ ਪ੍ਰਗਟਾਈ ਚਿੰਤਾ




ਚੀਨ ਨੇ ਹੋਰਮੁਜ਼ ਜਲਡਮਰੂ ਵਿੱਚੋਂ ਲੰਘ ਰਹੇ ਭਾਰਤੀ ਝੰਡੇ ਵਾਲੇ ਜਹਾਜ਼ 'ਤੇ ਗੋਲੀਬਾਰੀ ਦੇ ਸਬੰਧ ਵਿੱਚ ਇੱਕ ਬਿਆਨ ਜਾਰੀ ਕੀਤਾ ਹੈ। ਵਿਦੇਸ਼ ਮੰਤਰਾਲੇ ਨੇ ਸਰਕਾਰ ਨੂੰ ਭੜਕਾਹਟ ਤੋਂ ਬਚਣ ਦੀ ਅਪੀਲ ਕੀਤੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਓ ਜਿਆਕੁਨ ਨੇ ਇਹ ਬਿਆਨ ਇੱਕ ਨਿਯਮਤ ਪ੍ਰੈਸ ਬ੍ਰੀਫਿੰਗ ਦੌਰਾਨ ਦਿੱਤਾ। ਚੀਨ ਨੇ ਈਰਾਨੀ ਝੰਡੇ ਵਾਲੇ ਜਹਾਜ਼ ਨੂੰ ਰੋਕਣ ਅਤੇ ਜ਼ਬਤ ਕਰਨ ਦੀ ਅਮਰੀਕੀ ਕਾਰਵਾਈ 'ਤੇ ਵੀ ਚਿੰਤਾ ਪ੍ਰਗਟ ਕੀਤੀ ਹੈ। ਚੀਨ ਦਾ ਕਹਿਣਾ ਹੈ ਕਿ ਸਾਰੀਆਂ ਧਿਰਾਂ ਨੂੰ ਜ਼ਿੰਮੇਵਾਰੀ ਨਾਲ ਜੰਗਬੰਦੀ ਦੀ ਪਾਲਣਾ ਕਰਨੀ ਚਾਹੀਦੀ ਹੈ। ਉਹ ਪ੍ਰੈਸ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦੇ ਰਹੇ ਸਨ।

ਰਿਪੋਰਟ ਅਨੁਸਾਰ ਉਨ੍ਹਾਂ ਨੂੰ ਭਾਰਤੀ ਜਹਾਜ਼ 'ਤੇ ਹੋਏ ਹਮਲੇ ਬਾਰੇ ਪੁੱਛਿਆ ਗਿਆ ਸੀ, ਜਿਸ ਵਿੱਚ ਈਰਾਨੀ ਫੌਜਾਂ ਨੇ ਹੋਰਮੁਜ਼ ਜਲਡਮਰੂ ਵਿੱਚ ਇੱਕ ਭਾਰਤੀ ਝੰਡੇ ਵਾਲੇ ਜਹਾਜ਼ 'ਤੇ ਗੋਲੀਬਾਰੀ ਕੀਤੀ ਸੀ, ਜਿਸ ਨੇ ਨੇਵੀਗੇਸ਼ਨਲ ਸੁਰੱਖਿਆ ਬਾਰੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਸਨ। ਚੀਨ ਇਸ ਤਣਾਅ ਨੂੰ ਕਿਵੇਂ ਦੇਖਦਾ ਹੈ ਅਤੇ ਉਹ ਜਲਡਮਰੂ ਵਿੱਚ ਆਪਣੇ ਸ਼ਿਪਿੰਗ ਅਤੇ ਊਰਜਾ ਹਿੱਤਾਂ ਦੀ ਰੱਖਿਆ ਲਈ ਕਿਹੜੇ ਉਪਾਵਾਂ 'ਤੇ ਵਿਚਾਰ ਕਰ ਰਿਹਾ ਹੈ? ਇਸ ਦੇ ਜਵਾਬ ਵਿੱਚ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਜਿਆਕੁਨ ਨੇ ਕਿਹਾ ਕਿ ਹੋਰਮੁਜ਼ ਜਲਡਮਰੂ ਵਿੱਚ ਸਥਿਤੀ ਬਹੁਤ ਨਾਜ਼ੁਕ ਹੈ, ਪਰ ਚੀਨ ਨੂੰ ਉਮੀਦ ਹੈ ਕਿ ਸਾਰੇ ਪੱਖ ਇਸਦੀ ਗੰਭੀਰਤਾ ਨੂੰ ਸਮਝਣਗੇ। ਉਨ੍ਹਾਂ ਕਿਹਾ, "ਮੈਂ ਪਹਿਲਾਂ ਹੀ ਹੋਰਮੁਜ਼ ਜਲਡਮਰੂ ਮੁੱਦੇ 'ਤੇ ਚੀਨ ਦੀ ਸਥਿਤੀ ਦੱਸ ਚੁੱਕਾ ਹਾਂ।" ਅਸੀਂ ਦੁਹਰਾਉਣਾ ਚਾਹੁੰਦੇ ਹਾਂ ਕਿ ਹੋਰਮੁਜ਼ ਜਲਡਮਰੂ ਇੱਕ ਅੰਤਰਰਾਸ਼ਟਰੀ ਜਲ ਮਾਰਗ ਹੈ, ਅਤੇ ਇਸਨੂੰ ਨੇਵੀਗੇਸ਼ਨ ਲਈ ਖੁੱਲ੍ਹਾ ਰੱਖਣਾ ਖੇਤਰ ਦੇ ਦੇਸ਼ਾਂ ਅਤੇ ਅੰਤਰਰਾਸ਼ਟਰੀ ਭਾਈਚਾਰੇ ਦੇ ਹਿੱਤ ਵਿੱਚ ਹੈ।"

ਉਨ੍ਹਾਂ ਕਿਹਾ ਕਿ ਸਾਰੇ ਮਿਲ ਕੇ ਕੰਮ ਕਰਨਗੇ, ਅਤੇ ਚੀਨ ਅੰਤਰਰਾਸ਼ਟਰੀ ਭਾਈਚਾਰੇ ਨਾਲ ਆਪਣੇ ਯਤਨ ਜਾਰੀ ਰੱਖਣ ਲਈ ਤਿਆਰ ਹੈ। ਉਨ੍ਹਾਂ ਸਾਰੀਆਂ ਧਿਰਾਂ ਨੂੰ ਤਣਾਅ ਵਧਾਉਣ ਤੋਂ ਬਚਣ ਅਤੇ ਇੱਕ ਅਜਿਹਾ ਮਾਹੌਲ ਬਣਾਉਣ ਦੀ ਅਪੀਲ ਕੀਤੀ ਜਿਸ ਨਾਲ ਇਸ ਰੂਟ 'ਤੇ ਆਮ ਆਵਾਜਾਈ ਮੁੜ ਸ਼ੁਰੂ ਹੋ ਸਕੇ। ਅਮਰੀਕਾ ਨੇ ਈਰਾਨੀ ਜਹਾਜ਼ ਨੂੰ ਜ਼ਬਤ ਕਰਨ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਉਸਨੇ ਇੱਕ ਈਰਾਨੀ ਜਹਾਜ਼ ਵਿਰੁੱਧ ਕਾਰਵਾਈ ਕੀਤੀ ਹੈ ਜੋ ਈਰਾਨੀ ਬੰਦਰਗਾਹਾਂ 'ਤੇ ਨਾਕਾਬੰਦੀ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਇੱਕ ਪੋਸਟ ਵਿੱਚ ਲਿਖਿਆ, "ਟੌਸਕਾ ਨਾਮ ਦਾ ਇੱਕ ਈਰਾਨੀ ਝੰਡੇ ਵਾਲਾ ਕਾਰਗੋ ਜਹਾਜ਼, ਜੋ ਕਿ ਲਗਭਗ 900 ਫੁੱਟ ਲੰਬਾ ਹੈ ਅਤੇ ਲਗਭਗ ਇੱਕ ਏਅਰਕ੍ਰਾਫਟ ਕੈਰੀਅਰ ਦੇ ਬਰਾਬਰ ਭਾਰ ਹੈ, ਸਾਡੀ ਜਲ ਸੈਨਾ ਨਾਕਾਬੰਦੀ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ, ਅਤੇ ਇਹ ਉਨ੍ਹਾਂ ਲਈ ਚੰਗਾ ਨਹੀਂ ਰਿਹਾ।

# ਚੰਡੀਗੜ੍ਹ ਦੇ ਨਾਮੀ ਕਾਲਜ ਨੂੰ ਮਿਲੀ ਬੰਬ ਦੀ ਧਮਕੀ!

## ਪੁਲਿਸ, ਬੰਬ ਤੇ ਡੌਗ ਸਕੁਐਡ ਨੇ ਖੰਗਾਲਿਆ ਕੋਨਾ-ਕੋਨਾ



ਚੰਡੀਗੜ੍ਹ : ਸੈਕਟਰ-42 ਸਥਿਤ ਡਾ. ਅੰਬੇਡਕਰ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਕੰਟਰੋਲ ਰੂਮ ਨੂੰ ਮਿਲੇ ਸੰਦੇਸ਼ ਤੋਂ ਬਾਅਦ ਪੁਲਿਸ ਤੁਰੰਤ ਅਲਰਟ ਮੋਡ ਵਿੱਚ ਆ ਗਈ ਅਤੇ ਕਾਲਜ ਕੰਪਲੈਕਸ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ। ਜਾਣਕਾਰੀ ਮੁਤਾਬਕ, ਕੰਟਰੋਲ ਰੂਮ ਨੂੰ ਇੱਕ ਸੁਨੇਹਾ ਮਿਲਿਆ ਸੀ, ਜਿਸ ਵਿੱਚ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਗੱਲ ਕਹੀ ਗਈ ਸੀ।

ਸੂਚਨਾ ਮਿਲਦੇ ਹੀ ਚੰਡੀਗੜ੍ਹ ਪੁਲਿਸ ਦੀ ਟੀਮ,ਬੰਬ ਸਕੁਐਡ ਅਤੇ ਡੌਗ ਸਕੁਐਡ ਮੌਕੇ 'ਤੇ ਪਹੁੰਚ ਗਏ। ਪੂਰੇ ਕਾਲਜ ਕੰਪਲੈਕਸ ਨੂੰ ਘੇਰ ਲਿਆ ਗਿਆ ਅਤੇ ਹਰ ਕੋਨੇ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਇਹਤਿਆਤ ਵਜੋਂ ਪੁਲਿਸ ਨੇ ਕਾਲਜ ਵਿੱਚ ਮੌਜੂਦ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਤੁਰੰਤ ਸੁਰੱਖਿਅਤ ਬਾਹਰ ਕੱਢਿਆ ਅਤੇ ਆਉਣ-ਜਾਣ ਵਾਲੇ ਲੋਕਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ, ਤਾਂ ਜੋ ਕਿਸੇ ਵੀ ਸੰਭਾਵੀ ਖਤਰੇ ਨੂੰ ਟਾਲਿਆ ਜਾ ਸਕੇ। ਪੁਲਿਸ ਅਧਿਕਾਰੀਆਂ ਅਨੁਸਾਰ, ਤਲਾਸ਼ੀ ਮੁਹਿੰਮ ਦੌਰਾਨ ਕੋਈ ਵੀ ਸ਼ੱਕੀ ਵਸਤੂ ਨਹੀਂ ਮਿਲੀ ਹੈ। ਪਰ ਸੁਰੱਖਿਆ ਏਜੰਸੀਆਂ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਹਰ ਪਹਿਲੂ ਦੀ ਜਾਂਚ ਕਰ ਰਹੀਆਂ ਹਨ। ਸਾਈਬਰ ਟੀਮ ਨੂੰ ਧਮਕੀ ਭਰੇ ਸੰਦੇਸ਼ ਦੇ ਸਰੋਤ ਦਾ ਪਤਾ ਲਗਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਤਕਨੀਕੀ ਜਾਂਚ ਰਾਹੀਂ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਸੁਨੇਹਾ ਕਿੱਥੋਂ ਭੇਜਿਆ ਗਿਆ, ਕਿਸ ਡਿਵਾਈਸ ਤੋਂ ਭੇਜਿਆ ਗਿਆ ਅਤੇ ਇਸ ਦੇ ਪਿੱਛੇ ਕਿਹੜਾ ਵਿਅਕਤੀ ਜਾਂ ਸਮੂਹ ਸ਼ਾਮਲ ਹੋ ਸਕਦਾ ਹੈ। ਪੁਲਿਸ ਮੋਬਾਈਲ ਨੰਬਰ, ਇੰਟਰਨੈਟ ਆਈਪੀ (IP) ਅਤੇ ਹੋਰ ਡਿਜੀਟਲ ਸੁਰਾਗਾਂ ਦੇ ਆਧਾਰ 'ਤੇ ਜਾਂਚ ਨੂੰ ਅੱਗੇ ਵਧਾ ਰਹੀ ਹੈ। ਚੰਡੀਗੜ੍ਹ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫਵਾਹ 'ਤੇ ਧਿਆਨ ਨਾ ਦੇਣ ਅਤੇ ਜੇਕਰ ਕਿਤੇ ਕੋਈ ਸ਼ੱਕੀ ਵਸਤੂ ਜਾਂ ਗਤੀਵਿਧੀ ਨਜ਼ਰ ਆਵੇ ਤਾਂ ਤੁਰੰਤ ਪੁਲਿਸ ਨੂੰ ਸੂਚਨਾ ਦੇਣ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸ਼ਹਿਰ ਵਿੱਚ ਕਈ ਅਹਿਮ ਸਥਾਨਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਸਕੂਲਾਂ, ਪੰਜਾਬ ਸਕੱਤਰੇਤ, ਜ਼ਿਲ੍ਹਾ ਅਦਾਲਤ ਅਤੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੂੰ ਵੀ ਪਹਿਲਾਂ ਅਜਿਹੇ ਹੀ ਧਮਕੀ ਭਰੇ ਸੰਦੇਸ਼ ਮਿਲ ਚੁੱਕੇ ਹਨ।

# ਫਲਾਈਟ ਦੇ ਅੰਦਰ ਯਾਤਰੀ ਅਚਾਨਕ ਰੋਣ ਅਤੇ ਚੀਕਣ ਲੱਗੇ

## ਕੁਝ ਨੇ ਰੱਬ ਅੱਗੇ ਕੀਤੀ ਪ੍ਰਾਰਥਨਾ




ਤੇਲੰਗਾਨਾ ਦੇ ਹੈਦਰਾਬਾਦ ਤੋਂ ਕਰਨਾਟਕ ਦੇ ਹੁਬਲੀ ਜਾਣ ਵਾਲੀ ਖੇਤਰੀ ਏਅਰਲਾਈਨ Fly91 ਦੀ ਇੱਕ ਉਡਾਣ ਨੂੰ ਖਰਾਬ ਮੌਸਮ ਕਾਰਨ ਬੰਗਲੁਰੂ ਵੱਲ ਮੋੜ ਦਿੱਤਾ ਗਿਆ। ਹਵਾਈ ਅੱਡੇ ਦੇ ਅਧਿਕਾਰੀਆਂ ਨੇ ਕਿਹਾ ਕਿ ਸਾਰੇ ਯਾਤਰੀ ਸੁਰੱਖਿਅਤ ਹਨ। ਐਤਵਾਰ ਨੂੰ ਉਡਾਣ ਤਿੰਨ ਘੰਟਿਆਂ ਲਈ ਘਬਰਾਹਟ ਵਿੱਚ ਰਹੀ, ਕੁਝ ਯਾਤਰੀ ਰੋ ਰਹੇ ਸਨ। ਯਾਤਰੀਆਂ ਨੇ ਆਪਣੀ ਸੁਰੱਖਿਆ ਲਈ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਨੇ ਦੱਸਿਆ ਕਿ ਹੈਦਰਾਬਾਦ ਤੋਂ ਦੁਪਹਿਰ 3:30 ਵਜੇ ਰਵਾਨਾ ਹੋਈ ਉਡਾਣ ਨੇ ਹੁਬਲੀ ਸ਼ਾਮ 4:30 ਵਜੇ ਦੇ ਕਰੀਬ ਪਹੁੰਚਣਾ ਸੀ ਪਰ ਮੌਸਮ ਖਰਾਬ ਹੋਣ ਕਾਰਨ ਉੱਥੇ ਨਹੀਂ ਉਤਰ ਸਕੀ। ਹਵਾਈ ਅੱਡੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਹੈਦਰਾਬਾਦ ਤੋਂ ਹੁਬਲੀ ਜਾਣ ਵਾਲੀ ਉਡਾਣ ਨੂੰ ਖਰਾਬ ਮੌਸਮ ਕਾਰਨ ਬੰਗਲੁਰੂ ਮੋੜ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹਾ ਮੋੜ ਇੱਕ ਮਿਆਰੀ ਸੁਰੱਖਿਆ ਪ੍ਰਕਿਰਿਆ ਹੈ। ਅਧਿਕਾਰੀ ਦੇ ਅਨੁਸਾਰ, ਜਹਾਜ਼ ਮੌਸਮ ਵਿੱਚ ਸੁਧਾਰ ਦੀ ਉਮੀਦ ਵਿੱਚ ਲਗਭਗ ਇੱਕ ਘੰਟੇ ਲਈ ਹੁਬਲੀ ਦੇ ਉੱਪਰ ਚੱਕਰ ਲਗਾਉਂਦਾ ਰਿਹਾ, ਜਿਸ ਤੋਂ ਬਾਅਦ ਇਸਨੂੰ ਬੰਗਲੁਰੂ ਵੱਲ ਮੋੜ ਦਿੱਤਾ ਗਿਆ। ਉਨ੍ਹਾਂ ਕਿਹਾ, "ਇਹ ਆਮ ਪ੍ਰਕਿਰਿਆ ਹੈ। ਜਹਾਜ਼ ਮੌਸਮ ਦੇ ਸੁਧਰਨ ਦੀ ਉਡੀਕ ਕਰਦੇ ਹੋਏ ਕੁਝ ਸਮੇਂ ਲਈ ਚੱਕਰ ਲਗਾਉਂਦੇ ਹਨ। ਇਹ ਪਾਇਲਟ ਦਾ ਫੈਸਲਾ ਹੈ।" ਹਵਾਈ ਅੱਡੇ ਦੇ ਅਧਿਕਾਰੀ ਨੇ ਕਿਹਾ ਕਿ ਜਹਾਜ਼ ਬਾਅਦ ਵਿੱਚ ਸ਼ਾਮ 6:30 ਵਜੇ ਦੇ ਕਰੀਬ ਬੰਗਲੁਰੂ ਵਿੱਚ ਉਤਰਿਆ ਅਤੇ ਮੌਸਮ ਵਿੱਚ ਸੁਧਾਰ ਤੋਂ ਬਾਅਦ ਰਾਤ 11 ਵਜੇ ਦੇ ਕਰੀਬ ਇਸਨੂੰ ਦੁਬਾਰਾ ਹੁਬਲੀ ਵੱਲ ਮੋੜ ਦਿੱਤਾ ਗਿਆ। ਸੂਤਰਾਂ ਨੇ ਦੱਸਿਆ ਕਿ ਜਹਾਜ਼ ਵਿੱਚ 22 ਯਾਤਰੀ ਸਵਾਰ ਸਨ। ਅਧਿਕਾਰੀਆਂ ਨੇ ਇਲਾਕੇ ਵਿੱਚ ਮੌਸਮ ਕਾਰਨ ਹੋਈਆਂ ਇਸੇ ਤਰ੍ਹਾਂ ਦੀਆਂ ਰੁਕਾਵਟਾਂ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਮੁੰਬਈ ਤੋਂ ਕੋਲਹਾਪੁਰ ਜਾਣ ਵਾਲੀ ਇੱਕ ਹੋਰ ਉਡਾਣ ਨੂੰ ਵੀ ਗੋਆ ਵੱਲ ਮੋੜਨਾ ਪਿਆ। ਅਧਿਕਾਰੀ ਨੇ ਕਿਹਾ, "ਸਾਰੇ ਯਾਤਰੀ ਸੁਰੱਖਿਅਤ ਹਨ। ਕੋਈ ਸਮੱਸਿਆ ਨਹੀਂ ਹੈ।

# ਹਰਿਆਣਾ-ਰਾਜਸਥਾਨ ਦੀ ਹੱਦ 'ਤੇ ਪਾਕਿਸਤਾਨੀ ਗੁਬਾਰਾ ਡਿੱਗਿਆ

ਹਰਿਆਣਾ ਤੇ ਰਾਜਸਥਾਨ ਸੂਬਿਆਂ ਦੀ ਹੱਦ ਉਤੇ ਨਾਥੂਸਰੀ ਚੌਪਟਾ ਖੇਤਰ ਦੇ ਖੇੜੀ ਪਿੰਡ ਦੀ ਢਾਣੀ ਵਿੱਚ ਅੱਜ ਅਚਾਨਕ ਪਾਕਿਸਤਾਨੀ ਗੁਬਾਰਾ ਡਿੱਗ ਪਿਆ। ਜਹਾਜ਼ ਵਰਗੇ ਇਸ ਗੁਬਾਰੇ ਉਤੇ ਪੀ ਆਈ ਏ ਅਤੇ ਚੰਦ ਤੇ ਤਾਰਾ ਉੱਕਰਿਆ ਹੋਇਆ ਸੀ। ਢਾਣੀ ਵਾਸੀ ਜੈਵੀਰ ਸ਼ਰਮਾ ਨੇ ਤੁਰੰਤ ਕਾਗਦਾਨਾ ਪੁਲੀਸ ਚੌਕੀ ਨੂੰ ਸੂਚਿਤ ਕੀਤਾ। ਸੂਚਨਾ ਮਿਲਣ 'ਤੇ ਚੌਕੀ ਇੰਚਾਰਜ ਦੀਪਕ ਸ਼ਰਮਾ ਪੁਲੀਸ ਕਰਮਚਾਰੀਆਂ ਨਾਲ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਪੁਲੀਸ ਨੇ ਗੁਬਾਰੇ ਦਾ ਮੁਆਇਨਾ ਕੀਤਾ ਅਤੇ ਪਿੰਡ ਵਾਸੀਆਂ ਤੋਂ ਜਾਣਕਾਰੀ ਇਕੱਠੀ ਕੀਤੀ।

# ਬੇਅਦਬੀ ਮਾਮਲਿਆਂ 'ਚ ਹੁਣ ਨਹੀਂ ਹੋਵੇਗੀ ਦੇਰੀ!

## ਜਾਂਚ ਲਈ ਨਵੀ SOP ਜਾਰੀ




ਚੰਡੀਗੜ੍ਹ : ਪੰਜਾਬ ਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ 2026' ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਪੰਜਾਬ ਪੁਲਿਸ ਨੇ ਬੇਅਦਬੀ ਵਰਗੇ ਸੰਵੇਦਨਸ਼ੀਲ ਮਾਮਲਿਆਂ ਦੀ ਜਾਂਚ ਲਈ ਇੱਕ ਨਵੀਂ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (SOP) ਜਾਰੀ ਕੀਤੀ ਹੈ। ਇਸਨੂੰ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਫੋਰੈਂਸਿਕ ਸ਼ੁੱਧਤਾ, ਡਿਜੀਟਲ ਸਬੂਤਾਂ ਦੀ ਸੁਰੱਖਿਆ ਅਤੇ ਸਮੇਂ ਸਿਰ ਕਾਨੂੰਨੀ ਕਾਰਵਾਈ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੰਦਾ ਹੈ।

ਬੇਅਦਬੀ ਦੇ ਹਰ ਮਾਮਲੇ ਦੀ ਜਾਂਚ ਆਧੁਨਿਕ ਅਤੇ ਵਿਗਿਆਨਕ ਢੰਗ ਨਾਲ ਕੀਤੀ ਜਾਵੇਗੀ। ਡਿਜੀਟਲ ਬੇਅਦਬੀ ਨਾਲ ਜੁੜੇ ਨਿਯਮਾਂ ਅਤੇ ਫੰਡਿੰਗ ਦੀ ਵੀ ਜਾਂਚ ਹੋਵੇਗੀ। SSP ਅਤੇ ਕਮਿਸ਼ਨਰ ਇਨ੍ਹਾਂ ਮਾਮਲਿਆਂ ਦੀ ਨਿਗਰਾਨੀ ਕਰਨਗੇ। ਮਾਮਲੇ ਦੀ ਜਾਂਚ ਕਰਨਾ ਅਤੇ 60 ਤੋਂ 90 ਦਿਨਾਂ ਦੇ ਅੰਦਰ ਚਲਾਨ ਦਾਇਰ ਕਰਨਾ ਲਾਜ਼ਮੀ ਹੈ।

ਨਵੇਂ ਸ਼ੌਫ ਦੇ ਤਹਿਤ, ਸੂਚਨਾ ਮਿਲਦੇ ਹੀ ਸ਼੍ਹੌ ਅਤੇ ਜਾਂਚ ਅਧਿਕਾਰੀ (IO) ਨੂੰ ਬਿਨਾਂ ਕਿਸੇ ਦੇਰੀ ਦੇ ਘਟਨਾ ਵਾਲੀ ਥਾਂ 'ਤੇ ਪਹੁੰਚਣਾ ਹੋਵੇਗਾ। ਸਬੂਤਾਂ ਦੀ ਸੁਰੱਖਿਆ ਲਈ ਘਟਨਾ ਵਾਲੀ ਥਾਂ 'ਤੇ ਇੱਕ ਅੰਦਰੂਨੀ ਘੇਰਾ ਅਤੇ ਭੀੜ ਨੂੰ ਕੰਟਰੋਲ ਕਰਨ ਲਈ ਇੱਕ ਬਾਹਰੀ ਘੇਰਾ ਬਣਾਉਣਾ ਲਾਜ਼ਮੀ ਹੈ। ਹਰ ਘਟਨਾ ਵਾਲੀ ਥਾਂ ਦੀ ਹਾਈ-ਰੈਜ਼ੋਲਿਊਸ਼ਨ ਫੋਟੋਗ੍ਰਾਫੀ, ਵੀਡੀਓਗ੍ਰਾਫੀ ਅਤੇ ਮੈਪਿੰਗ ਕੀਤੀ ਜਾਵੇਗੀ। ਫੋਰੈਂਸਿਕ ਟੀਮਾਂ ਨੂੰ ਤੁਰੰਤ ਮੌਕੇ 'ਤੇ ਬੁਲਾਇਆ ਜਾਵੇਗਾ। ਪੁਲਿਸ ਸਿਰਫ਼ ਫੜੇ ਗਏ ਵਿਅਕਤੀ ਤੱਕ ਸੀਮਤ ਨਹੀਂ ਰਹੇਗੀ, ਸਗੋਂ ਇਸ ਦੇ ਪਿੱਛੇ ਦੀ ਸਾਜ਼ਿਸ਼ ਅਤੇ ਮਾਸਟਰਮਾਈਂਡ ਦੀ ਵੀ ਜਾਂਚ ਕਰੇਗੀ। ਸੋਸ਼ਲ ਮੀਡੀਆ, ਡੀਪਫੇਕ ਵੀਡੀਓ ਅਤੇ ਗੁੰਮਰਾਹਕੁੰਨ ਪੋਸਟਾਂ ਦੀ ਜਾਂਚ ਲਈ ਆਈ ਸਾਧਨਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਵਿੱਚ ਬਿਟਕੋਇਨ ਜਾਂ ਹੋਰ ਕ੍ਰਿਪਟੋਕਰੰਸੀ ਰਾਹੀਂ ਹੋਣ ਵਾਲੀ ਫੰਡਿੰਗ ਦੀ ਜਾਂਚ ਵੀ ਸ਼ਾਮਲ ਹੈ। ਜੇਕਰ ਮੁਲਜ਼ਮ ਮਾਨਸਿਕ ਤੌਰ 'ਤੇ ਅਸਥਿਰ ਲੱਗਦਾ ਹੈ, ਤਾਂ ਉਸ ਦੀ ਮਾਨਸਿਕ ਸਥਿਤੀ ਜਾਣਨ ਲਈ ਫੋਰੈਂਸਿਕ ਮਨੋਵਿਗਿਆਨੀਆਂ ਦਾ ਇੱਕ ਬੋਰਡ ਗਠਿਤ ਕੀਤਾ ਜਾਵੇਗਾ। ਇਨ੍ਹਾਂ ਮਾਮਲਿਆਂ ਦੀ ਨਿਗਰਾਨੀ ਸਿੱਧੇ ਤੌਰ 'ਤੇ SSP ਜਾਂ ਪੁਲਿਸ ਕਮਿਸ਼ਨਰ ਵੱਲੋਂ ਕੀਤੀ ਜਾਵੇਗੀ। ਦੱਸ ਦਈਏ ਕਿ ਪੰਜਾਬ ਸਰਕਾਰ ਦੇ ਬੇਅਦਬੀ ਕਾਨੂੰਨ ਵਿੱਚ ਦੋਸ਼ੀ ਪਾਏ ਜਾਣ 'ਤੇ ਘੱਟੋ-ਘੱਟ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦਾ ਪ੍ਰਬੰਧ ਹੈ। ਜੁਰਮਾਨਾ 5 ਲੱਖ ਤੋਂ 25 ਲੱਖ ਰੁਪਏ ਤੱਕ ਹੋ ਸਕਦਾ ਹੈ, ਜਦੋਂ ਕਿ ਇਸ ਕਾਨੂੰਨ ਤਹਿਤ ਦਰਜ ਮਾਮਲੇ ਗ਼ੈਰ-ਜ਼ਮਾਨਤੀ ਹੋਣਗੇ। ਇਸ ਸਬੰਧੀ ਸਰਕਾਰ ਨੇ 13 ਅਪ੍ਰੈਲ ਨੂੰ ਪ੍ਰਸਤਾਵ ਪੇਸ਼ ਕੀਤਾ ਸੀ, ਜਿਸ ਤੋਂ ਬਾਅਦ ਰਾਜਪਾਲ (ਗਵਰਨਰ) ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ।



## ਭਾਰਤ ਲਈ ਖੁਸ਼ਖਬਰੀ !

# ਅਮਰੀਕਾ ਨੇ ਰੂਸੀ ਤੇਲ 'ਤੇ ਛੋਟ ਨੂੰ ਇੱਕ ਮਹੀਨੇ ਲਈ ਵਧਾਇਆ



ਅਮਰੀਕਾ : ਵਿਸ਼ਵ ਊਰਜਾ ਬਾਜ਼ਾਰ ਵਿੱਚ ਉਥਲ-ਪੁਥਲ ਦੇ ਵਿਚਕਾਰ ਭਾਰਤ ਲਈ ਇੱਕ ਚੰਗੀ ਖ਼ਬਰ ਹੈ। ਅਮਰੀਕਾ ਨੇ ਰੂਸੀ ਤੇਲ ਅਤੇ ਪੈਟਰੋਲੀਅਮ ਉਤਪਾਦਾਂ ‘ਤੇ ਲੱਗੀਆਂ ਪਾਬੰਦੀਆਂ ਵਿੱਚ ਦਿੱਤੀ ਗਈ ਛੋਟ ਨੂੰ ਇੱਕ ਮਹੀਨੇ ਹੋਰ ਵਧਾ ਦਿੱਤਾ ਹੈ। ਯੂ.ਐੱਸ. ਟ੍ਰੇਜ਼ਰੀ ਵਿਭਾਗ ਰਾਹੀਂ ਨਵਾਂ ਲਾਇਸੈਂਸ ਜਾਰੀ ਕਰ ਦਿੱਤਾ ਹੈ। ਇਸ ਦੇ ਤਹਿਤ ਦੇਸ਼ ਹੁਣ 16 ਮਈ 2026 ਤੱਕ ਸਮੁੰਦਰ ਵਿੱਚ ਲੋਡ ਕੀਤੇ ਗਏ ਰੂਸੀ ਤੇਲ ਨੂੰ ਖਰੀਦ ਸਕਦੇ ਹਨ। ਇਹ ਛੋਟ ਪਹਿਲਾਂ 11 ਅਪ੍ਰੈਲ ਨੂੰ ਖਤਮ ਹੋ ਗਈ ਸੀ। ਇਸ ਫੈਸਲੇ ਦਾ ਉਦੇਸ਼ ਵਧਦੀਆਂ ਵਿਸ਼ਵਵਿਆਪੀ ਊਰਜਾ ਕੀਮਤਾਂ ਨੂੰ ਕੰਟਰੋਲ ਕਰਨਾ ਹੈ, ਖਾਸ ਕਰਕੇ ਅਜਿਹੇ ਸਮੇਂ ਜਦੋਂ ਪੱਛਮੀ ਏਸ਼ੀਆ ਵਿੱਚ ਤਣਾਅ ਵੱਧ ਰਿਹਾ ਹੈ। ਇਸ ਤੋਂ ਪਹਿਲਾਂ ਅਮਰੀਕਾ ਨੇ ਭਾਰਤ ਸਮੇਤ ਕੁਝ ਦੇਸ਼ਾਂ ਨੂੰ 5 ਮਾਰਚ ਤੋਂ ਰੂਸੀ ਤੇਲ ਖਰੀਦਣ ਤੋਂ ਅਸਥਾਈ ਰਾਹਤ ਦਿੱਤੀ ਸੀ। ਇਹ ਛੋਟ ਬਾਅਦ ਵਿੱਚ ਦੂਜੇ ਦੇਸ਼ਾਂ ਵਿੱਚ ਵੀ ਵਧਾ ਦਿੱਤੀ ਗਈ ਸੀ ਅਤੇ 11 ਅਪ੍ਰੈਲ ਨੂੰ ਖਤਮ ਹੋ ਗਈ ਸੀ।

ਇਸ ਫੈਸਲੇ ਨਾਲ ਭਾਰਤ ਲਈ ਰੂਸ ਤੋਂ ਕੱਚਾ ਤੇਲ ਖਰੀਦਣਾ ਆਸਾਨ ਹੋ ਜਾਵੇਗਾ। ਭਾਰਤ ਪਹਿਲਾਂ ਹੀ ਰੂਸ ਤੋਂ ਵੱਡੇ ਪੱਧਰ ‘ਤੇ ਤੇਲ ਆਯਾਤ ਕਰਦਾ ਹੈ। ਭਾਰਤ ਵਿੱਚ ਰੂਸ ਦੇ ਰਾਜਦੂਤ ਡੇਨਿਸ ਅਲੀਪੋਵ ਨੇ ਭਰੋਸਾ ਦਿੱਤਾ ਹੈ ਕਿ ਰੂਸ ਭਾਰਤ ਨੂੰ ਕੱਚੇ ਤੇਲ, ਐਲਪੀਜੀ ਅਤੇ ਐਲਐਨਜੀ ਦੀ ਸਪਲਾਈ ਹੋਰ ਵਧਾਏਗਾ। ਉਨ੍ਹਾਂ ਭਾਰਤ ਨੂੰ ਇੱਕ ਭਰੋਸੇਮੰਦ ਭਾਈਵਾਲ ਦੱਸਿਆ। ਇੱਕ ਯੂਰਪੀਅਨ ਥਿੰਕ ਟੈਂਕ ਦੇ ਅੰਕੜਿਆਂ ਅਨੁਸਾਰ ਮਾਰਚ ਵਿੱਚ ਰੂਸ ਤੋਂ ਭਾਰਤ ਦੇ ਕੱਚੇ ਤੇਲ ਦੀ ਦਰਾਮਦ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ (CREA) ਦੀ ਇੱਕ ਰਿਪੋਰਟ ਦੇ ਅਨੁਸਾਰ ਭਾਰਤ ਨੇ ਮਾਰਚ ਵਿੱਚ ਰੂਸ ਤੋਂ $5.8 ਬਿਲੀਅਨ ਦਾ ਕੱਚਾ ਤੇਲ ਖਰੀਦਿਆ, ਜੋ ਫਰਵਰੀ ਵਿੱਚ $1.54 ਬਿਲੀਅਨ ਤੋਂ ਤਿੰਨ ਗੁਣਾ ਵੱਧ ਹੈ।

# ਮਹਿਲਾ ਰਾਖਵਾਂਕਰਨ ਬਿੱਲ ਲੋਕ ਸਭਾ 'ਚ ਨਹੀਂ ਹੋਇਆ ਪਾਸ

## ਜਾਣੋ ਕਿੰਨੀਆਂ ਪਈਆਂ ਵੋਟਾਂ?



ਨਵੀ ਦਿੱਲੀ : ਮਹਿਲਾ ਰਾਖਵਾਂਕਰਨ ਬਿੱਲ ਲੋਕ ਸਭਾ ਵਿੱਚ ਪਾਸ ਹੋਣ ਵਿੱਚ ਅਸਫਲ ਰਿਹਾ। ਲੋਕ ਸਭਾ ਵਿੱਚ ਸੀਟਾਂ ਵਧਾਉਣ ਲਈ ਲਿਆਂਦਾ ਗਿਆ ਸੰਵਿਧਾਨ ਦਾ 131ਵਾਂ ਸੋਧ ਬਿੱਲ ਸਰਕਾਰ ਲੋਕ ਸਭਾ ਵਿੱਚ ਪਾਸ ਨਹੀਂ ਕਰਵਾ ਸਕੀ। ਇਸ ਵਿੱਚ ਸੰਸਦ ਦੀਆਂ 543 ਸੀਟਾਂ ਵਧਾ ਕੇ 850 ਕਰਨ ਦਾ ਪ੍ਰਬੰਧ ਸੀ। 12 ਸਾਲਾਂ ਦੇ ਸ਼ਾਸਨ ਵਿੱਚ ਇਹ ਪਹਿਲਾ ਮੌਕਾ ਸੀ, ਜਦੋਂ ਮੋਦੀ ਸਰਕਾਰ ਸਦਨ ਵਿੱਚ ਕੋਈ ਬਿੱਲ ਪਾਸ ਨਹੀਂ ਕਰਵਾ ਸਕੀ।

ਸਰਕਾਰ ਨੂੰ ਬਿੱਲ ਪਾਸ ਕਰਵਾਉਣ ਲਈ ਦੋ-ਤਿਹਾਈ ਬਹੁਮਤ ਦੀ ਲੋੜ ਸੀ। ਬਿੱਲ ਦੇ ਹੱਕ ਵਿੱਚ 298 ਵੋਟਾਂ ਪਈਆਂ, ਜਦਕਿ ਵਿਰੋਧ ‘ਚ 230 ਵੋਟਾਂ ਮਿਲੀਆਂ। ਬਿੱਲ ਪਾਸ ਕਰਵਾਉਣ ਲਈ ਦੋ-ਤਿਹਾਈ ਬਹੁਮਤ ਯਾਨੀ ਕਿ 352 ਵੋਟਾਂ ਦੀ ਲੋੜ ਸੀ। ਜਿਸ ਦੇ ਨਤੀਜੇ ਵਜੋਂ ਬਿੱਲ 54 ਵੋਟਾਂ ਦੀ ਘਾਟ ਕਾਰਨ ਪਾਸ ਨਾ ਹੋ ਸਕਿਆ।

ਦੱਸ ਦਈਏ ਕਿ ਬੀਤੇ ਵੀਰਵਾਰ ਨੂੰ ਸੰਸਦ ਦੇ ਵਿਸ਼ੇਸ਼ ਸੈਸ਼ਨ ਦੇ ਪਹਿਲੇ ਦਿਨ ਇਨ੍ਹਾਂ ਤਿੰਨਾਂ ਬਿੱਲਾਂ ‘ਤੇ ਦੇਰ ਰਾਤ ਤੱਕ ਬਹਿਸ ਜਾਰੀ ਰਹੀ। ਸ਼ੁੱਕਰਵਾਰ ਨੂੰ ਵੀ ਕਈ ਘੰਟੇ ਬਹਿਸ ਜਾਰੀ ਰਹੀ ਜਿਸ ਤੋਂ ਬਾਅਦ ਲੋਕ ਸਭਾ ਵਿੱਚ ਵੋਟਿੰਗ ਹੋਈ। ਕੁੱਲ 130 ਸੰਸਦ ਮੈਂਬਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ, ਜਿਨ੍ਹਾਂ ਵਿੱਚ 56 ਮਹਿਲਾ ਸੰਸਦ ਮੈਂਬਰ ਵੀ ਸ਼ਾਮਲ ਸਨ। 131ਵੇਂ ਸੋਧ ਬਿੱਲ ਦੇ ਪਾਸ ਨਾ ਹੋਣ ਤੋਂ ਬਾਅਦ ਸਰਕਾਰ ਨੇ ਬਾਕੀ ਦੋ ਬਿੱਲਾ ‘ਤੇ ਵੀ ਚਰਚਾ ਨਹੀਂ ਕੀਤੀ। ਦੂਜੇ ਪਾਸੇ ਬਿੱਲ ਪਾਸ ਨਾ ਹੋਣ ‘ਤੇ ਭਾਜਪਾ ਮਹਿਲਾ ਸੰਸਦ ਮੈਂਬਰਾਂ ਨੇ ਕਾਂਗਰਸ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਪੋਸਟਰ ਲਹਿਰਾਏ। ਉਨ੍ਹਾਂ ਨੇ ਬੈਨਰ ਅਤੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ, “ਔਰਤ ਵਿਰੋਧੀ ਮੁਰਦਾਬਾਦ” ਅਤੇ “ਭਾਰਤੀ ਗਠਜੋੜ ਮੁਰਦਾਬਾਦ” ਦੇ ਨਾਅਰੇ ਲਗਾਏ ਗਏ ਪੋਸਟਰਾਂ ‘ਤੇ ਲਿਖਿਆ ਸੀ, “ਭਾਰਤ ਔਰਤ ਸ਼ਕਤੀ ਦੇ ਅਪਮਾਨ ਨੂੰ ਬਰਦਾਸ਼ਤ ਨਹੀਂ ਕਰੇਗਾ।” ਸਰਕਾਰ ਨੇ ਕਿਹਾ ਕਿ ਜੇਕਰ ਇਹ ਬਿੱਲ ਪਾਸ ਹੋ ਜਾਂਦਾ ਤਾਂ ਸਾਰੇ ਰਾਜਾਂ ਦੀਆਂ ਲੋਕ ਸਭਾ ਸੀਟਾਂ 50% ਵਧ ਜਾਣੀਆਂ ਸਨ। ਵਧੀਆਂ ਹੋਈਆਂ ਸੀਟਾਂ ਦੇ ਹਿਸਾਬ ਨਾਲ ਮਹਿਲਾਵਾਂ ਨੂੰ 33% ਰਾਖਵਾਂਕਰਨ ਮਿਲਣਾ ਸੀ।

# ਬਿਕਰਮ ਮਜੀਠੀਆ ਮੋਹਾਲੀ ਅਦਾਲਤ 'ਚ ਹੋਏ ਪੇਸ਼



ਐਸਏਐਸ ਨਗਰ : ਅੱਜ ਸਨਿੱਚਰਵਾਰ, 18 ਅਪ੍ਰੈਲ ਨੂੰ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਮੋਹਾਲੀ ਅਦਾਲਤ ਵਿਚ ਪੇਸ਼ੀ ਹੋਏ। ਇਹ ਪੇਸ਼ੀ ਆਮਦਨ ਤੋਂ ਵੱਧ ਜਾਇਦਾਦ ਵਾਲੇ ਮਾਮਲੇ ਵਿਚ ਹੋਈ ਹੈ। ਜਿਸ ਵਿਚ ਵਿਜੀਲੈਂਸ ਬਿਊਰੋ ਨੇ ਉਨ੍ਹਾਂ ਖਿਲਾਫ ਐਫਆਈਆਰ ਦਰਜ ਕੀਤੀ ਹੋਈ ਹੈ। ਬਿਕਰਮ ਮਜੀਠੀਆ ਇਸ ਮਾਮਲੇ ਵਿਚ ਅਦਾਲਤ ਵਿਚ ਹਾਜ਼ਰ ਹੋਏ ਅਤੇ ਅਦਾਲਤ ਨੇ ਅਗਲੀ ਸੁਣਵਾਈ ਲਈ 16 ਮਈ ਦੀ ਤਰੀਕ ਮੁਕੱਰਰ ਕਰ ਦਿੱਤੀ ਹੈ। ਬਿਕਰਮ ਮਜੀਠੀਆ ਅਤੇ ਉਨ੍ਹਾਂ ਨਾਲ ਹਰਪ੍ਰੀਤ ਸਿੰਘ ਗੁਲਾਟੀ ਅੱਜ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਿਚ ਪੇਸ਼ ਹੋਏ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੇ ਵਕੀਲ ਅਤੇ ਅਕਾਲੀ ਦਲ ਦੇ ਬੁਲਾਰਾ ਅਰਸ਼ਦੀਪ ਕਲੇਰ ਵੀ ਮੌਜੂਦ ਸਨ। ਅਦਾਲਤ ਨੇ ਮਾਮਲੇ ਨੂੰ ਵਿਸਥਾਰ ਨਾਲ ਸੁਣਿਆ ਅਤੇ ਅਗਲੀ ਸੁਣਵਾਈ ਲਈ 16 ਮਈ ਦੀ ਤਰੀਕ ਦੇ ਦਿੱਤੀ। ਵਿਜੀਲੈਂਸ ਬਿਊਰੋ ਨੇ ਬਿਕਰਮ ਮਜੀਠੀਆ ਉੱਤੇ ਆਮਦਨ ਤੋਂ ਵੱਧ ਜਾਇਦਾਦ ਰੱਖਣ ਦਾ ਇਲਜ਼ਾਮ ਲਾਇਆ ਹੈ। ਇਸ ਵਿਚ ਇਹ ਦੋਸ਼ ਹੈ ਕਿ ਉਨ੍ਹਾਂ ਨੇ ਆਪਣੀ ਆਮਦਨ ਤੋਂ ਵੱਧ ਜਾਇਦਾਦ ਬਣਾਈ ਹੈ। ਇਸੇ ਇਲਜ਼ਾਮ ਤਹਿਤ ਵਿਜੀਲੈਂਸ ਵੱਲੋਂ ਉਨ੍ਹਾਂ ਖਿਲਾਫ ਕੇਸ ਦਰਜ ਕੀਤਾ ਗਿਆ ਸੀ ਅਤੇ ਅੱਜ ਉਸੀ ਕੇਸ ਵਿਚ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਹੋਣਾ ਪਿਆ। ਇਹ ਪੇਸ਼ੀ ਬਿਕਰਮ ਮਜੀਠੀਆ ਲਈ ਇਸ ਮਾਮਲੇ ਵਿਚ ਇੱਕ ਅਹਿਮ ਕਦਮ ਹੈ।

ਅਕਾਲੀ ਦਲ ਦੇ ਇਸ ਸੀਨੀਅਰ ਆਗੂ ਉੱਤੇ ਲੱਗੇ ਇਲਜ਼ਾਮਾਂ ਕਾਰਨ ਰਾਜਨੀਤਕ ਗਲਿਆਰਿਆਂ ਵਿਚ ਚਰਚਾ ਚੱਲ ਰਹੀ ਹੈ। ਅਦਾਲਤ ਨੇ ਅਗਲੀ ਸੁਣਵਾਈ ਲਈ 16 ਮਈ ਤੱਕ ਤਰੀਕ ਦੇ ਦਿੱਤੀ ਹੈ। ਇਸ ਲਈ ਇਸ ਮਾਮਲੇ ਵਿਚ ਅਗਲੀਆਂ ਕਾਰਵਾਈਆਂ ਉਸ ਤਰੀਕ ਤੋਂ ਬਾਅਦ ਹੀ ਸਾਹਮਣੇ ਆਉਣਗੀਆਂ।

# ਇਟਲੀ 'ਚ ਗੁਰਦੁਆਰਾ ਸਾਹਿਬ ਦੇ ਬਾਹਰ ਦੋ ਸਿੱਖ ਸੇਵਾਦਾਰਾਂ ਦਾ ਕਤਲ

## ਇਟਾਲੀਅਨ ਪੁਲਿਸ ਕਰ ਰਹੀ ਨਿੱਠ ਕੇ ਜਾਂਚ




ਬੈਰਗਾਮੋ (ਇਟਲੀ): ਇਟਲੀ ਵਿਚ ਖਾਲਸਾ ਪੰਥ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਦੀਆਂ ਤਿਆਰੀਆਂ ਚੱਲ ਰਹੀਆਂ ਸਨ ਕਿ ਇੱਕ ਭਿਆਨਕ ਘਟਨਾ ਵਾਪਰ ਗਈ। ਲੰਬਾਰਦੀਆਂ ਸੂਬੇ ਦੇ ਜ਼ਿਲ੍ਹਾ ਬੈਰਗਾਮੋ ਦੇ ਸ਼ਹਿਰ ਕੋਵੋ ਵਿਖੇ ਸਥਿਤ ਗੁਰਦੁਆਰਾ ਸਾਹਿਬ ਮਾਤਾ ਸਾਹਿਬ ਕੌਰ ਜੀ ਤੋਂ ਬਾਹਰ ਇੱਕ ਅਣਪਛਾਤੇ ਹਮਲਾਵਰ ਨੇ ਗੋਲੀਆਂ ਚਲਾ ਕੇ ਭਾਰਤੀ ਮੂਲ ਦੇ ਦੋ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਘਟਨਾ ਨਾਲ ਪੂਰੀ ਇਟਲੀ ਵਿਚ ਭਾਰਤੀ ਭਾਈਚਾਰੇ ਅਤੇ ਸਿੱਖ ਸੰਗਤ ਵਿਚ ਡੂੰਘਾ ਮਾਤਮ ਛਾ ਗਿਆ ਹੈ।

ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਖਾਲਸਾ ਪੰਥ ਦੇ ਸਾਜਨਾ ਦਿਵਸ ਭਾਵ ਵਿਸਾਖੀ ਨੂੰ ਸਮਰਪਿਤ ਵੱਡਾ ਨਗਰ ਕੀਰਤਨ 18 ਅਪ੍ਰੈਲ ਸਨਿੱਚਰਵਾਰ ਨੂੰ ਸਜਾਉਣ ਜਾ ਰਹੀ ਸੀ ਅਤੇ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਸਨ। ਇਸ ਤੋਂ ਇੱਕ ਦਿਨ ਪਹਿਲਾਂ 17 ਅਪ੍ਰੈਲ ਦੀ ਰਾਤ ਨੂੰ ਜਦੋਂ ਸੰਗਤ ਗੁਰਦੁਆਰਾ ਸਾਹਿਬ ਵਿਚ ਨਤਮਸਤਕ ਹੋ ਕੇ ਆਪਣੇ ਘਰਾਂ ਵੱਲ ਜਾ ਰਹੀ ਸੀ ਤਾਂ ਅਚਾਨਕ ਇੱਕ ਅਣਪਛਾਤੇ ਹਮਲਾਵਰ ਨੇ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲੇ ਦੋ ਸਿੱਖਾਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਉਥੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ 40 ਸਾਲਾ ਸੇਵਾਦਾਰ ਰਜਿੰਦਰ ਸਿੰਘ ਰੰਮੀ ਅਤੇ 40 ਸਾਲਾ ਗੁਰਮੀਤ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਘਟਨਾ ਨਾਲ ਪੂਰੀ ਸੰਗਤ ਵਿਚ ਸੋਗ ਦੀ ਲਹਿਰ ਦੌੜ ਗਈ। ਇਸ ਦੁਖਾਂਤ ਵਾਲੀ ਘਟਨਾ ਤੋਂ ਬਾਅਦ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 18 ਅਪ੍ਰੈਲ ਨੂੰ ਸਜਾਇਆ ਜਾਣ ਵਾਲਾ ਵਿਸ਼ਾਲ ਨਗਰ ਕੀਰਤਨ ਰੱਦ ਕਰ ਦਿੱਤਾ ਹੈ। ਸੰਗਤ ਵਿਚ ਇਸ ਘਟਨਾ ਨੂੰ ਬੇਹੱਦ ਦੁਖਦਾਈ ਅਤੇ ਚਿੰਤਾਜਨਕ ਮੰਨਿਆ ਜਾ ਰਿਹਾ ਹੈ। ਘਟਨਾ ਦੀ ਖ਼ਬਰ ਮਿਲਦਿਆਂ ਹੀ ਇਟਾਲੀਅਨ ਪੁਲਿਸ ਤੁਰੰਤ ਹਰਕਤ ਵਿਚ ਆ ਗਈ। ਪੁਲਿਸ ਨੇ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਲੱਗੇ ਕੈਮਰਿਆਂ ਅਤੇ ਮੌਕੇ ਦੇ ਚਸ਼ਮਦੀਦ ਗਵਾਹਾਂ ਤੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਹਮਲਾਵਰ ਘਟਨਾ ਤੋਂ ਬਾਅਦ ਭੱਜਣ ਵਿਚ ਕਾਮਯਾਬ ਹੋ ਗਿਆ ਸੀ। ਪੁਲਿਸ ਇਸ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਪੂਰੀ ਤਰ੍ਹਾਂ ਨਿੱਠ ਕੇ ਜਾਂਚ ਕਰ ਰਹੀ ਹੈ। ਅਜੇ ਤੱਕ ਹਮਲੇ ਦਾ ਕੋਈ ਵੀ ਕਾਰਨ ਸਾਹਮਣੇ ਨਹੀਂ ਆਇਆ ਹੈ। ਇਹ ਘਟਨਾ ਇਟਲੀ ਵਿਚ ਰਹਿਣ ਵਾਲੀ ਸਿੱਖ ਸੰਗਤ ਲਈ ਬਹੁਤ ਵੱਡਾ ਝਟਕਾ ਹੈ। ਖਾਲਸਾ ਪੰਥ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਲੱਗੀਆਂ ਤਿਆਰੀਆਂ ਨੂੰ ਇਸ ਘਟਨਾ ਨੇ ਸੋਗ ਵਿਚ ਬਦਲ ਕੇ ਰੱਖ ਦਿੱਤਾ ਹੈ। ਦੋਵਾਂ ਮ੍ਰਿਤਕ ਸਿੱਖਾਂ ਰਜਿੰਦਰ ਸਿੰਘ ਰੰਮੀ ਅਤੇ ਗੁਰਮੀਤ ਸਿੰਘ ਨੂੰ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਵਜੋਂ ਜਾਣਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਅਚਾਨਕ ਮੌਤ ਨੇ ਸਭ ਨੂੰ ਸਦਮੇ ਵਿਚ ਪਾ ਦਿੱਤਾ ਹੈ। ਇਟਾਲੀਅਨ ਪੁਲਿਸ ਇਸ ਮਾਮਲੇ ਵਿਚ ਤੇਜ਼ੀ ਨਾਲ ਜਾਂਚ ਕਰ ਰਹੀ ਹੈ ਅਤੇ ਉਮੀਦ ਹੈ ਕਿ ਜਲਦੀ ਹੀ ਹਮਲਾਵਰ ਫੜਿਆ ਜਾਵੇਗਾ ਅਤੇ ਅਸਲ ਕਾਰਨ ਸਾਹਮਣੇ ਆਉਣਗੇ। ਇਸ ਘਟਨਾ ਨੇ ਵਿਦੇਸ਼ਾਂ ਵਿਚ ਰਹਿਣ ਵਾਲੀ ਸਿੱਖ ਸੰਗਤ ਵਿਚ ਚਿੰਤਾ ਵਧਾ ਦਿੱਤੀ ਹੈ ਅਤੇ ਲੋਕ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਸੁਰੱਖਿਆ ਦੀ ਮੰਗ ਕਰ ਰਹੇ ਹਨ।

# ED ਦੇ ਛਾਪੇ ਵਿਰੋਧੀ ਧਿਰ ਦੀ ਆਵਾਜ਼ ਨੂੰ ਕੁਚਲਣ ਲਈ ਭਾਜਪਾ ਦੀ ਬੌਖਲਾਹਟ ਨੂੰ ਦਰਸਾਉਂਦੇ ਹਨ: ਆਪ ਪੰਜਾਬ



ਚੰਡੀਗੜ੍ਹ: ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਟਿਕਾਣਿਆਂ ‘ਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਵਿਰੋਧੀ ਆਗੂਆਂ ਨੂੰ ਡਰਾਉਣ-ਧਮਕਾਉਣ ਅਤੇ ਗੈਰ-ਭਾਜਪਾ ਸਰਕਾਰਾਂ ਨੂੰ ਅਸਥਿਰ ਕਰਨ ਲਈ ਕੇਂਦਰੀ ਏਜੰਸੀਆਂ ਦੀ ਘੋਰ ਦੁਰਵਰਤੋਂ ਦੀ ਇੱਕ ਹੋਰ ਮਿਸਾਲ ਕਰਾਰ ਦਿੱਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਨੂੰ “ਲੋਕਤੰਤਰ ਦਾ ਲਗਾਤਾਰ ਗਲਾ ਘੁੱਟਣ” ਲਈ ਆੜੇ ਹੱਥੀਂ ਲਿਆ। ਉਨ੍ਹਾਂ ਨੇ ਕੇਂਦਰੀ ਏਜੰਸੀਆਂ ਵੱਲੋਂ ਚੋਣਵੇਂ ਰੂਪ ਵਿੱਚ ਨਿਸ਼ਾਨਾ ਬਣਾਉਣ ‘ਤੇ ਸਵਾਲ ਉਠਾਉਂਦੇ ਹੋਏ ਕਿਹਾ, “ਈਡੀ ਦੇ ਛਾਪੇ ਸਿਰਫ਼ ਉਨ੍ਹਾਂ ਰਾਜਾਂ ਵਿੱਚ ਹੀ ਕਿਉਂ ਮਾਰੇ ਜਾਂਦੇ ਹਨ ਜਿੱਥੇ ਭਾਜਪਾ ਸੱਤਾ ਵਿੱਚ ਨਹੀਂ ਹੈ? ਜਿਹੜੇ ਲੋਕ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦੇ ਹਨ ਅਤੇ ਲੋਕ ਭਲਾਈ ਲਈ ਕੰਮ ਕਰਦੇ ਹਨ, ਉਨ੍ਹਾਂ ਨੂੰ ਜਾਂ ਤਾਂ ਈਡੀ ਦੇ ਨੋਟਿਸ ਦਿੱਤੇ ਜਾਂਦੇ ਹਨ ਜਾਂ ਜੇਲ੍ਹ ਭੇਜ ਦਿੱਤਾ ਜਾਂਦਾ ਹੈ।” ਪੰਜਾਬ ਦੇ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਅਜਿਹੀਆਂ ਚਾਲਾਂ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਵਿੱਚ ਸਫ਼ਲ ਨਹੀਂ ਹੋਣਗੀਆਂ। ਉਨ੍ਹਾਂ ਕਿਹਾ, “ਡਰ ਅਤੇ ਦਬਾਅ ਰਾਹੀਂ ਲੋਕਤੰਤਰ ਨੂੰ ਕੁਚਲਿਆ ਨਹੀਂ ਜਾ ਸਕਦਾ। ਪੰਜਾਬ ਦੀ ਕ੍ਰਾਂਤੀਕਾਰੀ ਧਰਤੀ ਤੋਂ ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜਿੱਥੇ ਵੀ ਬੇਇਨਸਾਫ਼ੀ ਹੋਵੇਗੀ, ਅਸੀਂ ਉਸ ਵਿਰੁੱਧ ਡਟ ਕੇ ਖੜ੍ਹਾਂਗੇ। ਇਹ ਕਿਸੇ ਵਿਅਕਤੀ ਦੀ ਲੜਾਈ ਨਹੀਂ ਹੈ, ਸਗੋਂ ਸਾਡੇ ਸੰਵਿਧਾਨ ਅਤੇ ਦੇਸ਼ ਨੂੰ ਬਚਾਉਣ ਦੀ ਲੜਾਈ ਹੈ, ਅਤੇ ਇਹ ਸੰਘਰਸ਼ ਜਾਰੀ ਰਹੇਗਾ।” ਇਸ ਦੌਰਾਨ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸੰਜਮ ਬਣਾਈ ਰੱਖਿਆ ਅਤੇ ਕਾਨੂੰਨੀ ਪ੍ਰਕਿਰਿਆ ਵਿੱਚ ਆਪਣਾ ਭਰੋਸਾ ਪ੍ਰਗਟਾਇਆ। ਉਨ੍ਹਾਂ ਕਿਹਾ, “ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ, ਮੈਂ ਏਜੰਸੀਆਂ ਨੂੰ ਪੂਰਾ ਸਹਿਯੋਗ ਦੇਵਾਂਗਾ ਅਤੇ ਮੈਨੂੰ ਭਰੋਸਾ ਹੈ ਕਿ ਸੱਚ ਦੀ ਜਿੱਤ ਹੋਵੇਗੀ।”

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, “ਭਾਜਪਾ ਗੈਰ-ਭਾਜਪਾ ਸ਼ਾਸਿਤ ਰਾਜਾਂ ਦੀਆਂ ਸਰਕਾਰਾਂ ਨੂੰ ਧਮਕਾਉਣ ਲਈ ਈਡੀ ਦੀ ਦੁਰਵਰਤੋਂ ਕਰ ਰਹੀ ਹੈ। ਵਿਰੋਧੀ ਨੇਤਾਵਾਂ ‘ਤੇ ਦਬਾਅ ਪਾਉਣ ਲਈ ਈ.ਡੀ. ਦੀ ਵਰਤੋਂ ਕਰਨਾ ਹੁਣ ਉਨ੍ਹਾਂ ਦੀ ਸਿਆਸੀ ਰਣਨੀਤੀ ਬਣ ਗਈ ਹੈ ਤਾਂ ਜੋ ਅਸਹਿਮਤੀ ਦੀ ਹਰ ਆਵਾਜ਼ ਨੂੰ ਦਬਾਇਆ ਜਾ ਸਕੇ। ਇਹ ਸਾਡੀਆਂ ਲੋਕਤੰਤਰੀ ਪਰੰਪਰਾਵਾਂ ਲਈ ਬੇਹੱਦ ਖ਼ਤਰਨਾਕ ਹੈ।” ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਦੀ ਰਾਜਨੀਤੀ “ਡਰਾਉਣ, ਧਮਕਾਉਣ ਅਤੇ ਕਿਸੇ ਵੀ ਕੀਮਤ ‘ਤੇ ਸੱਤਾ ਹਥਿਆਉਣ” ‘ਤੇ ਆਧਾਰਿਤ ਹੈ।

ਦੂਜੇ ਪਾਸੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅਜਿਹੀਆਂ ਕਾਰਵਾਈਆਂ ਦੇ ਸਮੇਂ ‘ਤੇ ਸਵਾਲ ਚੁੱਕਦਿਆਂ ਇਹੀ ਚਿੰਤਾਵਾਂ ਦੁਹਰਾਈਆਂ। ਉਨ੍ਹਾਂ ਕਿਹਾ ਕਿ ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਭਾਜਪਾ ਨੂੰ ਅਚਾਨਕ ਈਡੀ ਦੀ ਯਾਦ ਆ ਜਾਂਦੀ ਹੈ ਅਤੇ ਵਿਰੋਧੀ ਨੇਤਾਵਾਂ ਦੇ ਘਰਾਂ ‘ਤੇ ਛਾਪੇਮਾਰੀ ਸ਼ੁਰੂ ਹੋ ਜਾਂਦੀ ਹੈ। ਚਾਹੇ ਉਹ ਸੰਜੀਵ ਅਰੋੜਾ ਹੋਣ ਜਾਂ ਸੰਸਦ ਮੈਂਬਰ ਅਸ਼ੋਕ ਮਿੱਤਲ, ਨਿਸ਼ਾਨਾ ਹਮੇਸ਼ਾ ਉਹ ਹੁੰਦੇ ਹਨ ਜੋ ਭਾਜਪਾ ਨਾਲ ਸਿਆਸੀ ਤੌਰ ‘ਤੇ ਅਸਹਿਮਤ ਹਨ। ਇਹ ਜਾਂਚ ਨਹੀਂ, ਸਗੋਂ ਬਦਲੇ ਦੀ ਰਾਜਨੀਤੀ ਹੈ।” ਉਨ੍ਹਾਂ ਚੇਤਾਵਨੀ ਦਿੱਤੀ ਕਿ ਕੇਂਦਰੀ ਏਜੰਸੀਆਂ ਨੂੰ ਹਥਿਆਰ ਬਣਾਉਣਾ ਲੋਕਤੰਤਰ ਲਈ ਗੰਭੀਰ ਖਤਰਾ ਹੈ, ਜੋ ਦੇਸ਼ ਨੂੰ ਤਾਨਾਸ਼ਾਹੀ ਵੱਲ ਧੱਕ ਰਿਹਾ ਹੈ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਛਾਪੇਮਾਰੀ ਨੂੰ ‘ਆਪ’ ਪੰਜਾਬ ਨੂੰ ਕੁਚਲਣ ਦੇ ਉਦੇਸ਼ ਨਾਲ “ਏਜੰਸੀਆਂ ਦੀ ਘੋਰ ਦੁਰਵਰਤੋਂ” ਕਰਾਰ ਦਿੱਤਾ। ਉਨ੍ਹਾਂ ਕਿਹਾ, “ਅਜਿਹੀਆਂ ਚਾਲਾਂ ਸਾਨੂੰ ਖਤਮ ਕਰਨ ਵਿੱਚ ਹਮੇਸ਼ਾ ਅਸਫਲ ਰਹੀਆਂ ਹਨ। ਇਹ ਸਾਨੂੰ ਹੋਰ ਮਜ਼ਬੂਤ ਬਣਾਉਂਦੀਆਂ ਹਨ। ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਹੀ ਅਸਲ ਰਾਸ਼ਟਰੀ ਵਿਰੋਧੀ ਧਿਰ ਅਤੇ ਭਾਜਪਾ ਦਾ ਅਸਲ ਬਦਲ ਹੈ।”

ਆਪ ਪੰਜਾਬ ਦੇ ਆਗੂਆਂ ਨੇ ਸਰਬਸੰਮਤੀ ਨਾਲ ਕਿਹਾ ਕਿ ਦੇਸ਼ ਦੇ ਲੋਕ ਦੇਖ ਰਹੇ ਹਨ ਕਿ ਕਿਵੇਂ ਵਿਰੋਧੀ ਧਿਰ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਪਾਰਟੀ ਨੇ “ਡਰ ਅਤੇ ਬਦਲੇ ਦੀ ਰਾਜਨੀਤੀ” ਦੇ ਵਿਰੁੱਧ ਮਜ਼ਬੂਤੀ ਨਾਲ ਖੜ੍ਹੇ ਹੋਣ ਦੇ ਆਪਣੇ ਸੰਕਲਪ ਨੂੰ ਦੁਹਰਾਇਆ ਅਤੇ ਲੋਕਤੰਤਰ ਤੇ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰਾਖੀ ਲਈ ਆਪਣੀ ਲੜਾਈ ਜਾਰੀ ਰੱਖਣ ਦਾ ਪ੍ਰਣ ਲਿਆ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੁਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
100% NATURAL PRODUCT
PRODUCT OF CANADA
NUTRA SELECT
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd. Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab Star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਤੇਰੀ ਫੀਅਟ 'ਤੇ ਜੇਠ ਨਜ਼ਾਰੇ ਲੈਂਦਾ !



ਬੁੱਧ ਸਿੰਘ ਨੀਲੋਂ
94643 70823

ਜਦੋਂ ਪੈਸਾ ਖੋਟਾ ਆਪਣਾ ਹੋਵੇ, ਫੇਰ ਬਾਣੀਏ ਦੇ ਨਾਲ ਝਗੜਾ ਨਹੀਂ ਕਰਨਾ ਚਾਹੀਦਾ। ਉਦੋਂ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨ ਦੀ ਜਰੂਰਤ ਹੁੰਦੀ ਹੈ। ਅਸੀਂ ਅਕਸਰ ਬੇਗਾਨੀਆਂ ਖੁਰਲੀਆਂ ਦੇ ਵਿੱਚ ਪਸ਼ੂਆਂ ਵਾਂਗੂੰ ਮੂੰਹ ਮਾਰਦੇ ਰਹਿੰਦੇ ਹਾਂ। ਆਪਣੇ ਮੂਹਰੇ ਪਏ ਚਾਰੇ ਨੂੰ ਸਦਾ ਹੀ ਨਜ਼ਰ ਅੰਦਾਜ਼ ਕਰਦੇ ਹਾਂ। ਮਨੁੱਖ ਦੀ ਬਿਰਤੀ ਤਿੱਤਲੀਆਂ ਵਰਗੀ ਹੁੰਦੀ ਹੈ। ਤਿੱਤਲੀ ਦਾ ਤਾਂ ਢਿੱਡ ਛੋਟਾ ਹੁੰਦਾ ਤੇ ਹਾਜ਼ਮਾਂ ਵੱਡਾ ਹੁੰਦਾ ਤਾਂ ਹੀ ਉਹ ਇਕ ਫੁੱਲ ਤੋਂ ਦੂਜੇ ਤੇ ਤੀਜੇ ਉਤੇ ਘੁੰਮਦੀ ਰਹਿੰਦੀ ਹੈ। ਉਸਦੇ ਜੀਵਨ ਦਾ ਸਫਰ ਵੀ ਥੋੜ੍ਹਾ ਹੁੰਦਾ ਹੈ ਪਰ ਉਹ ਹਰ ਰਸ ਤੇ ਰੰਗ ਮਾਣਦੀ ਹੈ। ਉਹ ਫੁੱਲਾਂ ਦੇ ਉਪਰ ਕਬਜ਼ਾ ਨਹੀਂ ਕਰਦੀ। ਉਹ ਰਸ ਚੂਸ ਕੇ ਅੱਗੇ ਹੁੰਦੀ ਹੈ। ਕਿਸੇ ਦੂਜੀ ਵਾਦੀ ਵਿੱਚ।

ਮਨੁੱਖ ਦਾ ਸੁਭਾਅ ਹਮੇਸ਼ਾ ਹੀ ਕਬਜ਼ੇ ਵਾਲਾ ਹੈ। ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦਾ ਕਥਨ ਹੈ ਕਿ –" ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ !" ਪ੍ਰੰਤੂ ਮਨੁੱਖ ਜਾਣ–ਪਹਿਚਾਣ ਕੱਢ ਕੇ ਕਬਜ਼ਾ ਕਰਦਾ ਹੈ। ਬੇਗਾਨੀ ਜ਼ਮੀਨ ਤੇ ਜ਼ਮੀਰ ਦਾ ਕਬਜ਼ਾ ਲੈਣਾ ਤੇ ਕਬਜ਼ੇ ਨੂੰ ਬਰਕਰਾਰ ਰੱਖਣਾ ਸੌਖਾ ਨਹੀਂ ਹੁੰਦਾ। ਬਹੁਤ ਮੁਸ਼ਕਿਲ ਭਰਿਆ ਕੰਮ ਹੈ ਜਿਵੇਂ ਕੰਮ ਕੋਈ ਵੀ ਚੰਗਾ ਤੇ ਮਾੜਾ ਨਹੀਂ ਹੁੰਦਾ। ਮਨੁੱਖ ਦੀ ਸੋਚ ਸਮਝ ਚੰਗੀ ਤੇ ਮਾੜੀ ਹੋ ਸਕਦੀ ਹੈ। ਸ਼ਲੀਲ/ਅਸ਼ਲੀਲ ਕੁੱਝ ਨਹੀਂ ਹੁੰਦਾ, ਇਹ ਤਾਂ ਮਨੁੱਖ ਦੀ ਸੋਚ ਉਤੇ ਨਿਰਭਰ ਹੁੰਦਾ ਹੈ। ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ। ਸੋਨਾ ਚਮਕਦਾ ਨਹੀਂ ਤੇ ਨਾ ਹੀ ਲਿਸ਼ਕਦਾ ਹੈ। ਸੁਰਮਾ ਹਰ ਕੋਈ ਪਾਉਂਦਾ ਹੈ ਪਰ ਮਟਕਾਉਣਾ ਕਿਸੇ ਕਿਸੇ ਨੂੰ ਆਉਂਦਾ ਹੈ।

ਜਿਵੇਂ ਗਿਆਨ ਤੇ ਸਮਾਜ ਪ੍ਰਤੀ ਸਮਝ ਡਿਗਰੀਆਂ ਹਾਸਲ ਕਰਕੇ ਨਹੀਂ ਆਉਂਦੀ। ਇਹ ਤਾਂ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਲੜਦਿਆਂ ਆਉਂਦੀ ਹੈ। ਕਿਤਾਬ ਕੋਈ ਚੰਗੀ ਮਾੜੀ ਨਹੀਂ ਹੁੰਦੀ। ਕਿਤਾਬ ਪੜ੍ਹਨ ਵਾਲੇ ਦੀ ਸੋਚ ਚੰਗੀ ਮਾੜੀ ਹੋ ਸਕਦੀ ਹੈ। ਮਨੁੱਖ ਕਿਤਾਬਾਂ ਨੂੰ ਹੀ ਨਹੀਂ ਪੜ੍ਹਦਾ ਤੇ ਕਿਤਾਬਾਂ ਵੀ ਮਨੁੱਖਾਂ ਨੂੰ ਪੜ੍ਹ ਦੀਆਂ ਹਨ। ਤੁਰਨ ਨਾਲ ਸਫ਼ਰ ਮੁੱਕਦਾ ਹੈ। ਕਿਸੇ ਦੇ ਨਾਲ ਜੁੜ ਕੇ ਨਵੀਂ ਸਿਰਜਣਾ ਹੋ ਸਕਦੀ।

ਬਿਜਲੀ ਦੀ ਇੱਕਲੀ ਤਾਰ ਵਿੱਚ ਕਰੰਟ ਹੋਣ ਤੇ ਵੀ ਉਹ ਕਰੰਟ ਰਹਿਤ ਹੁੰਦੀ ਹੈ ਜਦ ਤੱਕ ਉਸਨੂੰ ਅਰਥ ਨਹੀਂ ਮਿਲਦਾ, ਉਹ ਮਹਿਜ ਤਾਰ ਹੀ ਰਹਿ ਜਾਂਦੀ ਹੈ। ਰੋਸ਼ਨੀ ਪੈਦਾ ਕਰਨ ਲਈ ਦੋ ਦਾ ਹੋਣਾ ਲਾਜ਼ਮੀ ਹੈ। ਇਕੱਲਾ ਦੀਵਾ ਰੋਸ਼ਨੀ ਪੈਦਾ ਨਹੀਂ ਕਰ ਸਕਦਾ ਹੈ। ਰੌਸ਼ਨੀ ਪੈਦਾ ਕਰਨ ਲਈ ਦੀਵਾ, ਤੇਲ ਤੇ ਅੱਗ ਦਾ ਹੋਣਾ ਜਰੂਰੀ ਹੁੰਦਾ ਹੈ ।

ਬਹੁਗਿਣਤੀ ਕੋਲ ਸਭ ਕੁੱਝ ਹੁੰਦਾ ਹੈ ਪਰ ਉਨ੍ਹਾਂ ਦੀ ਸੋਚ ਨਹੀਂ ਹੁੰਦੀ ਕਿ ਚਾਨਣ ਕੀਤਾ ਜਾਵੇ। ਲੋਕਾਂ ਤੇ ਸਮਾਜ ਦਾ ਹਨੇਰ ਦੂਰ ਕੀਤਾ ਜਾਵੇ। ਦੀਵੇ ਦੀ ਬੱਤੀ ਤੇ ਤੇਲ ਦੇ ਨਾਲ, ਬੰਦੇ ਦੀ ਸੋਚ ਵੀ ਜਲਦੀ ਹੈ ਤਾਂ ਰੋਸ਼ਨੀ ਹੁੰਦੀ ਹੈ ਜਿਵੇਂ ਨੀਂਦ ਮਖਮਲੀ ਬਿਸਤਰਿਆਂ ਉਤੇ ਨਹੀਂ ਆਉਂਦੀ। ਸੂਲਾਂ ਉਤੇ ਵੀ ਆ ਜਾ ਜਾਂਦੀ। ਮਾਛੀਵਾੜੇ ਦੇ ਜੰਗਲਾਂ ਦੇ ਵਿੱਚ ਸੂਲਾਂ ਉਤੇ ਛਵੀਆਂ ਦੀ ਛਾਂ ਹੇਠਾਂ ਕੋਈ ਹੀ ਸੌਂ ਸਕਦਾ ਹੈ। ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦੇ ਰਹਿਣਾ, ਕਹਿਣ ਵਾਲਾ ਤਾਂ ਕੋਈ ਸ਼ਹਿਨਸ਼ਾਹ ਹੋ ਸਕਦਾ ਹੈ, ਆਮ ਮਨੁੱਖ ਨਹੀਂ ਹੁੰਦਾ।

ਆਪਣੇ ਨੈਣ ਮੈਨੂੰ ਦੇ ਦੇ ਤੇ ਤੂ ਮਟਕਾਉਦੀ ਫਿਰ। ਬੇ ਅਕਲ ਦੂਜਿਆਂ ਨੂੰ ਨੈਣ ਹੀ ਨਹੀਂ, ਸੋਚ ਵੀ ਦੇਂਦਾ ਹੈ। ਇਸੇ ਕਰਕੇ ਸਮਾਜ ਅਕਲਹੀਣ ਰਾਜ ਕਰਦੇ ਹਨ। ਅਕਲਾਂ ਤੇ ਸ਼ਕਲਾਂ ਨੰਗ ਭੁੱਖ ਨਾਲ ਲੜਦੇ ਮਰਦੇ ਹਨ । ਹੁਣ ਹਾਲਤ ਸਾਡੀ ਤੇ ਪੰਜਾਬ ਦੀ ਇਹੋ ਜਿਹੀ ਬਣ ਗਈ ਹੈ। ਵਿਆਹ ਕਿਸੇ ਹੋਰ ਦਾ ਹੋਇਆ ਹੁੰਦਾ ਹੈ ਤੇ ਨਜ਼ਾਰੇ ਕੋਈ ਹੋਰ ਲੈਂਦਾ ਹੈ।

"ਤੇਰੀ ਫੀਅਟ ਤੇ ਜੇਠ ਨਜ਼ਾਰੇ ਲੈਂਦਾ !

ਲੋਕਾਂ ਨੇ ਆਪਣੇ ਦੁੱਖ ਦਰਦ ਦੂਰ ਕਰਨ ਲਈ ਇਮਾਨਦਾਰ ਬੰਦਾ ਦੇਖ ਕੇ ਭਗਵੰਤ ਸਿੰਘ ਮਾਨ ਨੂੰ ਚੁਣਿਆ ਸੀ ਪਰ ਉਹਦੀ ਹਾਲਤ ਉਸ ਗੀਤ ਵਰਗੀ ਹੋ ਗਈ।

"ਤੇਰੀ ਫੀਅਟ ਤੇ ਜੇਠ ਨਜ਼ਾਰੇ ਲੈਂਦਾ !"

ਪੈਸਾ ਲੋਕਾਂ ਦਾ ਹੈਲੀਕਾਪਟਰ ਸਰਕਾਰ ਦਾ ਤੇ ਨਜ਼ਾਰੇ ਦਿੱਲੀ ਦਾ ਸਾਬਕਾ ਮੁੱਖ ਮੰਤਰੀ ਲੈਂਦਾ ਫਿਰਦਾ ਹੈ। ਭਗਵੰਤ ਸਿੰਘ ਝੰਡਾ ਬਣ ਕੇ ਤਲੀਆਂ ਝੱਸਣ ਜੋਗਾ ਰਹਿ ਗਿਆ। ਉਹਦੇ ਉਹਦੇ ਪਚਾਨਵੇਂ ਚੋਰ, ਆਮ ਲੋਕਾਂ ਲਈ ਅੜਾਖੋੜ ਬਣੇ ਹੋਏ ਹਨ। ਉਹ ਟੋਲ ਟੈਕਸ ਵਾਲਿਆਂ ਵਾਂਗ ਕਿਸੇ ਨੂੰ ਸੁੱਕਾ ਨਹੀਂ ਜਾਣ ਦਿੰਦੇ। ਉਹ ਕੇਵਲ ਮਾਸ ਨਹੀਂ ਖਾਂਦੇ, ਸਗੋਂ ਹੱਡੀਆਂ ਵੀ ਚੂਸਦੇ ਹਨ। ਉਹਨਾਂ ਨੂੰ ਪੰਜਾਬ ਭੁੱਲ ਗਿਆ ਹੈ।

"ਨੀ ਸਹੁਰੀ ਜਾ ਕੇ ਭੁੱਲ ਜਾਵੇਗੀ,
ਜਿਹੜਾ ਤਲੀਆਂ 'ਤੇ ਚੋਗ ਚੁਗਾਇਆ !"

ਪੰਜਾਬ ਦੇ ਲੋਕਾਂ ਨੇ ਦਿਨ ਰਾਤ ਇਕ ਕਰਕੇ ਰਿਵਾਇਤੀ ਸਿਆਸੀ ਪਾਰਟੀਆਂ ਦਾ ਬੋਰੀਆ ਬਿਸਤਰਾ ਗੋਲ ਕੀਤਾ ਤੇ ਭਗਵੰਤ ਸਿੰਘ ਮਾਨ ਬਹੁਗਿਣਤੀ ਦੇ ਵਿੱਚ ਜਿਤਾਇਆ ਸੀ। ਭਗਵੰਤ ਸਿੰਘ ਮਾਨ ਤਾਂ ਸ਼ਹੀਦ ਭਗਤ ਸਿੰਘ ਦਾ ਲਿਹਾਜ਼ ਨਹੀਂ ਰੱਖਿਆ। ਬੇਗਾਨੇ ਹੱਥ ਆਪਣੇ ਹੱਥੀਂ ਇੱਜ਼ਤ ਫੜਾ ਦਿੱਤੀ। ਭਗਵੰਤ ਸਿੰਘ ਮਾਨ ਨੀ



ਬੋਲਦਾ, ਇਹਦੇ ਵਿੱਚੋਂ ਦਿੱਲੀ ਦਾ ਬਾਣੀਆਂ ਬੋਲਦਾ ਹੈ। ਇਹ ਲੋਕਾਂ ਨੂੰ ਚੁਟਕਲੇ ਸੁਣਾ ਕੇ ਨਿਹਾਲ ਕਰ ਰਿਹਾ ਹੈ। ਲੋਕ ਨਾਇਕ ਤੋਂ ਖਲਨਾਇਕ ਬਣ ਗਏ ਹਨ। ਉਹ ਟੁੰਡੇ ਹੱਥਾਂ ਨਾਲ ਰਸੋਈ ਕਿੱਟ ਲੈਣ ਲਈ ਪੱਬਾਂ ਭਾਰ ਹੋ ਗਏ ਹਨ। ਮੁਫ਼ਤ ਦੀਆਂ ਸਹੂਲਤਾਂ ਨੇ ਉਹਨਾਂ ਨੂੰ ਅੰਨ੍ਹੇ, ਬੋਲੇ ਤੇ ਗੂੰਗੇ ਕਰ ਦਿੱਤਾ ਹੈ। ਮੁਫ਼ਤ ਦਾ ਮਾਲ ਛਕਣ ਵਾਲੇ ਗ਼ੁਲਾਮੀ ਦੀਆਂ ਪੀਂਘਾਂ ਝੂਟਦੇ ਹਨ। ਚੁੱਲ੍ਹਿਆਂ ਨਾਲੋਂ ਸਿਵਿਆਂ ਵਿੱਚ ਅੱਗ ਬਲ਼ਦੀ ਹੈ।

"ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ ਤੇਰੇ ਵਿੱਚੋਂ ਯਾਰ ਬੋਲਦਾ !"

ਕੀ ਜ਼ੋਰ ਵੋਟਰਾਂ ਦਾ ਉਹ ਤਾਂ ਵੋਟਾਂ ਪਾ ਕੇ ਬਹਿ ਗਏ, ਸੋਨੇ ਵਰਗੇ ਮਹਿਲਾਂ ਨੂੰ ਹੱਥੀਂ ਬੇਗਾਨੇ ਹੱਥ ਦੇ ਬੈਠੇ।

ਲੋਕਾਂ ਦੀ ਹਾਲਤ ਸ਼ਰਾਬੀ ਵਰਗੀ ਹੋ ਗਈ, ਉਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਉਹ ਕਰਦੇ ਕੀ ਹਨ? ਉਹੀ ਹਾਲਤ ਭਗਵੰਤ ਸਿੰਘ ਮਾਨ ਦੀ ਹੈ। ਤਾਂ ਹੀ ਵਿਰੋਧੀ ਧਿਰ ਵਾਲੇ ਸ਼ਰੀਕੇ ਵਾਲਿਆਂ ਵਾਂਗੂੰ ਮੂੰਹ ਚੱਬ ਚੱਬ ਕੇ ਗੱਲਾਂ ਕਰਦੇ ਨੇ, ਉਹ ਮੂੰਹ ਆਇਆ ਬੋਲਦੇ ਹਨ;

"ਤੇਰੀ ਫੀਅਟ ਤੇ ਜੇਠ ਨਜ਼ਾਰੇ ਲੈਂਦਾ !"

ਸੁਖਬੀਰ ਬਾਦਲ ਕਚੀਚੀਆਂ ਲੈ ਰਿਹਾ ਹੈ, ਉਹ ਪਰਵਾਰ ਬਚਾਓ ਮੁਹਿੰਮ ਚਲਾ ਰਿਹਾ ਹੈ। ਉਹਦੇ ਵਰਕਰ ਦੇਹ ਵਪਾਰ ਦੇ ਅੱਡੇ ਚਲਾ ਕੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲੱਗੇ ਹੋਏ ਹਨ। ਪਹਿਲਾਂ ਟੈਂਡਰ ਰੱਦ ਹੋਣ ਤੇ ਐਮ ਡੀ ਖੁਦਕੁਸ਼ੀ ਕਰ ਗਿਆ ਸੀ। ਹੁਣ ਟਰਾਲੀ ਦੇ ਪੈਸੇ ਨਾ ਦੇਣ ਕਰਕੇ ਸਾਰੀ ਦੁਨੀਆਂ ਵਿੱਚ ਡੱਡੂ ਟੈਂ ਟੈਂ ਕਰਦੇ ਹਨ। ਭਗਵੰਤ ਮਾਨ ਨੇ ਹੁਣ ਅੱਕ ਚੱਬਿਆ ਹੈ, ਚੋਰਾਂ ਨੂੰ ਪੰਦਰਾਂ ਦਿਨਾਂ ਦੀ ਮੋਹਲਤ ਦਿੱਤੀ ਹੈ। ਹੁਣ ਪੰਜਾਬ ਦੇ ਵਿੱਚ ਮੜੀਆਂ ਮਸਾਣਾਂ ਵਰਗੀ ਚੁੱਪ ਹੈ।

ਉਧਰ ਸਿਆਣੇ ਬੰਦੇ ਉਸਨੂੰ ਸਮਝਾ ਰਹੇ ਹਨ ਕਿ ਤੂੰ ਆਪਣਾ ਘਰ ਬਾਰ ਸਾਂਭ, ਕਿਉਂ ਬੇਗਾਨੇ ਹੱਥਾਂ ਵਿੱਚ ਘਰ ਦਿੱਤਾ ਹੈ। ਲੋਕਾਂ ਨੂੰ ਸਮਝ ਨਹੀਂ ਲੱਗਦੀ ਕਿ ਅਸੀਂ ਭਗਵੰਤ ਸਿੰਘ ਨੂੰ ਕੀ ਘੋਲ ਕੇ ਪਿਆਇਆ ਹੈ। ਉਹ ਰੰਗਲੇ ਪੰਜਾਬ ਨੂੰ ਭੁੱਲ ਹੀ ਗਿਆ। ਹੁਣ ਉਸਦੇ ਵਿੱਚ ਪਹਿਲਾਂ ਵਾਲੀ ਗੱਲ ਨਾ ਰਹੀ। ਉਸਦਾ ਹਰਾ ਪੈਨ ਤੇ ਇਨਕਲਾਬੀ ਸੋਚ ਪਤਾ ਕਿਧਰ ਗੁੰਮ ਗਈ। ਬਿਜਲੀ ਦੀਆਂ ਤਿੰਨ ਸੌ ਯੂਨਿਟਾਂ ਮੁਆਫ਼ ਕੀਤੀਆਂ ਸੀ, ਲੋਕਾਂ ਨੂੰ ਚਾਰ ਗੁਣੇ ਬਿੱਲ ਆ ਗਏ। ਲੋਕ ਬਜ਼ਾਰ ਲੁੱਟੇ ਜੁਆਰੀਏ ਵਾਂਗੂੰ ਦੋਵੇਂ ਹੱਥੀਂ ਪਿੱਟ ਸਿਆਪਾ ਕਰਦੇ ਹਨ। ਉਹ ਪਿਛਲੇ ਸੱਤ ਦਹਾਕਿਆਂ ਤੋਂ ਕਰਦੇ ਆਏ ਹਨ ਤੇ ਕਰਦੇ ਰਹਿਣਗੇ ਜਦੋਂ ਤੱਕ ਮੁਫਤ ਦੀਆਂ ਜਲੇਬੀਆਂ ਖਾਣੀਆਂ ਤੇ ਮੁਫਤ ਦੀ ਸ਼ਰਾਬ ਪੀਣੋ ਨਹੀਂ ਹਟਦੇ ਪਰ ਕੌਣ ਸਮਝਾਵੇ ਲੋਕਾਂ ਨੂੰ ਕਿ ਲਹੂ ਪੀਣੀਆਂ ਜੋਕਾਂ ਤੋਂ ਬਚੋ। ਆਪਣੀ ਰਾਖੀ ਆਪ ਕਰੋ। ਉਧਰ ਭਾਜਪਾ ਪੰਜਾਬ ਦੀਆਂ ਨਬਜ਼ਾਂ ਟੈਟ ਕਰਨ ਲਈ ਨਵੀਂ ਜਨਗਣਨਾ ਕਰਵਾ ਕੇ, ਸਿੱਖ ਕੌਮ ਨੂੰ ਘੱਟ ਗਿਣਤੀ ਬਣਾਉਣ ਲਈ ਸਰਗਰਮ ਹੈ। ਪੰਜਾਬ ਦੇ ਲੋਕਾਂ ਨੂੰ ਹਮ ਦੋ ਹਮਾਰੇ ਦੋ, ਵਾਲ਼ੀ ਨੀਤੀ ਮਹਿੰਗੀ ਪਵੇਗੀ। ਭਾਖੜਾ ਡੈਮ ਬੋਰਡ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਹੁਣ ਇੱਕ ਇੱਕ ਕਰਕੇ ਹੱਥੋਂ ਦਾ ਰਹੇ ਹਨ। ਅਗਲੇ ਦਿਨਾਂ ਵਿੱਚ ਹੋਰ ਕੀ ਕੀ ਜਾਵੇਗਾ, ਇਹ ਤਾਂ ਪਤਾ ਨਹੀਂ। ਰੰਗਲਾ ਪੰਜਾਬ ਹੁਣ ਮੌਜੂਦਾ ਪੰਜਾਬ ਰਹਿ ਜਾਵੇਗਾ ਕਿ ਨਹੀਂ? ਇਹ ਤਾਂ ਤੁਹਾਨੂੰ ਵੀ ਤੇ ਉਨ੍ਹਾਂ ਨੂੰ ਵੀ ਪਤਾ ਹੈ ਕਿ ਪੰਜਾਬ ਦੇ ਲੋਕਾਂ ਵਿੱਚ ਹੁਣ ਜਾਨ ਬਚਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ।

ਇਸੇ ਕਰਕੇ ਉਹ ਗਾਉਂਦੇ ਹਨ, "ਇਥੋਂ ਉਡ ਜਾ ਭੋਲਿਆ ਪੰਛੀਆ, ਇਹ ਦੇਸ਼ ਹੋਇਆ ਬੇਗਾਨਾ।"

ਉਧਰ ਕਰਤਾਰ ਸਿੰਘ ਰਮਲਾ ਤੇ ਸੁਖਵੰਤ ਕੌਰ ਗਾਉਂਦੇ ਹਨ, ਕੱਢ ਦੂ ਤੇਰੀਆਂ ਰੜਕਾਂ ਬਾਪੂ ਦਾ ਖੂੰਡਾ।

ਗੁਰਸ਼ਰਨ ਸਿੰਘ ਦੇ ਨਾਟਕ ਸੰਮਾਂ ਵਾਲੀ ਡਾਂਗ ਦਾ ਪਾਤਰ ਆਖਦਾ ਹੈ, ਮੇਰੀ ਸੰਮਾਂ ਵਾਲੀ ਡਾਂਗ ਕੌਣ ਲੈ ਗਿਆ ਹੈ? ਦਰਸ਼ਕਾਂ ਵਿਚੋਂ ਕੋਈ ਬੋਲਿਆ ਹੈ, ਉਹ ਤਾਂ ਕਦੋਂ ਦੀ ਸਿਆਸੀ ਪਾਰਟੀਆਂ ਨੇ ਫੂਕ ਦਿੱਤੀ ਹੈ।

ਪੰਜਾਬ ਸਿਉਂ ਹੱਥ ਮਲਦਾ ਤੇ ਕਚੀਚੀਆਂ ਵੱਟ ਦਾ ਹੋਇਆ, ਲੁੱਟੇ ਜੁਆਰੀਏ ਵਾਂਗ, ਮੇਲੇ ਵਿੱਚ ਗੁਆਚੇ ਹੋਏ ਮਾਪਿਆਂ ਵਾਂਗ ਖੜ੍ਹਾ ਹੈ, ਜਿਹਨਾਂ ਦਾ ਗੱਭਰੂ ਪੁੱਤ ਗੁਆਚ ਗਿਆ ਹੈ।

ਹੁਣ ਤੁਸੀਂ ਭਾਵੇਂ ਟਰਾਲੀ ਦੀਆਂ ਗੱਲਾਂ ਕਰੋ, ਚਿੱਟੇ ਦੀਆਂ ਜਾਂ ਫਿਰ ਪੰਜਾਬ ਦੇ ਥਾਂ ਥਾਂ ਚੱਲਦੇ ਦੇਹ ਵਪਾਰ ਦੇ ਅੱਡਿਆਂ ਦੀ ਕਰੋ। ਕਿਉਂਕਿ ਹੁਣ ਤੁਸੀਂ ਵੀ ਗੱਲਾਂ ਬਾਤਾਂ ਕਰਨ ਜੋਗੇ ਰਹਿ ਗਏ ਓ।

ਅਮਰ ਜੋਤ ਗਾਉਂਦੀ ਹੈ, "ਕੀ ਜ਼ੋਰ ਗਰੀਬਾਂ ਦਾ, ਮਾਰੀ ਝਿੜਕ ਸੋਹਣਿਆਂ ਮੁੜ ਗਏ। ਸਾਡੀ ਕੱਖਾਂ ਦੀ ਕੁੱਲੀ ਤੇ ਹੱਥ ਵੱਡਿਆਂ ਘਰਾਂ ਨਾਲ ਜੁੜ ਗਏ। " ਸਤੌਜ ਵਾਲੇ ਮਿੰਦਰ ਮਾਸਟਰ ਦਾ ਮੁੰਡਾ ਰਾਜਸਥਾਨ ਵਿੱਚ ਪਾਣੀਆਂ ਦਾ ਬਕਾਇਆ ਰਾਸ਼ੀ ਲੈਣ ਗਿਆ ਹੋਇਆ ਹੈ। ਉਹਦੀਆਂ ਗੱਲ੍ਹਾਂ ਨੂੰ ਕੌਣ ਸਮਝ ਸਕਦਾ ਹੈ?

ਉਧਰ ਅਮਰ ਸਿੰਘ ਚਮਕੀਲਾ ਗਾਈ ਜਾ ਰਿਹਾ ਹੈ, "ਮੈਂ ਤਾਂ ਚੱਕ ਦੂ ਘੜੇ ਤੋਂ ਕੌਲਾ, ਕਰਾ ਦੂ ਹੱਥ ਖੜ੍ਹੇ ਬੱਲੀਏ।"

ਗੁਲਸ਼ਨ ਕੋਮਲ ਤਾਅਨੇ ਮਿਹਣੇ ਮਾਰਦੀ ਹੈ, "ਤੇਰੀ ਫੀਅਟ ਤੇ ਜੇਠ ਨਜ਼ਾਰੇ ਲੈਂਦਾ।"

# ਵਿੱਦਿਆ ਮਨੁੱਖ ਦਾ ਤੀਜਾ ਨੇਤਰ



ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ। ਵਿੱਦਿਆ ਕਿਸੇ ਮਨੁੱਖ ਦੀ ਅਸਲੇ ਜਾਇਦਾਦ ਹੈ। ਵਿਦਿਆ ਕਿਸੇ ਇਸਤਰੀ ਦਾ ਸੁੱਚਾ ਗਹਿਣਾ ਹੈ। ਇਹ ਉਹ ਮਲਕੀਅਤ ਹੈ ਜਿਸ ਨੂੰ ਨਾ ਕੋਈ ਖੋਹ ਸਕਦਾ ਹੈ ਨਾ ਦੱਬ ਸਕਦਾ ਹੈ ਨਾ ਚੋਰੀ ਕਰ ਸਕਦਾ ਹੈ।

ਕਿਸੇ ਦਫਤਰ ਵਿੱਚ ਪਏ ਟੇਬਲ ਦੇ ਕੁਰਸੀ ਵਾਲੇ ਪਾਸੇ ਤੁਹਾਨੂੰ ਸਿਰਫ ਵਿੱਦਿਆ ਹੀ ਬਿਠਾ ਸਕਦੀ ਹੈ। ਵਿਦਿਆ ਤੁਹਾਨੂੰ ਗਿਆਨ ਦਿੰਦੀ ਹੈ ਤੇ ਰੁਜ਼ਗਾਰ ਵੀ ਦਿੰਦੀ ਹੈ। ਵਿਦਿਆ ਤੁਹਾਡੀ ਜ਼ਿੰਦਗੀ ਦੀ ਦਸ਼ਾ ਤੇ ਦਿਸ਼ਾ ਬਦਲ ਦਿੰਦੀ ਹੈ।

ਸਾਡੇ ਕੋਲ ਅਜਿਹੀਆਂ ਬਹੁਤ ਸਾਰੀਆਂ ਸ਼ਖਸੀਅਤਾਂ ਦੀਆਂ ਉਦਾਹਰਨਾਂ ਹਨ ਜਿਨਾਂ ਨੇ ਵਿੱਦਿਆ ਦੇ ਸਿਰ ਤੇ ਉਹ ਮੁਕਾਮ ਹਾਸਿਲ ਕੀਤਾ ਜੋ ਉਹਨਾਂ ਲਈ ਸ਼ਾਇਦ ਕਿਸੇ ਨੇ ਸੋਚਿਆ ਵੀ ਨਹੀਂ ਸੀ। ਜੋ ਮਾਂ ਬਾਪ ਵਿਦਿਆ ਦੀ ਇਸ ਖਾਸੀਅਤ ਨੂੰ ਸਮਝਦੇ ਹਨ ਜੋ ਵਿੱਦਿਆ ਦੀ ਕਦਰ ਕਰਦੇ ਹਨ ਉਹ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਬੇਸ਼ਕ ਆਪ ਅਨਪੜ ਹੀ ਹੋਣ। ਉਹਨਾਂ ਨੂੰ ਲੱਗਦਾ ਹੈ ਕਿ ਸਾਡੇ ਬੱਚੇ ਬਿਹਤਰ ਮਨੁੱਖ ਬਣ ਸਕਣ। ਉਹ ਇਹ ਸੋਚਦੇ ਹਨ ਕਿ ਜ਼ਿੰਦਗੀ ਵਿੱਚ ਜੋ ਸਾਨੂੰ ਹਾਸਲ ਨਹੀਂ ਹੋਇਆ ਉਹ ਸਾਡੇ ਬੱਚਿਆਂ ਨੂੰ ਮਿਲੇ। ਅਮੀਰੀ ਤੇ ਗਰੀਬੀ ਵਿਚਲਾ ਫਰਕ ਮਿਟਾਉਣ ਲਈ ਵਿਦਿਆ ਦੀ ਰੌਸ਼ਨੀ ਬੜੀ ਜਰੂਰੀ ਹੈ। ਵਿਦਿਆ ਇੱਕ ਚਾਨਣ ਮੁਨਾਰੇ ਵਾਂਗ ਤੁਹਾਡੇ ਰਾਹ ਰੁਸ਼ਨਾਉਂਦੀ ਹੈ।

ਮਾਂ ਬਾਪ ਆਪ ਤੰਗੀਆਂ ਤੁਰਸ਼ੀਆਂ ਕੱਟ ਕੇ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਉਹਨਾਂ ਦੇ ਸੁਨਹਿਰੇ ਭਵਿੱਖ ਦੀ ਆਸ ਵਿੱਚ।

ਇੱਕ ਤਸਵੀਰ ਸਾਂਝੀ ਕਰ ਰਹੇ ਹਾਂ ਜਿਸ ਵਿੱਚ ਇੱਕ ਮਾਂ ਸਵੇਰੇ ਸਵੇਰੇ ਆਪਣੇ ਬੱਚੇ ਨੂੰ ਸਕੂਲ ਛੱਡਣ ਜਾ ਰਹੀ ਸੀ। ਸਾਈਕਲ ਚਲਾਉਣ ਦੀ ਉਸ ਮਾਂ ਨੇ ਆਪਣੇ ਬੱਚੇ ਨੂੰ ਪਿੱਛੇ ਬਿਠਾਇਆ ਹੋਇਆ ਸੀ। ਮੈਂ ਪਿੱਛੋਂ ਹੀ ਉਹਨਾਂ ਦੀ ਤਸਵੀਰ ਖਿੱਚੀ ਪਰ ਮੈਂ ਇਹ ਮਹਿਸੂਸ ਕੀਤਾ ਕਿ ਉਹ ਮਾਂ ਬੜੇ ਚਾਅ ਨਾਲ ਆਪਣੇ ਬੱਚੇ ਨੂੰ ਸਕੂਲ ਵਿੱਚ ਛੱਡਣ ਜਾ ਰਹੀ ਹੈ। ਸਕੂਲ ਜੋ ਉਸਦੇ ਬੱਚੇ ਦੇ ਲਈ ਇੱਕ ਸੁਨਹਿਰੀ ਜ਼ਿੰਦਗੀ ਦਾ ਦਰਵਾਜ਼ਾ ਖੋਲੇਗਾ। ਉਸਦੀਆਂ ਉਮੀਦਾਂ ਉਸਦੇ ਚਾਅ ਉਸਦੇ ਸਾਈਕਲ ਚਲਾਉਣ ਦੀ ਗਤੀ ਵਿੱਚੋਂ ਨਜ਼ਰ ਆ ਰਹੇ ਸੀ।

ਕਿੰਨੇ ਸੁਫਨੇ ਹਨ ਇਹਨਾਂ ਅੱਖਾਂ ਵਿੱਚ ਜੋ ਆਪਣੇ ਬੱਚਿਆਂ ਲਈ ਵੇਖੇ ਜਾਂਦੇ ਹਨ। ਕਿੰਨੀਆਂ ਉਮੀਦਾਂ ਹਨ ਜ਼ਿੰਦਗੀ ਦੀ ਬਿਹਤਰੀ ਦੀਆਂ। ਹਰ ਬੱਚਾ ਪੜ੍ਹੇ ਤਾਂ ਦੁਨੀਆਂ ਦਾ ਮੁਹਾਂਦਰਾ ਹੀ ਬਦਲ ਜਾਵੇਗਾ। ਪਹਿਲਾਂ ਜਦੋਂ ਸਿਰਫ ਸਿੱਖਿਆ ਅਭਿਆਨ ਦੀ ਮਸ਼ਹੂਰੀ ਆਉਂਦੀ ਸੀ ਤੇ ਉਸ ਵਿੱਚ ਬੱਚੇ ਦੌੜਦੇ ਹੋਏ ਸਕੂਲ ਜਾਂਦੇ ਸਨ ਉਹ ਹਮੇਸ਼ਾ ਹੀ ਮੈਨੂੰ ਬਹੁਤ ਚੰਗੀ ਲੱਗਦੀ ਸੀ। ਨਿੱਜੀ ਤੌਰ ਤੇ ਮੇਰਾ ਮੰਨਣਾ ਹੈ ਕਿ ਜੇਕਰ ਸਕੂਲ ਵਿੱਚ ਤੁਸੀਂ ਜ਼ਿਆਦਾ ਕੁਝ ਨਹੀਂ ਕਰ ਸਕਦੇ ਤਾਂ ਇਹਨਾਂ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਇਹਨਾਂ ਨੂੰ ਬਹੁਤ ਸਾਰਾ ਪਿਆਰ ਦਿਓ। ਇਹ ਛੋਟੇ ਬੱਚੇ ਜ਼ਿੰਦਗੀ ਦੀਆਂ ਬਹੁਤ ਮਹਿਰੂਮੀਆਂ ਦੇਖਦੇ ਹਨ। ਇਹਨਾਂ ਲਈ ਪੜ੍ਹਾਈ ਸੰਜੀਵਨੀ ਬੂਟੀ ਹੈ। ਵੈਸੇ ਵੀ ਵਿਦਿਆ ਵੀਚਾਰੀ ਤਾਂ ਪਰਉਪਕਾਰੀ।

ਹਰਪ੍ਰੀਤ ਕੌਰ ਸੰਧੂ

# ਕਹਾਣੀ–ਬਾਪੂ ਦੀ ਜੁੱਤੀ

ਯਾਦ ਆ ਕੇਰਾਂ ਬੱਸ ਤਲਵੰਡੀ ਬੱਸ ਸਟੈਂਡ ਚ ਦਾਖ਼ਲ ਹੋਈ ਤੇ ਬੱਸ ਸਟੈਂਡ ਦੇ ਬਾਹਰ ਖੇਡਣ ਵਾਲੇ ਨਿੱਕੇ ਵੱਡੇ ਲੋਹੇ ਤੇ ਲੱਕੜ ਦੇ ਟਰੈਕਟਰ ਕਿਸੇ ਦੁਕਾਨ ਦੇ ਬਾਹਰ ਸਜਾਏ ਹੋਏ ਸੀ ਤੇ ਮੈਂ ਬਾਪੂ ਨੂੰ ਹਲੂਣ ਕੇ ਟਰੈਕਟਰ ਦਿਖਾਏ ਪਰ ਬਾਪੂ ਨੇ ਗੱਲ ਅਣਸੁਣੀ ਕਰ ਦਿੱਤੀ ।

ਅਸੀਂ ਬੱਸ ਸਟੈਂਡ ਉੱਤਰੇ ਤੇ ਬਾਪੂ ਤੇ ਮੈਂ ਉੱਤਰ ਕੇ ਬੱਸ ਸਟੈਂਡ ਚ ਬੈਠਣ ਲਈ ਬਣੀਆਂ ਥੜੀਆਂ ਤੇ ਬੈਠ ਗਏ। ਬਾਪੂ ਇੱਕਦਮ ਉੱਠਿਆ ਤੇ ਮੇਰਾ ਹੱਥ ਫੜ੍ਹ ਬਾਪੂ ਮੋਚੀ ਕੋਲ ਚਲਾ ਗਿਆ ਤੇ ਆਵਦੀ ਜੁੱਤੀ ਲਾਹ ਕੇ ਮੋਚੀ ਨੂੰ ਦੇ ਦਿੱਤੀ। ਮੋਚੀ ਕਹਿੰਦਾ ਕਿ ਜੁੱਤੀ ਦੀ ਹਾਲਤ ਖ਼ਰਾਬ ਹੀ ਆ, ਜੇ ਬਾਹਲਾ ਕਹਿੰਨੇ ਆ ਤਾਂ ਸਿਉ ਦਿੰਨਾ...ਪਰ ਮਿਲੂ ਕੱਲ੍ਹ। ਬਾਪੂ ਨੇ ਦੂਜੀ ਜੁੱਤੀ ਵੀ ਲਾਹ ਕੇ ਮੋਚੀ ਕੋਲ ਰੱਖ ਦਿੱਤੀ ਤੇ ਕਿਹਾ ਕਿ ਕੱਲ੍ਹ ਹੀ ਲੈ ਜਾਂਵਾਂਗੇ ਦੋਨੋਂ। ਬਾਪੂ ਨੰਗੇ ਪੈਰ ਤੁਰ ਫਿਰ ਉਸੇ ਥੜ੍ਹੀ ਤੇ ਜਾ ਕੇ ਬੈਠ ਗਿਆ ਤੇ ਮੈਂ ਵੀ ਬਾਪੂ ਦੇ ਪਿੱਛੇ ਹੀ। ਫੁੱਲੇ, ਗਿਰੀਆਂ, ਪਾਪੜ ਵੇਚਣ ਵਾਲੇ ਵਾਰ ਵਾਰ ਕੋਲੇ ਆਉਂਦੇ ਤੇ ਮੇਰੇ ਚ ਹਿੰਮਤ ਨਾ ਪਈ ਕਿ ਬਾਪੂ ਨੂੰ ਕਹਿ ਦੇਵਾਂ ਕਿ ਮੈਨੂੰ ਚੀਜ਼ੀ ਦਵਾ ਦੇ। ਫਿਰ ਬਾਪੂ ਨੇ ਮੈਲੇ ਜੇਹੇ ਝੋਲੇ ਚੋ ਪਾਣੀ ਦੀ ਬੋਤਲ ਕੱਢੀ ਤੇ ਮੇਰੇ ਮੂਹਰੇ ਕਰ ਦਿੱਤੀ ਕਿ ਤ੍ਰੇਹ ਲੱਗੀ ਤਾਂ ਪੀ ਲੈ। ਮੈਂ ਗਟਾਗਟ ਸਾਰਾ ਪਾਣੀ ਪੀ ਲਿਆ ਤੇ ਬਾਪੂ ਸਕੂਨ ਨਾਲ ਮੇਰੇ ਮੂੰਹ ਵੱਲ ਦੇਖ ਰਿਹਾ ਸੀ । ਜਿਵੇਂ ਉਸਦੀ ਪਿਆਸ ਵੀ ਮੈਂ ਪਾਣੀ ਪੀ ਕੇ ਮੁਕਾ ਦਿੱਤੀ ਹੋਵੇ । ਬਾਪੂ ਨੇ ਬੋਤਲ ਮੁੜ ਝੋਲੇ ਚ ਪਾ ਲਈ । ਸਾਨੂੰ ਪਿੰਡ ਵਾਲੀ ਬੱਸ ਮਿਲ ਗਈ ਤੇ ਅਸੀਂ ਪਿੰਡ ਪੁੱਜ ਗਏ ।

ਪੰਦਰਾਂ ਦਿਨ ਬਾਅਦ ਵਾਢੀ ਸ਼ੁਰੂ ਹੋਈ। ਬਾਪੂ ਉਸ ਦਿਨ ਆੜਤੀਆਂ ਤੋਂ ਪੈਸੇ ਲੈਣ ਤਲਵੰਡੀ ਗਿਆ ਹੋਇਆ ਸੀ। ਦੁਪਹਿਰੇ ਜੇਹੇ ਤਾਇਆ ਬਿਸ਼ਨਾ ਭੱਜਿਆ ਭੱਜਿਆ ਘਰ ਆਇਆ ਤੇ ਮਾਂ ਚਾਹ ਬਣਾ ਰਹੀ ਸੀ। ਚੌਂਤਰੇ ਕੋਲ ਜਾ ਖੰਘੂਰਾ ਜੇਹਾ ਮਾਰ ਕੇ ਕਿਹਾ, “ਭਾਈ ਲਛਮਣ ਦਾ ਤਲਵੰਡੀ ਤੋਂ ਆਉਂਦੇ ਦਾ ਐਕਸੀਡੈਂਟ ਹੋ ਗਿਆ, ਮੈਂ ਉੱਥੇ ਚੱਲਾ। ਤੇਰੀ ਭੈਣ ਆਉਂਦੀ ਆ ਤੇਰੇ ਕੋਲ...” ਐਨਾ ਕਹਿ ਕੇ ਤਾਇਆ ਚਲਾ ਗਿਆ ਤੇ ਮਾਂ ਥਾਏਂ ਖੜ੍ਹੀ ਸੁੰਨ ਜੇਹੀ ਹੋ ਗਈ ਤੇ ਫਿਰ ਚੱਕਰ ਜੇਹਾ ਖਾ ਕੇ ਡਿੱਗ ਗਈ। ਮੈਂ ਦਵਾਦਵਾ ਆ ਕੇ ਮਾਂ ਨੂੰ ਪਾਣੀ ਪਿਆਇਆ ਤੇ ਐਨੇ ਨੂੰ ਤਾਈ ਆ ਗਈ। ਤਾਈ ਮਾਂ ਦੇ ਹੱਥ ਪੈਰ ਮਲਣ ਲੱਗੀ । ਤਾਏ ਦਾ ਮੁੰਡਾ ਡਾਕਟਰ ਲੈ ਆਇਆ। ਡਾਕਟਰ ਨੇ ਦੱਸਿਆ ਕਿ ਬਲੱਡ ਘਟਿਆ ਏ ,ਥੋੜੇ ਟਾਈਮ ਨੂੰ ਠੀਕ ਹੋ ਜਾਣਗੇ।

ਤਿੰਨ ਘੰਟੇ ਬਾਅਦ ਜੀਪ ਤੌਂ ਤਾਇਆ ਰੋਂਦਾ ਰੋਂਦਾ ਉੱਤਰਿਆ ਕਿ ਆਪਾਂ ਤਾਂ ਲੁੱਟੇ ਗਏ , ਮੁੱਕ ਗਿਆ ਮੇਰਾ ਭਰਾ .... ਤਾਇਆ ਵਿਹੜੇ ਚ ਬੈਠ ਧਾਹਾਂ ਮਾਰਨ ਲੱਗਾ । ਫਿਰ ਐਂਬੂਲੈਂਸ ਆਈ ਤੇ ਇੱਕ ਦੋ ਹੋਰ ਗੱਡੀਆਂ ਤੇ ਇੱਕ ਟਰੈਕਟਰ –ਟਰਾਲੀ ਜਿਸਤੇ ਬਾਪੂ ਦਾ ਸਕੂਟਰ ਰੱਖਿਆ ਹੋਇਆ ਸੀ । ਘਰ ਚ ਇਕੱਠ ਹੋਣਾ ਸ਼ੁਰੂ ਹੋ ਗਿਆ । ਕੋਈ ਬਾਪੂ ਦੀ ਲਾਸ਼ ਨੂੰ ਗੱਡੀ ਚੋ ਲੁਆ ਰਿਹਾ ਸੀ ਤੇ ਕੋਈ ਬਾਪੂ ਦਾ ਸਕੂਟਰ । ਮੈਂ ਡਰਿਆ ਸਹਿਮਿਆ ਭੂਆ ਦੀ ਬੁੱਕਲ ਚ ਬੈਠਾ ਸੀ , ਰੋ ਰਿਹਾ ਸੀ । ਬਾਪੂ ਨੂੰ ਨੁਹਾਉਣ ਲਈ ਲੈ ਗਏ । ਭੂਆ ਮੈਨੂੰ ਚੁੱਕ ਕੇ ਸਕੂਟਰ ਕੋਲ੍ਹ ਚਲੀ ਗਈ ਤੇ ਉਹਦੀ ਭੁੱਬ ਨਿਕਲ ਗਈ । ਮੇਰੀ ਨਿਗ੍ਹਾ ਸਕੂਟਰ ਮਗਰ ਬੰਨ੍ਹੇ ਉਸ ਖਿਡੌਣੇ ਟਰੈਕਟਰ ਤੇ ਪਈ ਜੋ ਬਾਪੂ ਬਿਨ੍ਹਾਂ ਦੱਸੇ ਮੇਰੇ ਲਈ ਲੈ ਕੇ ਆ ਰਿਹਾ ਸੀ । ਮੇਰੀਆਂ ਅੱਖਾਂ ਤਿੱਪ ਤਿੱਪ ਚੋਣ ਲੱਗੀਆਂ । ਭੂਆ ਨੇ ਮੈਨੂੰ ਜ਼ੋਰ ਦੇਣੇ ਘੁੱਟ ਲਿਆ ਤੇ ਕਮਰੇ ਚ ਲੈ ਕੇ ਚਲੀ ਗਈ । ਮੈਂ ਕੰਬ ਰਿਹਾ ਸੀ ਤੇ ਭੂਆ ਮੈਨੂੰ ਕਲਾਵੇ ਚ ਘੁੱਟੀ ਬੈਠੀ ਸੀ ਜਿਵੇਂ ਮੈਂ ਉਸਦਾ ਵੀਰ ਹੋਵਾਂ ਤੇ ਮੈਨੂੰ ਮੁੜ ਤੋਂ ਖੋਹਣ ਤੋਂ ਡਰ ਰਹੀ ਹੋਵੇ ਤੇ ਇੱਕ ਦੋ ਵਾਰ ਉਸਦੇ ਮੂੰਹੋਂ ਨਿਕਲਿਆ ਕਿ ਨਾ ਲਛਮਣ ਰੋ ਨਾ , ਤੇਰੀ ਭੈਣ ਹੈਗੀ ਆ .... ਫ਼ਿਕਰ ਨਾ ਕਰ । ਭੂਆ ਦਾ ਆਵਦਾ ਤੌਰ ਚੁੱਕਿਆ ਗਿਆ ਸੀ ।

ਬਾਪੂ ਨੂੰ ਨਵਾਉਣ ਲੱਗੇ ਉਸਦੇ ਗੀਜ਼ੇ ਚੋ ਆੜਤੀਆ ਦੇ ਦਿੱਤੇ ਚੈੱਕ ਨਿਕਲੇ ਜੋ ਵੱਡੇ ਫੁੱਫੜ ਜੀ ਨੂੰ ਸਾਂਭਣ ਲਈ ਫੜ੍ਹਾ ਦਿੱਤੇ। ਬਾਪੂ ਦਾ ਸੰਸਕਾਰ ਹੋ ਗਿਆ। ਬਾਪੂ ਦਾ ਸਕੂਟਰ ਦਲਾਨ ਨਾਲ ਲੱਗਦੇ ਛਟਰ ਵਾਲੇ ਕਮਰੇ ਚ ਸਾਂਭ ਦਿੱਤਾ ਤੇ ਉਹ ਨਿੱਕਾ ਟਰੈਕਟਰ ਵੀ ਉਵੇਂ ਹੀ ਸਕੂਟਰ ਮਗਰ ਬੰਨਿਆ ਹੋਇਆ। ਉਹ ਛਟਰ ਵਾਲਾ ਕਮਰਾ ਮੇਰੀ ਸੁਰਤ ਚ ਬੰਦ ਹੀ ਰਹਿੰਦਾ ਤੇ ਕਿਸੇ ਦੀ ਹਿੰਮਤ ਹੀ ਨਹੀਂ ਸੀ ਪਈ ਕਿ ਬਾਪੂ ਦਾ ਸਕੂਟਰ ਠੀਕ ਕਰਾ ਕੇ ਵਰਤ ਲਈਏ ਤੇ ਟਰੈਕਟਰ ਨਾਲ ਖੇਡ ਲਈਏ। ਮੈਂ ਤੇ ਮਾਂ ਦੋਵੇਂ ਕੈਨੇਡਾ ਚਲੇ ਗਏ। ਪਿੰਡ ਪੰਜ ਸਾਲਾਂ ਬਾਅਦ ਗੇੜ੍ਹਾ ਲੱਗਦਾ ।

ਅੱਜ 25 ਵਰ੍ਹਿਆਂ ਬਾਅਦ ਮੈਂ ਆਵਦੇ ਪਰਿਵਾਰ ਸਮੇਤ ਪਿੰਡ ਆਇਆ ਤੇ ਨਾਲ ਇੱਕ ਨਵਾਂ ਜੀਅ ਵੀ ਸੀ, ਉਹ ਸੀ ਮੇਰਾ ਪੁੱਤ। ਮਿਲਣ ਵਾਲੇ ਲੋਕ ਆਖ ਰਹੇ ਸੀ ਕਿ ਜਮ੍ਹਾ ਲਛਮਣ ਸਿੰਹੁ ਦਾ ਮੁਹਾਂਦਰਾਂ ਏ ਮੇਰੇ ਪੁੱਤ ਦਾ।

ਐਤਵਾਰ ਵਾਲੇ ਦਿਨ ਪਤਾ ਨਹੀਂ ਮਨ ਚ ਕੀ ਆਇਆ ਕਿ ਉਸ ਸ਼ਾਮ ਮੈਂ ਉਹ ਛਟਰ ਵਾਲਾ ਕਮਰਾ ਖੋਲ ਲਿਆ ਤੇ ਮੇਰਾ ਬੇਟਾ ਮੇਰੀ ਗੋਦੀ ਤੋਂ ਉੱਤਰ ਸਕੂਟਰ ਕੋਲ ਜਾ ਖੜ੍ਹਾ ਹੋ ਗਿਆ ਤੇ ਸਕੂਟਰ ਤੇ ਲਾਲ ਲੀੜਾ ਦਿੱਤਾ ਹੋਇਆ ਸੀ ਪਰ ਅੱਧਾ ਲੀੜ੍ਹਾ ਲਹਿ ਗਿਆ ਸੀ । ਬੇਟੇ ਦੀ ਨਿਗ੍ਹਾ ਟਰੈਕਟਰ ਤੇ ਪਈ ਤੇ ਉਹ ਜ਼ਿੱਦ ਕਰਨ ਲੱਗਾ ਕਿ ਉਹ ਟਰੈਕਟਰ ਲੈਣਾ ਏ ਖੇਡਣ ਲਈ। ਮੈਂ ਭਰੇ ਜੇਹੇ ਮਨ ਨਾਲ ਲਾਲ ਲੀੜੇ ਨੂੰ ਖਿੱਚ ਲਿਆ ਤੇ ਸਾਰੀ ਮਿੱਟੀ ਸਾਡੇ ਦੋਵਾਂ ਤੇ ਪੈ ਗਈ। ਮੈਨੂੰ ਉਸ ਮਿੱਟੀ ਦੀ ਖੁਸ਼ਬੋ ਚੰਗੀ ਲੱਗੀ। ਮੈਂ ਸਕੂਟਰ ਨੂੰ ਰੋੜ੍ਹ ਕੇ ਵਿਹੜੇ ਚ ਲੈ ਆਇਆ। ਮਾਂ ਭਾਂਡੇ ਵਿੱਚੇ ਛੱਡ ਸਾਡੇ ਕੋਲ ਆ ਗਈ... ਸ਼ਾਇਦ ਮੈਨੂੰ ਸਹਾਰਾ ਦੇਣ ਕਿ ਕਿਧਰੇ ਸਕੂਟਰ ਦੇਖ ਮੈਂ ਕਮਜ਼ੋਰ ਪੈ ਰੋਣ ਨਾ ਲੱਗ ਜਾਵਾਂ ਪਰ ਸਕੂਟਰ ਕੋਲ ਆ ਮਾਂ ਨੇ ਹਾਉਕਾ ਲਿਆ ਤੇ ਆਵਦੇ ਮੂੰਹ ਨੂੰ ਚੁੰਨੀ ਨਾਲ ਪੂੰਝਣ ਲੱਗੀ। ਮੈਂ ਸਕੂਟਰ ਸਾਫ਼ ਕੀਤਾ ਤੇ ਟਰੈਕਟਰ ਵੀ । ਟਰੈਕਟਰ ਬੇਟੇ ਨੂੰ ਖੇਡਣ ਲਈ ਦੇ ਦਿੱਤਾ।

ਸਕੂਟਰ ਜੀਪ ਤੇ ਉਲੱਧ ਕੇ ਤਾਏ ਦੇ ਮੁੰਡੇ ਬਾਲ ਸ਼ਹਿਰ ਵੱਲ ਚੱਲ ਪਿਆ । ਠੀਕ ਕਰਾ ਸਕੂਟਰ ਨੂੰ ਫਿਰ ਤੋਂ ਨਵਾਂ ਬਣਾ ਲਿਆ। ਜੀਪ ਤਾਏ ਦਾ ਮੁੰਡਾ ਘਰ ਲੈ ਆਇਆ ਤੇ ਮੈਨੂੰ ਸਕੂਟਰ ਤੇ ਸ਼ਹਿਰੋਂ ਪਿੰਡ ਆਉਂਦੇ ਰਸਤੇ 'ਚ ਖਿਆਲ ਆਇਆ ਕਿ ਬਾਪੂ ਨੇ ਕੇਰਾਂ ਜੁੱਤੀ ਗੰਢਣੀ ਦਿੱਤੀ ਸੀ ਮੋਚੀ ਕੋਲ ਬੱਸ ਸਟੈਂਡ 'ਚ। ਪਤਾ ਨਹੀਂ ਕੀ ਸੋਚ ਮੈਂ ਸਕੂਟਰ ਫਿਰ ਤੋਂ ਸ਼ਹਿਰ ਵੱਲ ਮੋੜ ਲਿਆ ਤੇ ਬੱਸ ਸਟੈਂਡ ਚਲਾ ਗਿਆ। ਉੱਥੇ ਹੁਣ ਟਰੈਕਟਰ ਦੇ ਖਿਡੌਣਿਆਂ ਦੀ ਕੋਈ ਦੁਕਾਨ ਨਹੀਂ ਸੀ ।

ਬੱਸ ਸਟੈਂਡ ਜਾ ਕੇ ਮੈਂ ਉਸੇ ਜਗ੍ਹਾ ਬਣੀ ਨਵੀਂ ਥੜ੍ਹੀ ਤੇ ਕਿੰਨਾ ਚਿਰ ਬੈਠਾ ਰਿਹਾ ਤੇ ਫਿਰ ਉੱਥੋਂ ਉੱਠ ਕੇ ਉਹੀ ਮੋਚੀ ਕੋਲ ਗਿਆ ਜੋ ਕਿ ਹੁਣ ਬੁੱਢਾ ਹੋ ਚੁੱਕਾ ਸੀ । ਮੈਂ ਮੋਚੀ ਕੋਲ ਜਾ ਕੇ ਕਿਹਾ ਕਿ ਮੇਰੇ ਬਾਪੂ ਦੀ ਜੁੱਤੀ ਲੈ ਕੇ ਜਾਣੀ ਏ । ਮੋਚੀ ਨੇ ਕਿਹਾ , “ਕਿਸਦੀ ?”ਮੈਂ ਬਾਪੂ ਦੀ ਪਾਸਪੋਰਟ ਸਾਈਜ਼ ਫੋਟੋ ਬਟੂਏ ਚੋ ਕੱਢ ਕੇ ਦਿਖਾਈ । ਉਸ ਮੋਚੀ ਨੇ ਘੁੱਟ ਕੇ ਮੈਨੂੰ ਨਾਲ ਲਾ ਲਿਆ ਕਿ ਅੱਛਾ ਲਛਮਣ ਸਿੰਹੁ ਦਾ ਪੁੱਤ ਏ ਤੂੰ ਤੇ ਫਿਰ ਉਹ ਮੇਰਾ ਹੱਥ ਫੜ੍ਹ ਸੜ੍ਹਕ ਦੇ ਉਸ ਪਾਰ ਇੱਕ ਵੱਡੇ ਸਾਰੇ ਜੁੱਤੀਆਂ ਦੇ ਸ਼ੋਅ ਰੂਮ ਚ ਲੈ ਗਿਆ ਤੇ ਇਸ਼ਾਰਾ ਕਰ ਫਰੇਮ ਚ ਜੜ੍ਹੀਆਂ ਕੰਧ ਤੇ ਲੱਗਾ ਜੁੱਤੀ ਦਾ ਜੋੜਾ ਦਿਖਾਇਆ ਤੇ ਕਿਹਾ ਕਿ ਪਤਾ ਇਹ ਜੁੱਤੀ ਮੈਂ ਬਹੁਤ ਸਾਂਭ ਕੇ ਰੱਖੀ ਏ । ਲਛਮਣ ਸਿੰਹੁ ਕੱਲ ਦਾ ਕਹਿ ਮੁੜ ਜੁੱਤੀ ਲੈਣ ਨਹੀਂ ਆਇਆ ਪਰ ਜਿਸ ਦਿਨ ਦੀ ਇਹ ਜੁੱਤੀ ਮੇਰੀ ਦੁਕਾਨ ਤੇ ਆਈ ਏ ਮੇਰੇ ਕੰਮ ਚ ਬਰਕਤ ਆਈ ਏ ਤੇ ਹੋ ਸਕਦਾ ਮੇਰਾ ਵਹਿਮ ਹੀ ਹੋਵੇ ਪਰ ਮੈਂ ਇਹ ਜੁੱਤੀ ਨੂੰ ਰੱਬ ਵਾਂਗ ਪੂਜਦਾ। ਮੈਂ ਇੱਕ ਵਾਰ ਫਿਰ ਸੁੰਨ ਜਿਹਾ ਹੋ ਕੇ ਜੁੱਤੀ ਨੂੰ ਇੱਕਟਕ ਦੇਖਣ ਲੱਗਾ ਤੇ ਬੁੱਢੇ ਮੋਚੀ ਨੂੰ ਤਰਲਾ ਜੇਹਾ ਪਾ ਕੇ ਕਿਹਾ ਕਿ ਇਹ ਜੋੜਾ ਮੈਨੂੰ ਦੇ ਦਿਉ, ਮੈਂ ਜੋ ਕੀਮਤ ਕਹੋਗੇ ਦੇ ਦੇਵਾਂਗਾ। ਬੁੱਢੇ ਮੋਚੀ ਨੇ ਆਵਦੇ ਪੁੱਤ ਨੂੰ ਕਹਿ ਮੈਨੂੰ ਉਹ ਜੁੱਤੀ ਪੈਕ ਕਰਕੇ ਦੇ ਦਿੱਤੀ। ਮੈਂ ਆਉਂਦਾ ਆਉਂਦਾ ਉਸਤੋਂ ਪੁੱਛਣਾ ਜਰੂਰੀ ਸਮਝਿਆ ਕਿ ਜੇ ਐਨਾ ਵੱਡਾ ਸ਼ੋਅ ਰੂਮ ਏ ਤਾਂ ਤੁਸੀਂ ਬੱਸ ਸਟੈਂਡ ਧੁੱਪ ਚ ਨਿੱਕੀ ਜੇਹੀ ਦੁਕਾਨ ਤੇ ਕਿਉਂ ਕੰਮ ਕਰਦੇ ਹੋ। ਬੁੱਢੇ ਮੋਚੀ ਨੇ ਚਿੱਟੇ ਮੋਤੀਏ ਉਤਰੇ ਵਾਲੀਆਂ ਅੱਖਾਂ ਭਰ ਕਿਹਾ ਕਿ ਮੇਰੇ ਪਿਉ ਨੇ ਉਹ ਦੁਕਾਨ ਸ਼ੁਰੂ ਕੀਤੀ ਸੀ ਤੇ ਮੈਨੂੰ ਉਸ ਦੁਕਾਨ ਤੇ ਬਹਿ ਕੇ ਬਹੁਤ ਸਕੂਨ ਮਿਲਦਾ ਤੇ ਐਂਵੇ ਲੱਗਦਾ ਜਿਵੇਂ ਮੇਰਾ ਪਿਉ ਮੇਰੇ ਕੋਲ ਬੈਠਾ ਹੋਵੇ । ਮੈਂ ਉਦਾਸ ਜੇਹਾ ਹੋ ਉਹਨਾਂ ਤੋਂ ਅਲਵਿਦਾ ਲੈ ਕੇ ਸਕੂਟਰ ਤੇ ਘਰ ਆਇਆ ।

ਘਰ ਪਹੁੰਚਿਆ ਤਾਂ ਮਾਂ ਫ਼ਿਕਰ ਕਰ ਰਹੀ ਸੀ ਕਿ ਕਿੰਨਾ ਕੁਵੇਲਾ ਕਰ ਦਿੱਤਾ ਸ਼ਹਿਰੋਂ ਘਰ ਆਉਣ ਚ ਤੇ ਫੋਨ ਵੀ ਬੰਦ ਜੁ ਹੋ ਗਿਆ ਸੀ । ਪਰ ਉਹਦੀ ਨਿਗ੍ਹਾ ਜਦ ਬਾਪੂ ਵਾਲੇ ਸਕੂਟਰ ਤੇ ਪਈ ਤੇ ਉਹ ਬਹੁਤ ਹੈਰਾਨ ਹੋਈ। ਉਹ ਵਾਰ ਵਾਰ ਸਕੂਟਰ ਨੂੰ ਹੱਥ ਲਗਾ ਕੇ ਦੇਖ ਰਹੀ ਸੀ ਤੇ ਮੇਰਾ ਮੱਥਾ ਚੁੰਮ ਕੇ ਉਸ ਆਖਿਆ, “ਮੇਰਾ ਬਹਾਦਰ ਪੁੱਤ...” ਕਿਉਂਕਿ ਉਹਨੂੰ ਹਮੇਸ਼ਾ ਲੱਗਦਾ ਹੁੰਦਾ ਸੀ ਕਿ ਮੈਂ ਬਾਪੂ ਦੀਆਂ ਚੀਜ਼ਾਂ ਦਾ ਸਾਹਮਣਾ ਨਹੀਂ ਕਰ ਪਾਵਾਂਗਾ, ਤਾਹੀਂ ਉਹਨੇ ਪਿੰਡ ਛੱਡ ਪ੍ਰਦੇਸ਼ ਰਹਿਣਾ ਸਹੀ ਸਮਝਿਆ । ਸਹੀ ਵੀ ਸੀ ਉਦੋਂ ਮੈਂ ਬਾਪੂ ਦੇ ਜਾਣ ਮਗਰੋਂ ਰੋਜ਼ ਰਾਤ ਨੂੰ ਸੁੱਤਾ ਸੁੱਤਾ ਬੁੜਕ ਕੇ ਉੱਠ ਜਾਂਦਾ ਤੇ ਬਾਪੂ ਨਾ ਜਾ ਛੱਡ ਕੇ ਕਹਿ ਕੇ ਰੋਣ ਲੱਗ ਜਾਂਦਾ। ਮਾਂ ਮੇਰੇ ਤੇ ਅੱਜ ਮਾਣ ਮਹਿਸੂਸ ਕਰ ਰਹੀ ਸੀ ਕਿ ਮੈਂ ਪਾਸਟ ਨੂੰ ਸਵੀਕਾਰ ਲਿਆ ਹੈ।

ਮੈਂ ਮੰਜੇ ਤੇ ਬੈਠ ਮਾਂ ਨੂੰ ਫਰੇਮ ਚ ਜੜ੍ਹੀ ਜੁੱਤੀ ਦਿਖਾਈ ਤੇ ਕਿਹਾ ਕਿ ਯਾਦ ਆ ਕੇਰਾਂ ਬਾਪੂ ਨੰਗੇ ਪੈਰੀਂ ਸ਼ਹਿਰੋਂ ਆਇਆ ਸੀ ਤੇ ਪੈਸੇ ਨਾ ਹੋਣ ਕਰਕੇ ਮੁੜ ਜੁੱਤੀ ਚੁੱਕਣ ਨਹੀਂ ਗਿਆ ਦੁਕਾਨ ਤੋਂ। ਉਦੋਂ ਦੀ ਪੰਜਾਹ ਰੁਪਏ ਦੀ ਜੁੱਤੀ ਦੀ ਕੀਮਤ ਹੁਣ ਕਰੋੜਾਂ ਏ...। ਮਾਂ ਮੇਰੀਆਂ ਗੱਲਾਂ ਚ ਉਲਝ ਗਈ ਤੇ ਮੈਂ ਉਹਨੂੰ ਮੋਚੀ ਵਾਲੀ ਗੱਲ ਸੁਣਾਈ। ਮਾਂ ਨੇ ਅੱਖਾਂ ਭਰ ਲਈਆਂ। ਐਨੇ ਨੂੰ ਮੇਰਾ ਪੁੱਤ ਟਰੈਕਟਰ ਦੇ ਮੂਹਰੇ ਲੱਗੇ ਵਾਜੇ ਨਾਲ ਪਾਂ ਪਾਂ ਕਰਦਾ ਮੇਰੇ ਕੋਲ ਆਇਆ ਤੇ ਕਹਿਣ ਲੱਗਾ, “ਪਾਪਾ ਦਿਸ ਇਜ ਦਾ ਬੈੱਸਟ ਗਿਫ਼ਟ...” ਮੈਂ ਮੁਸਕਰਾ ਪਿਆ । ਐਨੇ ਨੂੰ ਮੇਰੀ ਘਰਵਾਲੀ ਪਾਣੀ ਦਾ ਗਿਲਾਸ ਲੈ ਕੇ ਆਈ ਕਿ ਮੈਂ ਪਾਣੀ ਦਾ ਗਿਲਾਸ ਹੱਥ ਚ ਫੜ੍ਹਿਆ ਤੇ ਮੇਰਾ ਪੁੱਤ ਮੇਰੇ ਕੋਲ ਆਇਆ ਤੇ ਮੇਰੇ ਹੱਥੌਂ ਪਾਣੀ ਦਾ ਗਿਲਾਸ ਫੜ੍ਹ ਆਪ ਸਾਰਾ ਪਾਣੀ ਪੀ ਗਿਆ। ਮੈਂ ਉਸ ਵੱਲ ਉਸੇ ਸਕੂਨ ਨਾਲ ਦੇਖ ਰਿਹਾ ਸੀ ਜਿਵੇਂ ਮੇਰਾ ਪਿਉ ਮੇਰੇ ਵੱਲ ਦੇਖ ਰਿਹਾ ਸੀ। ਪੀੜ੍ਹੀਆਂ ਬਦਲੀਆਂ ਰਹਿੰਦੀਆਂ ਪਰ ਸਮਾਂ ਪਿਛਲੀਆਂ ਪੀੜ੍ਹੀਆਂ ਨੂੰ ਫਿਰ ਸਾਡੇ ਵਿੱਚ ਲਿਆ ਕੇ ਖੜ੍ਹਾ ਕਰ ਦਿੰਦੀਆਂ ਹਨ।




ਲਿਖਤ–ਬਰਾੜ ਜੈਸੀ






# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ 'ਚ ਇੰਜ. ਈਸ਼ਰ ਸਿੰਘ ਦੀ ਪੁਸਤਕ 'ਤਕਨੌਲੋਜੀ - ਕੰਨਾ ਨੂੰ ਖਾ ਰਿਹਾ ਸੋਨਾ?' ਕੀਤੀ ਗਈ ਲੋਕ-ਅਰਪਿਤ

## ਬੁਲਾਰਿਆਂ ਵੱਲੋਂ ਪੁਸਤਕ ਦੇ ਵੱਖ-ਵੱਖ ਪੱਖਾਂ ਬਾਰੇ ਵਿਚਾਰ ਪੇਸ਼ ਕੀਤੇ ਗਏ ਤੇ ਕਵੀ-ਦਰਬਾਰ ਵੀ ਹੋਇਆ





ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 19 ਅਪ੍ਰੈਲ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗਮ ਵਿੱਚ ਇੰਜ. ਈਸ਼ਰ ਸਿੰਘ ਦੀ ਪਲੇਠੀ ਪੁਸਤਕ 'ਤਕਨੌਲੋਜੀ–ਕੰਨਾਂ ਨੂੰ ਖਾ ਰਿਹਾ ਸੋਨਾ? ਲੋਕ–ਅਰਪਿਤ ਕੀਤੀ ਗਈ। ਇਸ ਮੌਕੇ ਪ੍ਰਧਾਨਗੀ–ਮੰਡਲ ਵਿੱਚ ਕਿਰਪਾਲ ਸਿੰਘ ਪੰਨੂ, ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ, ਪੀਲ ਸਕੂਲ ਬੋਰਡ ਦੇ ਟਰੱਸਟੀ ਤੇ ਡਿਪਟੀ ਚੇਅਰ ਸਤਪਾਲ ਸਿੰਘ ਜੌਹਲ, ਪੁਸਤਕ ਲੇਖਕ ਇੰਜ.ਈਸ਼ਰ ਸਿੰਘ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਸੁਸ਼ੋਭਿਤ ਸਨ। ਸਭਾ ਦੇ ਚੇਅਰਪਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ ਨਿੱਘੀ 'ਜੀ–ਆਇਆਂ' ਕਹਿੰਦਿਆਂ ਹੋਇਆ ਇਸ ਪੁਸਤਕ ਨੂੰ ਬਹੁ–ਪੱਖੀ ਤੇ ਬਹੁ–ਮੁੱਲੀ ਜਾਣਕਾਰੀ ਵਾਲਾ ਦਸਤਾਵੇਜ਼ ਕਰਾਰ ਦਿੱਤਾ ਗਿਆ। ਉਸ ਤੋਂ ਬਾਅਦ ਕਿਤਾਬ ਦੇ ਲੋਕ–ਅਰਪਣ ਦੀ ਰਸਮ ਪ੍ਰਧਾਨਗੀ–ਮੰਡਲ ਅਤੇ ਸਭਾ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਵੱਲੋਂ ਮਿਲ਼ ਕੇ ਕੀਤੀ ਗਈ।

ਉਪਰੰਤ, ਮੰਚ–ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਡਾ. ਸੁਖਦੇਵ ਸਿੰਘ ਝੰਡ ਨੂੰ ਪੁਸਤਕ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਗਿਆ ਜਿਨ੍ਹਾਂ ਨੇ ਦੱਸਿਆ ਕਿ ਇਹ ਪੁਸਤਕ ਇੰਜ. ਈਸ਼ਰ ਸਿੰਘ ਵੱਲੋਂ 82 ਸਾਲ ਦੀ ਉਮਰ 'ਚ ਲਿਖੀ ਗਈ ਪਲੇਠੀ ਪੁਸਤਕ ਹੈ। ਬੇਸ਼ਕ ਇਸਦੇ ਸਰਵਰਕ ਤੋਂ ਲੱਗਦਾ ਹੈ ਕਿ ਇਹ 'ਕੰਨਾ ਨੂੰ ਖਾ ਰਹੇ ਸੋਨੇ' ਵਾਂਗ ਅਜੋਕੀ ਤਕਨੌਲੌਜੀ ਵੱਲੋਂ ਸਮਾਜ ਨੂੰ ਪਹੁੰਚਾਏ ਜਾ ਰਹੇ ਨੁਕਸਾਨਾਂ ਬਾਰੇ ਹੀ ਦੱਸਦੀ ਹੈ, ਪਰ ਇਸ ਨੂੰ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਹ ਪੁਸਤਕ ਸਮੇਂ–ਸਮੇਂ ਆਈਆਂ ਵੱਖ–ਵੱਖ ਤਕਨਾਲੌਜੀਆਂ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ–ਨਾਲ ਸਰੀਰਕ ਤੇ ਮਾਨਸਿਕ ਵਿਕਾਸ, ਖੇਡਾਂ ਤੇ ਦੌੜਾਂ, ਆਦਤਾਂ ਨੂੰ ਸੁਧਾਰਨ, ਖ਼ੁਸ਼ ਰਹਿਣ, ਪਰਮਾਰਥ, ਵਾਤਾਵਰਣ ਦੀ ਸੰਭਾਲ ਅਤੇ ਬਨਾਉਟੀ–ਬੁੱਧੀ ਵਰਗੇ ਵੱਖ–ਵੱਖ ਵਿਸ਼ਿਆਂ ਨੂੰ ਵੀ ਬਾਖ਼ੂਬੀ ਦਰਸਾਉਂਦੀ ਹੈ। ਪੁਸਤਕ ਦੇ ਤਕਨੌਲੌਜੀ ਪੱਖ ਬਾਰੇ ਗੱਲ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਤਕਨੌਲੌਜੀ ਦੇ ਆਉਣ ਨਾਲ ਵੱਖ–ਵੱਖ ਖੇਤਰਾਂ ਵਿੱਚ ਬਹੁਤ ਵਿਕਾਸ ਹੋਇਆ ਹੈ ਪਰ ਇਸ ਦੇ ਨਾਲ ਹੀ ਮਸ਼ੀਨੀਕਰਨ ਹੋ ਜਾਣ ਕਰਕੇ ਬਹੁਤ ਸਾਰੇ ਕੰਮ ਮਸ਼ੀਨਾਂ ਅਤੇ ਰੋਬੋਟਾਂ ਵੱਲੋਂ ਸਾਂਭ ਲਏ ਜਾਣ ਨਾਲ ਬੇਰੋਜ਼ਗਾਰੀ ਵਿੱਚ ਵੀ ਬਹੁਤ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਤਕਨੌਲੋਜੀ ਦੀ ਵਰਤੋਂ ਦੇ ਨਾਲ ਨਾਲ ਇਸਦੀ ਦੁਰਵਰਤੋਂ ਵੀ ਬਹੁਤ ਕੀਤੀ ਜਾ ਰਹੀ ਹੈ। ਪੁਰਾਣੀ ਕਹਾਵਤ 'ਲੋੜ ਕਾਢ ਦੀ ਮਾਂ ਹੈ' ਦੀ ਬਜਾਏ ਉਹ ਆਪਣੀਆਂ ਖੋਜਾਂ ਨੂੰ ਲੋਕਾਂ ਦੀ ਲੋੜ ਗਰਦਾਨ ਕੇ ਮਨਚਾਹਿਆ ਮੁਨਾਫ਼ਾ ਕਮਾ ਰਹੀਆਂ ਹਨ। ਡਾ. ਜਗਮੋਹਨ ਸਿੰਘ ਸੰਘਾ ਨੇ ਪੁਸਤਕ ਵਿਚਲੇ ਖੇਡਾਂ ਤੇ ਦੌੜਾਂ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪੇਸ਼ ਕਰਨ ਦੇ ਨਾਲ ਲੇਖਕ ਵੱਲੋਂ ਇਸ ਦੇ ਅਧਿਆਇ 'ਕਿਤਨੇ ਗਾਜ਼ੀ ਆਏ ਕਿਤਨੇ ਗਾਜ਼ੀ ਗਏ' ਵਿੱਚ ਲੈਫ਼ਟੀਨੈਂਟ ਜਨਰਲ ਕੇ.ਜੇ.ਐੱਸ. ਢਿੱਲੋਂ ਉਰਫ਼ 'ਟਾਇਨੀ ਢਿੱਲੋਂ' ਵੱਲੋਂ 'ਆਪਰੇਸ਼ਨ ਪੁਲਵਾਮਾ' ਦੌਰਾਨ ਵਿਖਾਈ ਗਈ ਬੇਮਿਸਾਲ ਬਹਾਦਰੀ ਬਾਰੇ ਵੀ ਜ਼ਿਕਰ ਕੀਤਾ। ਪੁਸਤਕ ਵਿਚਲੇ ਸਾਇੰਸ ਤੇ ਤਕਨੌਲੌਜੀ ਨਾਲ ਸਬੰਧਿਤ ਵਿਸ਼ਿਆਂ ਨੂੰ ਚਰਚਾ ਦਾ ਵਿਸ਼ਾ ਬਣਾਉਂਦਿਆ ਹੋਇਆਂ ਸੁਰਿੰਦਰਜੀਤ ਕੌਰ ਨੇ ਕਿਹਾ ਕਿ ਪਿਛਲੀ ਸਦੀ ਵਿੱਚ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਇਸ ਦੇ ਨਾਲ ਜੁੜੀ ਤਕਨੌਲੌਜੀ ਦੀ ਮਨੁੱਖਤਾ ਨੂੰ ਬੜੀ ਵੱਡੀ ਦੇਣ ਹੈ। ਪੁਸਤਕ ਬਾਰੇ ਆਪਣੇ ਹਾਵ–ਭਾਵ ਦੱਸਦਿਆਂ ਸੁਖਚਰਨਜੀਤ ਕੌਰ ਗਿੱਲ ਨੇ ਕਿਹਾ ਕਿ ਇਹ ਵਾਰਤਕ ਪੁਸਤਕ ਬੜੇ ਵਿਲੱਖਣ ਅੰਦਾਜ਼ 'ਚ ਲਿਖੀ ਗਈ ਹੈ ਅਤੇ ਇਸ ਵਿੱਚ ਬੇਲੋੜੇ ਵਿਸਥਾਰ ਤੋਂ ਗੁਰੇਜ਼ ਕੀਤਾ ਗਿਆ ਹੈ। ਸ. ਕਿਰਪਾਲ ਸਿੰਘ ਪੰਨੂੰ ਅਤੇ ਪ੍ਰਿੰਸੀਪਲ ਸਰਵਣ ਸਿੰਘ ਦੋਹਾਂ ਵੱਲੋਂ ਪੁਸਤਕ ਦੀਆਂ ਭੂਮਿਕਾਵਾਂ ਬੜੀਆਂ ਭਾਵਪੂਰਤ ਲਿਖੀਆਂ ਗਈਆਂ ਹਨ।


ਤਕਨੌਲੌਜੀ ਦੀ ਦੁਰਵਰਤੋਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਕਿਹਾ ਕਿ ਤਕਨੌਲੌਜੀ ਦੀ ਸੁਚੱਜੀ ਵਰਤੋਂ ਮਨੁੱਖ ਲਈ ਵਰਦਾਨ ਹੈ, ਜਦਕਿ ਇਸਦੀ ਕੁਚੱਜੀ ਵਰਤੋਂ ਮਨੁੱਖ ਨੂੰ ਨਿਘਾਰ ਵੱਲ ਲੈ ਜਾਂਦੀ ਹੈ। ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਲੇਖਕ ਅਤੇ ਕਿਤਾਬ ਦਾ ਰਿਸ਼ਤਾ ਮਾਂ ਅਤੇ ਬੱਚੇ ਵਰਗਾ ਹੈ। ਹੋਣਹਾਰ ਬੱਚੇ ਵਾਂਗ ਚੰਗੀ ਕਿਤਾਬ ਵੀ ਉਸਦੇ ਲੇਖਕ ਦਾ ਨਾਂ ਰੌਸ਼ਨ ਕਰਦੀ ਹੈ। ਉਨ੍ਹਾਂ ਕਿਹਾ ਕਿ ਇੰਜ. ਈਸ਼ਰ ਸਿੰਘ ਨੂੰ ਵੱਖ–ਵੱਖ ਦੌੜਾਂ ਵਿੱਚ ਹਿੱਸਾ ਲੈਣ ਅਤੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਤੋਂ ਪੰਜਾਬੀ ਵਿੱਚ ਲਿਖਣ ਦੀ ਪ੍ਰੇਰਨਾ ਮਿਲੀ। ਕਿਤਾਬ ਦੇ ਅਧਿਆਏ 'ਅਗਲਾ ਜਨਮ' ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਉਂਦਿਆਂ ਕਿਰਪਾਲ ਸਿੰਘ ਪੰਨੂੰ ਨੇ ਕਿਹਾ ਕਿ ਵੱਖ–ਵੱਖ ਧਰਮਾਂ ਵੱਲੋਂ ਦਰਸਾਇਆ ਗਿਆ ਕਿ 'ਅਗਲਾ ਜਨਮ' ਤਾਂ ਕਿਸੇ ਨੇ ਵੇਖਿਆ ਨਹੀਂ ਹੈ ਪਰ ਇਸ ਜਨਮ ਵਿੱਚ ਹੀ ਮਨੁੱਖ ਜੇਕਰ ਕੋਈ ਨਵਾਂ ਕੰਮ ਕਰ ਜਾਂਦਾ ਹੈ ਤਾਂ ਉਹ ਉਸਦਾ ਅਗਲਾ ਜਨਮ ਹੈ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਕਿਹਾ ਕਿ ਈਸ਼ਰ ਸਿੰਘ ਦੀ ਇਹ ਪਲੇਠੀ ਪੁਸਤਕ ਗਿਆਨ, ਵਿਗਿਆਨ, ਸਿਹਤ, ਅਰੋਗਤਾ, ਜੀਵਨ ਜਿਊਣ ਦੀ ਕਲਾ ਅਤੇ ਤਕਨਾਲੌਜੀ ਦਾ ਬਹੁਤ ਵਧੀਆ ਸੁਮੇਲ ਹੈ। ਅਖ਼ੀਰ ਵਿੱਚ ਪੁਸਤਕ ਦੀ ਸਿਰਜਣਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇੰਜ. ਈਸ਼ਰ ਸਿੰਘ ਨੇ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀਆਂ ਮਹੀਨਾਵਾਰ ਮੀਟਿੰਗਾਂ ਵਿੱਚ ਸ਼ਾਮਲ ਹੋਣ ਨਾਲ ਉਨ੍ਹਾਂ ਨੂੰ ਪੰਜਾਬੀ ਵਿੱਚ ਲਿਖਣ ਦੀ ਪ੍ਰੇਰਨਾ ਮਿਲੀ ਅਤੇ ਇਹ ਪੁਸਤਕ ਉਸ ਪ੍ਰੇਰਨਾ ਸਦਕਾ ਹੀ ਹੋਂਦ ਵਿੱਚ ਆ ਸਕੀ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਲਿਖਣ ਦਾ ਉਨ੍ਹਾਂ ਦਾ ਮਕਸਦ ਅਜੋਕੀ ਤਕਨੌਲੌਜੀ ਦੀ ਨਿਖੇਧੀ ਕਰਨ ਨਹੀਂ ਹੈ, ਸਗੋਂ ਇਸ ਦੀ ਦੁਰਵਰਤੋਂ ਹੋਣ ਵਾਲੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਵੱਲੋਂ ਕਿਰਪਾਲ ਸਿੰਘ ਪੰਨੂੰ, ਪ੍ਰਿੰਸੀਪਲ ਸਰਵਣ ਸਿੰਘ ਅਤੇ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੇ ਮੈਂਬਰਾਂ ਤੋਂ ਵੱਖ–ਵੱਖ ਤਰ੍ਹਾਂ ਦਾ ਸਹਿਯੋਗ ਮਿਲਣ 'ਤੇ ਉਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ। ਸਮਾਗਮ ਦੇ ਦੂਸਰੇ ਭਾਗ ਕਵੀ–ਦਰਬਾਰ ਦੇ ਪ੍ਰਧਾਨਗੀ–ਮੰਡਲ ਵਿੱਚ ਸ਼ਾਮ ਸਿੰਘ 'ਅੰਗਸੰਗ', ਪ੍ਰੀਤਮ ਧੰਜਲ, ਕਰਨ ਅਜਾਇਬ ਸਿੰਘ ਸੰਘਾ, ਹਰਭਜਨ ਕੌਰ ਗਿੱਲ, ਸੁਰਿੰਦਰਜੀਤ ਕੌਰ ਗਿੱਲ ਅਤੇ ਰਾਜਕੁਮਾਰ ਓਸ਼ੋਰਾਜ ਸ਼ਾਮਲ ਸਨ। ਇਸ ਦਾ ਸੰਚਾਲਨ ਮਲੂਕ ਸਿੰਘ ਕਾਹਲੋਂ ਵੱਲੋਂ ਕੀਤਾ ਗਿਆ।

ਇਸ ਵਿੱਚ ਉਨ੍ਹਾਂ ਵੱਲੋਂ ਵਾਰੀ–ਵਾਰੀ ਪ੍ਰੀਤਮ ਧੰਜਲ, ਰੂਬੀ ਕਰਤਾਰਪੁਰੀ, ਮਕਸੂਦ ਚੌਧਰੀ, ਸੁਖਦੇਵ ਝੰਡ, ਦਰਸ਼ਨ ਸਿੱਧੂ, ਹਰਮੇਸ਼ ਜੀਂਦੋਵਾਲ, ਸ਼ਾਮ ਸਿੰਘ ਅੰਗਸੰਗ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਗਿੱਲ, ਰਮਿੰਦਰ ਵਾਲੀਆ, ਪਰਮਜੀਤ ਸਿੰਘ ਢਿੱਲੋਂ, ਰਾਜਕੁਮਾਰ ਓਸ਼ੋਰਾਜ, ਇਕਬਾਲ ਬਰਾੜ, ਤਲਵਿੰਦਰ ਮੰਡ, ਜੱਸੀ ਭੁੱਲਰ, ਸੁਰਿੰਦਰਜੀਤ ਕੌਰ, ਕਰਨ ਅਜਾਇਬ ਸਿੰਘ ਸੰਘਾ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਵੱਲੋਂ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ। ਇਸ ਮੌਕੇ ਸਰੋਤਿਆਂ ਵਿੱਚ 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ ਤੇ ਦਵਿੰਦਰ ਸਿੰਘ ਤੂਰ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਡਾ. ਡੀ.ਪੀ. ਸਿੰਘ, ਪ੍ਰੋ. ਸਿਕੰਦਰ ਸਿੰਘ ਗਿੱਲ, ਡਾ. ਦਲਬੀਰ ਸਿੰਘ ਕਥੂਰੀਆ, ਇੰਜ. ਅੰਮ੍ਰਿਤਪਾਲ ਸਿੰਘ, ਡਾ. ਅਜਮੇਰ ਸਿੰਘ, ਸ਼ਮਸ਼ੇਰ ਸਿੰਘ ਝੱਜ, ਹਰਮਿਲਾਪ ਸਿੰਘ ਚਾਹਲ, ਹਰਜੀਤ ਬਾਜਵਾ, ਗੁਰਦੇਵ ਸਿੰਘ ਮਾਨ, ਪ੍ਰਸ਼ੋਤਮ ਸਿੰਘ, ਹਰਜੀਤ ਕੌਰ ਸੰਧੂ, ਸੁਰਿੰਦਰ ਕੌਰ ਮਾਨ, ਪਤਵੰਤ ਕੌਰ ਪੰਨੂੰ, ਦਵਿੰਦਰ ਕੌਰ ਨਾਗਰਾ, ਹਰਭਿੰਦਰ ਕੌਰ ਝੱਜ, ਸੁੱਚਾ ਇੰਘ ਮਾਂਗਟ, ਗੁਰਸੇਵਕ ਸਿੰਘ ਸਿੱਧੂ, ਟੀ.ਪੀ.ਏ.ਆਰ. ਕਲੱਬ ਤੋਂ ਸੰਧੂਰਾ ਸਿੰਘ ਬਰਾੜ, ਨਰਿੰਦਰਪਾਲ ਬੈਂਸ, ਗੁਰਬਚਨ ਗਰੇਵਾਲ, ਸੁਰਿੰਦਰ ਨਾਗਰਾ, ਰਾਕੇਸ਼ ਸ਼ਰਮਾ ਅਤੇ ਕਈ ਹੋਰ ਸ਼ਾਮਲ ਸਨ।

# ਚਿੰਗੂਆਕੂਜ਼ੀ ਪਾਰਕ 'ਚ ਹੋਈ 'ਰਨ ਫ਼ਾਰ ਵੈਟਰਨਜ਼' ਦੌਰਾਨ ਲੱਗੀਆਂ ਖ਼ੂਬ ਰੌਣਕਾਂ

## – ਟੀ.ਪੀ.ਏ.ਆਰ. ਕਲੱਬ ਦੇ 20 ਦੌੜਾਕਾਂ ਨੇ ਲਿਆ ਬੜੇ ਉਤਸ਼ਾਹ ਨਾਲ ਹਿੱਸਾ

## – ਮੇਅਰ ਪੈਟਰਿਕ ਬਰਾਊਨ, ਪੀਲ ਪੋਲੀਸ ਮੁਖੀ ਤੇ ਕਈ ਕੌਂਸਲਰਾਂ ਨੇ ਕੀਤੀ ਸ਼ਿਰਕਤ





ਬਰੈਂਪਟਨ, (ਡਾ. ਝੰਡ)– ਲੰਘੇ ਸ਼ਨੀਵਾਰ 18 ਅਪ੍ਰੈਲ ਨੂੰ ਕੈਨੇਡੀਅਨ ਆਰਮੀ ਵੱਲੋਂ ਸਾਬਕਾ ਫ਼ੌਜੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਲਈ ਸਥਾਨਕ ਚਿੰਗੂਆਕੂਜ਼ੀ ਪਾਰਕ ਵਿੱਚ 'ਰਨ ਫ਼ਾਰ ਵੈਟਰਨਜ਼' ਦੌੜ ਦਾ ਸ਼ਾਨਦਾਰ ਈਵੈਂਟ ਆਯੋਜਿਤ ਕੀਤਾ ਗਿਆ। ਇਸ ਵਿੱਚ ਫ਼ੌਜੀ ਜਵਾਨਾਂ ਇੱਕ ਟੁਕੜੀ ਦੇ ਨਾਲ 'ਟੋਰਾਂਟੋ ਪੀਅਰਸਨ ਏਅਰਪੋਰਟ ਰਨਰਜ਼ ਕਲੱਬ' (ਟੀ.ਪੀ.ਏ.ਆਰ. ਕਲੱਬ) ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਹੇਠ ਕਲੱਬ ਦੇ ਦੌੜਾਕਾਂ ਅਤੇ ਕਈ ਹੋਰ ਦੌੜਾਕਾਂ ਨੇ ਭਾਗ ਲਿਆ। ਸਵੇਰੇ 9.00 ਵਜੇ ਤੋਂ ਹੀ ਚਿੰਗੂਆਕੂਜ਼ੀ ਪਾਰਕ ਦੇ ਪੱਛਮ ਵਾਲੇ ਪਾਸੇ ਸੈਂਟਰਲ ਪਾਰਕ ਵਿੱਚ ਪੂਰੀ ਰੌਣਕ ਵਾਲਾ ਮਾਹੌਲ ਬਣਿਆ ਹੋਇਆ ਸੀ। ਪਾਰਕ ਦੇ 'ਵਾਕ–ਵੇਅ' ਦੇ ਇੱਕ ਪਾਸੇ ਫ਼ੌਜੀ ਵੀਰਾਂ ਨੇ ਆਪਣਾ ਵੱਡਾ ਟੈਂਟ ਲਗਾਇਆ ਹੋਇਆ ਸੀ ਜਿਸ ਵਿੱਚ ਉਨ੍ਹਾਂ ਨੇ ਆਪਣਾ ਸਾਜ਼ੋ–ਸਮਾਨ ਟਿਕਾਇਆ ਹੋਇਆ ਸੀ। ਉਸਦੇ ਨਾਲ ਥੋੜ੍ਹੇ ਜਿਹੇ ਫ਼ਾਸਲੇ 'ਤੇ ਹੀ ਟੀ.ਪੀ.ਏ.ਆਰ. ਕਲੱਬ ਦੇ ਵਾਲੰਟੀਅਰਾਂ ਨੇ 'ਐੱਨਲਾਈਟ ਕਿੱਡਜ਼' ਦੇ ਨਾਂ ਹੇਠ ਆਪਣਾ ਟੈਂਟ ਲਾਇਆ ਹੋਇਆ ਸੀ, ਜਿੱਥੋਂ ਉਨ੍ਹਾਂ ਵੱਲੋਂ ਆਪਣੇ ਮੈਂਬਰਾਂ ਨੂੰ ਦੌੜਨ ਵਾਲੇ ਬਿੱਬ, ਬਕਸੂਏ ਤੇ ਹੋਰ ਸਮਾਨ ਦਿੱਤਾ ਜਾ ਰਿਹਾ ਸੀ। ਉਹ ਆਪਣੇ ਨਾਲ ਚਾਹ ਅਤੇ ਉੱਬਲੇ ਹੋਏ ਅੰਡੇ, ਵਗ਼ੈਰਾ ਲੈ ਕੇ ਆਏ ਹੋਏ ਸਨ ਤਾਂ ਜੋ ਦੌੜਾਕਾਂ ਨੂੰ ਪੌਸ਼ਟਿਕ ਸਨੈਕਸ ਦਿੱਤੇ ਜਾਣ। 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਦੇ ਇਸ ਈਵੈਂਟ ਦੇ ਆਰੰਭ ਹੋਣ ਦਾ ਸਮਾਂ ਸਵੇਰੇ 9.30 ਵਜੇ ਦਿੱਤਾ ਗਿਆ ਸੀ ਪਰ ਮੁੱਖ– ਮਹਿਮਾਨ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਦੇ ਕੁਝ ਦੇਰੀ ਨਾਲ ਪਹੁੰਚਣ ਕਰਕੇ ਇਹ 10.00 ਵਜੇ ਸ਼ੁਰੂ ਕੀਤਾ ਜਾ ਸਕਿਆ। 5 ਕਿਲੋਮੀਟਰ ਦੌੜਨ ਲਈ ਦੌੜਾਕਾਂ ਨੇ ਚਿੰਗੂਆਕੂਜ਼ੀ ਦੇ ਘੇਰੇ ਦੇ ਦੋ ਚੱਕਰ ਲਗਾਉਣੇ ਸਨ ਅਤੇ 10 ਕਿਲੋਮੀਟਰ ਦੌੜ ਲਈ ਇਨ੍ਹਾਂ ਚੱਕਰਾਂ ਦੀ ਗਿਣਤੀ ਚਾਰ ਰੱਖੀ ਗਈ ਸੀ। ਪੀਲ ਪੋਲੀਸ ਮੁਖੀ ਨਿਸਾਨ ਦੁਰਿਅੱਪਾ ਅਤੇ ਮੇਅਰ ਪੈਟਰਿਕ ਬਰਾਊਨ ਦੇ ਦੌੜਾਕਾਂ ਅਤੇ ਪ੍ਰਬੰਧਕਾਂ ਨੂੰ ਕੀਤੇ ਗਏ ਸੰਖੇਪ ਸੰਬੋਧਨਾਂ ਤੋਂ ਬਾਅਦ ਸਟੇਜ ਤੋਂ 10 ਕਿਲੋਮੀਟਰ ਦੌੜਨ ਵਾਲੇ ਦੌੜਾਕਾਂ ਨੂੰ 'ਸਟਾਰਟ ਪੁਆਇੰਟ' 'ਤੇ ਖੜੇ ਹੋਣ ਦਾ ਸੱਦਾ ਦਿੱਤਾ ਗਿਆ ਅਤੇ ਫ਼ੌਜੀ ਬਿਗਲ ਨਾਲ ਬਾਕਾਇਦਾ ਦੌੜ ਨੂੰ ਆਰੰਭ ਕੀਤਾ ਗਿਆ। ਇਸ ਦੌੜ ਵਿੱਚ ਬਹੁਤੀ ਗਿਣਤੀ ਟੀ.ਪੀ.ਏ.ਆਰ. ਕਲੱਬ ਦੇ ਦੌੜਾਕਾਂ ਦੀ ਸੀ ਜੋ ਆਪਣੀਆਂ ਸੰਗਤਰੇ ਰੰਗ ਦੀਆਂ ਟੀ–ਸ਼ਰਟਾਂ ਤੋਂ ਦੂਰੋਂ ਹੀ ਪਛਾਣੇ ਜਾ ਰਹੇ ਸਨ। ਫ਼ੌਜੀ ਦੌੜਾਕ ਆਪਣੀ ਫ਼ੌਜੀ ਵਰਦੀ ਵਿੱਚ ਸਨ ਅਤੇ ਉਨ੍ਹਾਂ ਵਿੱਚੋਂ ਕਈਆਂ ਨੇ ਆਪਣੇ ਮੋਢਿਆਂ ਦੇ ਪਿੱਛੇ ਭਾਰੀ ਪਿੱਠੂ ਬੰਨ੍ਹੇ ਹੋਏ ਸਨ। ਬਾਕੀ ਦੇ ਦੌੜਾਕ ਪ੍ਰਬੰਧਕਾਂ ਵੱਲੋਂ ਪਹਿਲਾਂ ਤੋਂ ਰਜਿਸਟਰ ਹੋਏ ਦੌੜਾਕਾਂ ਨੂੰ ਜਾਰੀ ਕੀਤੀਆਂ ਗਈਆਂ ਕਾਲ਼ੀਆਂ ਅਤੇ ਕਈ ਹੋਰ ਅਨ–ਰਜਿਸਟਰਡ ਦੌੜਾਕ ਰੰਗ–ਬਿਰੰਗੀਆਂ ਟੀ–ਸ਼ਰਟਾਂ ਵਾਲੇ ਵੀ ਸਨ।

ਇਸ ਤੋਂ 15 ਮਿੰਟ ਬਾਅਦ 5 ਕਿਲੋਮੀਟਰ ਦੌੜਨ ਤੇ ਪੈਦਲ ਚਾਲਕਾਂ ਨੂੰ 'ਸਟਾਰਟ–ਪੁਆਇੰਟ' ਤੇ ਖੜਾ ਕੀਤਾ ਗਿਆ ਅਤੇ ਪਹਿਲਾਂ ਵਾਂਗ ਹੀ ਦੌੜਨ ਦਾ ਸਿਗਨਲ ਦਿੱਤਾ ਗਿਆ। ਇਸ 5 ਕਿਲੋਮੀਟਰ ਦੌੜ ਵਿੱਚ ਵੱਡੀ ਗਿਣਤੀ ਵਿੱਚ ਦੌੜਾਕ ਤੇ ਪੈਦਲ ਚੱਲਣ ਵਾਲੇ ਲੋਕ ਸ਼ਾਮਲ ਹੋਏ। ਇਨ੍ਹਾਂ ਵਿੱਚ ਵੀ ਸੰਗਤਰੇ ਰੰਗ ਦੀਆਂ ਟੀ–ਸਰਟਾਂ ਵਾਲੇ ਟੀ.ਪੀ.ਏ.ਆਰ. ਕਲੱਬ ਦੇ ਕਈ ਦੌੜਾਕ ਨਜ਼ਰ ਆ ਰਹੇ ਸਨ। ਕਈ ਦੌੜਾਕ ਆਪਣੇ ਬੱਚਿਆਂ ਨੂੰ ਵੀ ਨਾਲ ਲੈ ਕੇ ਆਏ ਹੋਏ ਸਨ ਅਤੇ ਉਹ ਬੱਚੇ ਆਪਣੇ ਮਾਪਿਆਂ ਦੇ ਨਾਲ–ਨਾਲ ਦੌੜ ਰਹੇ ਸਨ। ਕਈ ਮਾਪੇ ਛੋਟੇ ਬੱਚਿਆਂ ਨੂੰ ਸਟਰੌਲਰਾਂ ਵਿੱਚ ਬੈਠਾ ਕੇ ਇਹ ਸਟਰੌਲਰ ਰੇੜ੍ਹੀ ਜਾ ਰਹੇ ਸਨ। ਦੌੜਾਂ ਦੀ ਸਮਾਪਤੀ 'ਤੇ ਵੱਖ–ਵੱਖ ਉਮਰ ਵਰਗਾਂ ਵਿੱਚ ਪਹਿਲੇ ਨੰਬਰ 'ਤੇ ਆਏ ਦੌੜਾਕਾਂ ਨੂੰ ਪ੍ਰਬੰਧਕਾਂ ਵੱਲੋਂ ਇਨਾਮ ਕਈ ਦਿੱਤੇ ਗਏ। 60 ਸਾਲ ਤੋਂ ਉੱਪਰ ਵਾਲੇ ਉਮਰ–ਵਰਗ ਵਿੱਚ ਟੀ.ਪੀ.ਏ.ਆਰ. ਕਲੱਬ ਦਾ ਤੇਜ਼–ਤਰਾਰ ਦੌੜਾਕ ਸੁਖਦੇਵ ਸਿੱਧਵਾਂ ਪਹਿਲੇ ਨੰਬਰ 'ਤੇ ਆਇਆ। ਉਸਨੇ 10 ਕਿਲੋਮੀਟਰ ਦੌੜ ਇਕ ਘੰਟਾ ਤਿੰਨ ਮਿੰਟ 56 ਸਕਿੰਟ ਵਿੱਚ ਲਗਾਈ।

ਇਸ ਕਲੱਬ ਦੇ ਮੈਂਬਰਾਂ ਵਿੱਚ 13 ਸਾਲ ਦੇ ਦੌੜਾਕ ਗੈਵਨ ਅੱਟਾ ਨੇ 5 ਕਿਲੋਮੀਟਰ ਦੌੜ 42 ਮਿੰਟ 31 ਸਕਿੰਟਾਂ ਵਿੱਚ ਲਗਾਈ ਅਤੇ 12 ਸਾਲ ਦੇ ਸਮਰਿਧ ਝੰਡ ਨੇ ਇਹ 50 ਮਿੰਟ 5 ਸਕਿੰਟ ਵਿੱਚ ਪੂਰੀ ਕੀਤੀ। 5 ਕਿਲੋਮੀਟਰ ਦੌੜਨ ਵਾਲਿਆਂ ਵਿੱਚ ਕਲੱਬ ਦੇ ਮੈਂਬਰ ਸੱਭ ਤੋਂ ਵਡੇਰੀ ਉਮਰ ਦੇ ਦੌੜਾਕ 82 ਸਾਲਾ ਇੰਜ. ਈਸ਼ਰ ਸਿੰਘ ਚਾਹਲ ਅਤੇ ਉਸ ਤੋਂ ਘੱਟ ਉਮਰ ਦੇ 76 ਸਾਲਾ ਡਾ. ਸੁਖਦੇਵ ਸਿੰਘ ਝੰਡ ਸਨ, ਜਦਕਿ ਇਸ ਕਲੱਬ ਦਾ ਸੱਭ ਤੋਂ ਛੋਟਾ ਦੌੜਾਕ 5 ਸਾਲਾ ਰੌਨਿਧ ਝੰਡ ਸੀ, ਜਿਸ ਨੇ ਚਿੰਗੂਆਕੂਜ਼ੀ ਪਾਰਕ ਦਾ 2.5 ਕਿਲੋਮੀਟਰ ਦਾ ਪੂਰਾ ਚੱਕਰ ਲਗਾਇਆ।

# ਬਰੈਂਪਟਨ ਵੋਮੈਨ ਸੀਨੀਅਰਜ਼ ਕਲੱਬ ਵੱਲੋਂ ਵਿਸਾਖੀ ਮਨਾਈ ਗਈ



ਮਿਤੀ 16 ਅਪ੍ਰੈਲ,ਦਿਨ ਵੀਰਵਾਰ ਨੂੰ ਵੋਮੈਨ ਸੀਨੀਅਰਜ਼ ਕਲੱਬ ਵਲੋਂ ਟੈਰੀਮਿਲਰ ਰੀਕਰੈਸ਼ਨ ਸੈਂਟਰ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ। ਸਭ ਤੋਂ ਪਹਿਲਾਂ ਸ਼ਬਦ ਦਾ ਉਚਾਰਣ ਹੋਇਆ ਉਸ ਉਪਰੰਤ ਅਰਦਾਸ ਕਰਕੇ ਪ੍ਰੋਗਰਾਮ ਨੂੰ ਅੱਗੇ ਚਲਾਇਆ। ਇੰਦਰਜੀਤ ਢਿਲੋਂ ਨੇ ਸਕੱਤਰ ਵਜੋਂ ਸਟੇਜ ਸੰਭਾਲੀ। ਸਭ ਬੀਬੀਆਂ ਨੇ ਕਵਿਤਾਵਾਂ ਅਤੇ ਗੀਤਾਂ ਰਾਹੀਂ ਖ਼ੂਬ ਮਨੋਰੰਜਨ ਕੀਤਾ। ਲੰਚ ਅਤੇ ਜਲੇਬੀਆਂ, ਚਾਹ ਦਾ ਲੰਗਰ ਚਲਿਆ। ਵੋਮੈਨ ਸੀਨਅਰ ਕਲੱਬ ਦੀ ਪ੍ਰਧਾਨ ਕੁਲਦੀਪ ਗਰੇਵਾਲ, ਮੀਤ ਪ੍ਰਧਾਨ ਗੁਰਮੀਤ ਰਾਏ, ਇੰਦਰਜੀਤ ਢਿੱਲੋਂ ਸਕੱਤਰ, ਪਰਮਜੀਤ ਗਿੱਲ ਕੈਸ਼ੀਅਰ ਅਤੇ ਹਰਦੀਪ ਹੈਲਨ, ਅਵਤਾਰ ਰਾਏ, ਰਾਜ ਪੰਨੂ, ਗੁਰਦੇਵ ਧਾਲੀਵਾਲ, ਦਵਿੰਦਰ ਅਟਵਾਲ, ਡਾਇਰੈਕਟਰਜਜ਼ ਵਜੋਂ ਨਿਯੁਕਤ ਹਨ। ਸਾਰੇ ਹੀ ਅਹੁਦੇਦਾਰ ਇਸ ਕਲੱਬ ਨੂੰ ਚਲਾਉਣ ਲਈ ਬਹੁਤ ਮਿਹਨਤ ਕਰਦੇ ਹਨ ਅਤੇ ਕਲੱਬ ਵਲੋਂ ਸਮੇਂ ਸਮੇਂ ਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ ਜਿਨ੍ਹਾਂ ਨੂੰ ਸਾਰੇ ਹੀ ਮੈਂਬਰਜ਼ ਵਲੋਂ ਬਹੁਤ ਸਲਾਇਆ ਜਾਂਦਾ ਹੈ।

GTA Plumbing & Electrical Supplies

GTA Plumbing & Electrical Supplies

ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036

18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:–ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ

ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ

ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ–ਵਾਰ ਹੋਣਾ ਆਦਿ ਦਾ ਇਲਾਜ ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ

ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ

ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

ASK Mortgage Ltd.

Business Loan
Credit Line
Truck/Taxi Loan
New Immigrant Package


416-366-1234

Jaswinder Khosa
416-894-9400

1332 Khalsa Drive Unit 12

ਪੰਜਾਬ ਸਟਾਰ
www.punjabstar.com

# ਐਂਟੈਂਗਲਮੈਂਟ, ਮਨ ਅਤੇ ਆਧੁਨਿਕ ਵਿਗਿਆਨ



ਅਜੋਕੇ ਸਮਾਜ ਵਿੱਚ ਦੁਨੀਆ ਵਿੱਚ ਵਿਗਿਆਨ ਨੂੰ ਮਾਨਸਿਕ ਸੁੱਖ ਅਤੇ ਸਿਹਤ ਨਾਲ ਜੋੜਣ ਦੀ ਰੁਚੀ ਵੱਧ ਰਹੀ ਹੈ ਅਤੇ ਇਸ ਦੇ ਨਾਲ ਹੀ ਦੁਨੀਆ ਭਰ ਦੇ ਖੋਜਕਾਰ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਐਂਟੈਂਗਲਮੈਂਟ ਵਰਗੀਆਂ ਧਾਰਨਾਵਾਂ ਧਿਆਨ, ਅਧਿਆਤਮ ਅਤੇ ਦਿਮਾਗੀ ਵਿਗਿਆਨ ਨਾਲ ਕਿਵੇਂ ਸੰਬੰਧਿਤ ਹਨ ? ਹਾਲਾਂਕਿ ਇਹ ਸ਼ਬਦ ਮੂਲ ਤੌਰ ‘ਤੇ ਕਵਾਂਟਮ ਐਂਟੈਂਗਲਮੈਂਟ ਤੋਂ ਆਇਆ ਹੈ, ਪਰ ਇਸਦੀ ਅਸਲ ਮਹੱਤਤਾ ਰੋਜ਼ਾਨਾ ਜੀਵਨ ਵਿੱਚ ਭੌਤਿਕ ਵਿਗਿਆਨ ਨਹੀਂ, ਸਗੋਂ ਇਹ ਹੈ ਕਿ ਅਸੀਂ ਮਨੁੱਖੀ ਮਨ ਨੂੰ ਮਨੋਵਿਗਿਆਨ ਰਾਹੀਂ ਕਿਵੇਂ ਸਮਝਦੇ ਹਾਂ?

**ਕਣਾਂ ਤੋਂ ਅਨੁਭਵ ਤੱਕ: ਜਿੱਥੇ ਵਿਗਿਆਨ ਤੇ ਅਨੁਭਵ ਮਿਲਦੇ ਹਨ**

ਕਵਾਂਟਮ ਐਂਟੈਂਗਲਮੈਂਟ ਦਿਖਾਉਂਦਾ ਹੈ ਕਿ ਕਣ ਇੱਕ ਜੁੜੇ ਹੋਏ ਪ੍ਰਣਾਲੀ ਵਾਂਗ ਵਰਤਾਵ ਕਰ ਸਕਦੇ ਹਨ। ਪਰ ਜਦੋਂ ਅਸੀਂ ਮਨੁੱਖੀ ਅਨੁਭਵ ਵੱਲ ਵੱਧਦੇ ਹਾਂ, ਅਸਲੀ ਜੋੜ ਦਿਮਾਗ ਦੇ ਨੈੱਟਵਰਕ, ਭਾਵਨਾਤਮਕ ਯਾਦਾਂ ਅਤੇ ਸਮਾਜਿਕ ਰਿਸ਼ਤਿਆਂ ਰਾਹੀਂ ਬਣਦਾ ਹੈ। ਇਹ ਸਾਰਾ ਕੁਝ ਜੀਵ ਵਿਗਿਆਨਕ ਪ੍ਰਕਿਰਿਆਵਾਂ ਨਾਲ ਸੰਚਾਲਿਤ ਹੁੰਦਾ ਹੈ, ਨਾ ਕਿ ਦਿਮਾਗ ਵਿੱਚ ਕਵਾਂਟਮ ਪ੍ਰਭਾਵਾਂ ਨਾਲ।

ਦਿਮਾਗ ਲਗਾਤਾਰ ਨਵੇਂ ਸੰਬੰਧ ਬਣਾਉਂਦਾ ਹੈ, ਜਿਸਨੂੰ ਨਿਊਰੋਪਲਾਸਟਿਸਿਟੀ ਕਿਹਾ ਜਾਂਦਾ ਹੈ– ਅਰਥਾਤ ਦਿਮਾਗ ਦੀ ਆਪਣੀ ਬਣਤਰ ਨੂੰ ਸੋਚਾਂ, ਅਨੁਭਵਾਂ ਅਤੇ ਆਦਤਾਂ ਅਨੁਸਾਰ ਬਦਲਣ ਦੀ ਸਮਰੱਥਾ।

ਧਿਆਨ: ਮਨ ਦੀ ਤਿਆਰੀ, ਨਾ ਕਿ ਕਵਾਂਟਮ ਅਵਸਥਾ

ਧਿਆਨ ਨੂੰ ਅਕਸਰ ਜੁੜਾਅ ਨਾਲ ਜੋੜਿਆ ਜਾਂਦਾ ਹੈ, ਪਰ ਵਿਗਿਆਨਕ ਤੌਰ ‘ਤੇ ਇਹ ਦਿਮਾਗ ਵਿੱਚ ਮਾਪਣਯੋਗ ਬਦਲਾਅ ਲਿਆਉਂਦਾ ਹੈ।

ਨਿਯਮਿਤ ਧਿਆਨ ਨਰਵਸ ਸਿਸਟਮ ਨੂੰ ਸ਼ਾਂਤ ਕਰਦਾ ਹੈ, ਤਣਾਅ ਵਾਲੇ ਹਾਰਮੋਨ ਘਟਾਉਂਦਾ ਹੈ, ਧਿਆਨ ਅਤੇ ਭਾਵਨਾਤਮਕ ਨਿਯੰਤਰਣ ਨੂੰ ਸੁਧਾਰਦਾ ਹੈ।

ਮਾਈਂਡਫੁਲਨੈੱਸ ਵਰਗੀਆਂ ਕਿਰਿਆਵਾਂ ਮਨੁੱਖ ਨੂੰ ਆਪਣੇ ਵਿਚਾਰਾਂ ਨੂੰ ਬਿਨਾਂ ਤੁਰੰਤ ਪ੍ਰਤੀਕ੍ਰਿਆ ਕੀਤੇ ਦੇਖਣ ਵਿੱਚ ਮਦਦ ਕਰਦੀਆਂ ਹਨ।

**ਦਿਮਾਗ ਵਿੱਚ ਅਸਲ ਵਿੱਚ ਕੀ ਹੁੰਦਾ ਹੈ?**

ਤਣਾਅ ਨਾਲ ਜੁੜੇ ਹਿੱਸਿਆਂ ਦੀ ਗਤੀਵਿਧੀ ਘੱਟਦੀ ਹੈ।

ਧਿਆਨ ਅਤੇ ਨਿਯੰਤਰਣ ਨਾਲ ਜੁੜੇ ਖੇਤਰਾਂ ਦੀ ਗਤੀਵਿਧੀ ਵੱਧਦੀ ਹੈ।

ਭਾਵਨਾਤਮਕ ਸੰਤੁਲਨ ਵਿੱਚ ਸੁਧਾਰ ਆਉਂਦਾ ਹੈ।

ਇਸ ਲਈ ਧਿਆਨ ਨੂੰ ਚਿੰਤਾ,ਡਰ ਅਤੇ ਬੇਚੈਨੀ ਨੂੰ ਦੂਰ ਕਰਨ ਲਈ ਵਰਤਿਆ ਜਾਂਦਾ ਹੈ।

ਅਧਿਆਤਮ: ਜੁੜਾਅ ਦੀ ਭਾਵਨਾ

ਅਧਿਆਤਮਿਕ ਪਰੰਪਰਾਵਾਂ ਅਕਸਰ ਆਪਣੇ ਆਪ ਅਤੇ ਬ੍ਰਹਿਮੰਡ ਦੇ ਵਿਚਕਾਰ ਡੂੰਘੇ ਸੰਬੰਧ ਦੀ ਗੱਲ ਕਰਦੀਆਂ ਹਨ। ਭਾਵੇਂ ਇਹ ਵਿਗਿਆਨਕ ਤੌਰ ‘ਤੇ ਐਂਟੈਂਗਲਮੈਂਟ ਨਹੀਂ ਹੈ, ਪਰ ਇਹ ਅਨੁਭਵ ਮਨੋਵਿਗਿਆਨਕ ਲਾਭ ਦਿੰਦਾ ਹੈ। ਇਹ ਜੀਵਨ ਨੂੰ ਅਰਥ ਅਤੇ ਉਦੇਸ਼ ਦਿੰਦਾ ਹੈ, ਹੌਂਦ ਦਾ ਤਣਾਅ ਘਟਾਉਂਦਾ ਹੈ ਅਤੇ ਭਾਵਨਾਤਮਕ ਲਚਕੀਲਾਪਣ ਵਧਾਉਂਦਾ ਹੈ।

**ਮਨ ਐਂਟੈਂਗਲਮੈਂਟ ਵਰਗੇ ਅਨੁਭਵ ਕਿਵੇਂ ਬਣਾਉਂਦਾ ਹੈ?**

ਵਿਚਾਰ–ਭਾਵਨਾ ਸੰਬੰਧ

ਇੱਕ ਵਿਚਾਰ ਯਾਦਾਂ, ਭਾਵਨਾਵਾਂ ਅਤੇ ਸਰੀਰਕ ਅਹਿਸਾਸਾਂ ਨੂੰ ਜਗਾ ਸਕਦਾ ਹੈ। ਇਸ ਨਾਲ ਇੱਕ ਚੱਕਰ ਬਣਦਾ ਹੈ—ਜੋ ਆਪਸੀ ਜੁੜੇ ਹੋਏ ਪ੍ਰਣਾਲੀ ਵਰਗਾ ਲੱਗਦਾ ਹੈ।

**ਸਮਾਜਿਕ ਅਤੇ ਭਾਵਨਾਤਮਕ ਜੋੜ**

ਮਨੁੱਖ ਕੁਦਰਤੀ ਤੌਰ ‘ਤੇ ਰਿਸ਼ਤਿਆਂ ਨਾਲ ਜੁੜੇ ਹੁੰਦੇ ਹਨ। ਪਰਿਵਾਰ, ਦੋਸਤੀ ਅਤੇ ਸਮਾਜਿਕ ਸਬੰਧ ਆਕਸੀਟੋਸਿਨ ਵਰਗੇ ਹਾਰਮੋਨਾਂ ਰਾਹੀਂ ਮਜ਼ਬੂਤ ਹੁੰਦੇ ਹਨ।

**ਧਿਆਨ ਅਤੇ ਕੇਂਦ੍ਰਤਾ**

ਜਿੱਥੇ ਧਿਆਨ ਜਾਂਦਾ ਹੈ, ਉਥੇ ਮਨ ਦੀ ਊਰਜਾ ਵਗਦੀ ਹੈ। ਨਕਾਰਾਤਮਕ ਸੋਚ ਤਣਾਅ ਵੱਧਾਉਂਦੀ ਹੈ, ਜਦਕਿ ਸਕਾਰਾਤਮਕ ਧਿਆਨ ਮਨੋਦਸ਼ਾ ਨੂੰ ਸੁਧਾਰਦਾ ਹੈ।

ਡਰ, ਚਿੰਤਾ ਅਤੇ ਬੇਚੈਨੀ ਘਟਾਉਣ ਲਈ ਇਨ੍ਹਾਂ ਸਿਧਾਂਤਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਵਿਚਾਰਾਂ ਦੀ ਮੁੜ ਰਚਨਾ**

ਕੋਗਨਿਟਿਵ ਬਿਹੇਵਿਅਰਲ ਥੈਰੇਪੀ ਦੇ ਸਿਧਾਂਤਾਂ ਨਾਲ ਨਕਾਰਾਤਮਕ ਵਿਚਾਰਾਂ ਦੀ ਪਛਾਣ ਅਤੇ ਉਹਨਾਂ ਨੂੰ ਬਦਲਣਾ ਸਿੱਖਿਆ ਜਾ ਸਕਦਾ ਹੈ।

**ਮਾਈਂਡਫੁਲਨੈੱਸ ਅਭਿਆਸ**

ਰੋਜ਼ਾਨਾ ਮਾਈਂਡਫੁਲਨੈੱਸ ਅਧਿਕ ਸੋਚ ਨੂੰ ਘਟਾਉਂਦਾ ਹੈ ਅਤੇ ਮਨ ਨੂੰ ਵਰਤਮਾਨ ਵਿੱਚ ਲਿਆਉਂਦਾ ਹੈ।

**ਸਕਾਰਾਤਮਕ ਸੰਬੰਧ ਮਜ਼ਬੂਤ ਕਰਨਾ**

ਸਿਹਤਮੰਦ ਰਿਸ਼ਤੇ ਭਾਵਨਾਤਮਕ ਸਹਾਰਾ ਦਿੰਦੇ ਹਨ ਅਤੇ ਇਕਾਂਤਤਾ ਘਟਾਉਂਦੇ ਹਨ।

**ਸਿਹਤਮੰਦ ਮਨੋਵਿਗਿਆਨਕ ਇਨਪੁੱਟ ਬਣਾਉਣਾ**

ਨਕਾਰਾਤਮਕ ਖ਼ਬਰਾਂ ਅਤੇ ਸੋਸ਼ਲ ਮੀਡੀਆ ਤੋਂ ਦੂਰੀ ਬਣਾਉਣਾ ਅਤੇ ਸਿਖਲਾਈ ਤੇ ਰਚਨਾਤਮਕ ਕਿਰਿਆਵਾਂ ਵਧਾਉਣਾ ਲਾਭਦਾਇਕ ਹੈ।

**ਇਹ ਸਮਝ ਕਿਉਂ ਮਹੱਤਵਪੂਰਨ ਹੈ?**

ਵਿਗਿਆਨਕ ਸ਼ਬਦਾਂ ਦਾ ਗਲਤ ਇਸਤੇਮਾਲ ਗਲਤਫਹਿਮੀਆਂ ਪੈਦਾ ਕਰ ਸਕਦਾ ਹੈ। ਸਹੀ ਸਮਝ ਸਾਨੂੰ ਅਸਲ ਵਿਗਿਆਨ ਨਾਲ ਜੋੜਦੀ ਹੈ ਅਤੇ ਮਾਨਸਿਕ ਸਿਹਤ ਲਈ ਪ੍ਰਭਾਵਸ਼ਾਲੀ ਤਰੀਕੇ ਅਪਣਾਉਣ ਵਿੱਚ ਮਦਦ ਕਰਦੀ ਹੈ।

ਮਨੁੱਖੀ ਜੀਵਨ ਵਿੱਚ ਅਸਲ ਐਂਟੈਂਗਲਮੈਂਟ ਕਵਾਂਟਮ ਨਹੀਂ, ਸਗੋਂ ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਹੈ। ਤੁਹਾਡੇ ਵਿਚਾਰ ਤੁਹਾਡੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਤੁਹਾਡੇ ਕਰਮ ਦੂਜਿਆਂ ‘ਤੇ ਅਸਰ ਪਾਂਦੇ ਹਨ। ਤੁਹਾਡਾ ਵਾਤਾਵਰਣ ਤੁਹਾਡੇ ਮਨ ਨੂੰ ਢਾਲਦਾ ਹੈ। ਜਦੋਂ ਤੁਸੀਂ ਦਿਮਾਗ ਦੇ ਅਸਲੀ ਕੰਮ ਕਰਨ ਦੇ ਢੰਗ ਨੂੰ ਸਮਝਦੇ ਹੋ, ਤਾਂ ਤੁਹਾਨੂੰ ਸਿਰਫ਼ ਮਾਨਸਿਕ ਸੁਚੇਤਤਾ ਨਹੀਂ, ਸਗੋਂ ਨਿਯੰਤਰਣ, ਸਪੱਸ਼ਟਤਾ ਦੀ ਤਾਕਤ ਮਿਲਦੀ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ,
ਪੰਜਾਬ।

# ਉਹ ਰੁੱਖਾਂ ਦੀ ਛਾਂ....



ਉਹ ਰੁੱਖਾਂ ਦੀ ਛਾਂ ਨਹੀਂ ਬਾਪੂ ਹੁਰਾਂ ਦੀ ਵੱਡੀ ਸਲਤਨਤ ਦਾ ਸਿੰਘਾਸਨ ਸੀ..ਸਾ–ਦਿਹਾੜੀ ਬੱਸ ਉਥੇ ਹੀ ਬੈਠੇ ਰਹਿੰਦੇ..ਉੱਤੇ ਪੱਸਰੀ ਹਰਿਆਵਲ ਅਤੇ ਅਣਗਿਣਤ ਚਿੜੀਆਂ ਤੋਤੇ ਕਾਂ ਗੁਟਾਰਾਂ..ਇੱਕ ਵਿਸਮਾਦੀ ਰੌਣਕ ਮੇਲਾ..!

ਟੁੱਕੀ ਹੋਈ ਅੰਬੀ ਹੇਠਾਂ ਡਿੱਗਦੀ ਤਾਂ ਵਾਜ ਦਿੰਦੇ..ਓਏ ਉਰਾਂ ਆਓ ਅਕਾਲ–ਪੁਰਖ ਨੇ ਸੌਗਾਤ ਘੱਲੀ..!

ਸਾਰੇ ਲਿੱਬੜੇ ਹੱਥ ਲੀੜਿਆਂ ਨਾਲ ਪੂੰਝਦੇ ਹੋਏ ਭੱਜੇ ਆਉਂਦੇ..ਜਿਹਨਾਂ ਨੂੰ ਪਤਾ ਹੁੰਦਾ..ਬੈਠੇ ਹੋਏ ਹੀ ਵਾਜਾਂ ਮਾਰਦੇ..ਓਏ ਮੁੜ ਆਓ..ਟੁੱਕੀ ਹੋਈ ਅੰਬੀ ਹੋਣੀ ਹੋਰ ਬਾਪੂ ਜੀ ਕਿਹੜਾ ਸ਼ਹਿਰੋ ਬਰਫ਼ੀ ਲਿਆਏ ਹੋਣੇ..!

ਅੱਖੀਆਂ ਮੀਟ ਗੁਣਾਂ ਪਾਉਂਦੇ..ਫੇਰ ਇੱਕ ਨੂੰ ਆਖਦੇ ਦੋਵੇਂ ਹੱਥ ਕਰ..ਵਾਹਿਗੁਰੂ ਨੇ ਤੇਰੇ ਜੋਗਾ ਪ੍ਰਸ਼ਾਦ ਘੱਲਿਆ..ਇੱਕ ਪੁੱਛਦਾ..ਟੁੱਕੀ ਅੰਬੀ ਭਲਾ ਪ੍ਰਸ਼ਾਦ ਕਿੱਦਾਂ ਹੋਇਆ..ਅੱਗਿਓਂ ਆਖਦੇ ਉਸ ਨੇ ਪੰਖੇਰੂ ਬਣ ਆਪ ਜੂ ਘੱਲਿਆ..!

ਜਿਸ ਨੂੰ ਨਾ ਮਿਲਿਆ ਹੁੰਦਾ..ਸ਼ਿਕਾਇਤੀ ਲਹਿਜੇ ਵਿਚ ਤੁਰਨ ਲੱਗਦਾ ਤਾਂ ਕੋਲ ਸੱਦ ਪਹਿਲੋਂ ਪਲੋਸਦੇ ਤੇ ਫੇਰ ਆਖਦੇ ਅਗਲੀ ਵਾਰੀ ਤੇਰੀ..!

ਰੋਟੀ ਵੀ ਉਥੇ ਹੀ ਖਾਂਦੇ..ਇੱਕ ਵੇਰ ਥਾਲੀ ਵਿਚ ਉੱਤੋਂ ਵਿੱਠ ਆਣ ਡਿੱਗੀ..ਤਾਈ ਜੀ ਕਹਿੰਦੀ ਹੋਰ ਲਿਆ ਦਿਨੀ..ਅੱਗਿਓਂ ਕਹਿੰਦੇ ਨਹੀਂ..ਫੇਰ ਓਨੀ ਓਨੀ ਸਾਫ ਕਰ ਅੱਖੀਆਂ ਮੀਚ ਲੈਂਦੇ ਤੇ ਫੇਰ ਮੂੰਹ ਵਿਚ ਕੁਝ ਉਚਾਰਦੇ ਤੇ ਅਖੀਰ ਵਾਹਿਗੁਰੂ ਆਖ ਛੱਕ ਲਿਆ ਕਰਦੇ..!

ਸਾਨੂੰ ਓਹਨਾ ਦੀ ਇੰਝ ਦੀਂ ਜੀਵਨ ਜਾਚ ਬੜੀ ਅਜੀਬ ਲੱਗਦੀ..ਪੂਰੀ ਤਰਾਂ ਸਮਝੋਂ ਪਰੇ..!

ਕੋਈ ਬੱਚਾ ਲੜ ਕੇ ਝੁੰਡ ਤੋਂ ਵੱਖ ਹੋ ਜਾਂਦਾ ਤਾਂ ਵਾਜ ਮਾਰ ਲੈਂਦੇ..ਪੁਚਕਾਰ ਕੇ ਪੁੱਛਦੇ..ਕੀ ਗੱਲ ਹੋਈ..ਉਹ ਹੰਝੂ ਪੂੰਝਦਾ ਸਾਰਾ ਕਸੂਰ ਅਗਲੇ ਦਾ ਕੱਢ ਦਿੰਦਾ ਤੇ ਫੇਰ ਸੁਰਖਰੂ ਮਹਿਸੂਸ ਕਰਦਾ..!

ਉਸਨੂੰ ਆਖਦੇ ਮੂੰਹ ਧੋ ਕੇ ਆ..ਫੇਰ ਕੋਲ ਰੱਖੀ ਬਦਾਮਾਂ ਗਿਰੀਆਂ ਵਾਲੀ ਪੇਸੀ ਵਿਚੋਂ ਗੁੜ ਦੇ ਡਲੀ ਭੰਨ ਕੇ ਦਿੰਦੇ..ਖਾਂਦਿਆ ਹੀ ਨੀਂਦ ਆ ਜਾਂਦੀ..ਉਸਨੂੰ ਆਪਣੇ ਕੋਲ ਪਾ ਲੈਂਦੇ..ਫੇਰ ਘੰਟੇ ਦੋ ਘੰਟੇ ਬਾਅਦ ਨੀਂਦ ਤੋਂ ਜਾਗਦਾ ਤਾਂ ਆਸਾ ਪਾਸਾ ਵੇਖ ਫੇਰ ਤੋਂ ਝੁੰਡ ਦੇ ਨਾਲ ਰਲ ਜਾਂਦਾ..!

ਕਈ ਵੇਰ ਕਿੰਨੇ ਸਾਰੇ ਓਪਰੇ ਦਿਸਦੇ ਭਾਊ ਵੀ ਕੋਲ ਬੈਠੇ ਹੁੰਦੇ..ਉੱਚੇ ਲੰਮੇ ਕੁੜਤੇ ਪਜਾਮਿਆਂ ਦੁਮਾਲਿਆਂ ਵਾਲੇ..ਉਸ ਦਿਨ ਟੁੱਕੀ ਅੰਬੀ ਡਿੱਗਣ ਤੇ ਵੀ ਸਾਨੂੰ ਵਾਜ ਨਾ ਪੈਂਦੀ..ਉਹ ਸਾਰੇ ਦੇ ਸਾਰੇ ਦੁਪਹਿਰਾਂ ਉਥੇ ਕੱਢ ਘੁਸਮੁਸੇ ਰਵਾਨਗੀ ਪਾ ਜਾਂਦੇ..ਓਦੂੰ ਫੇਰ ਇੱਕਠੀਆਂ ਹੋਈਆਂ ਕਿੰਨੀਆਂ ਸਾਰੀਆਂ ਟੁੱਕੀ ਅੰਬੀਆ ਸਾਰਿਆ ਵਿਚ ਵੰਡ ਦਿੰਦੇ..ਸਾਨੂੰ ਪਤਾ ਹੁੰਦਾ ਅੱਜ ਸਾਨੂੰ ਬਦਾਮ ਮਿਸ਼ਰੀ ਵੀ ਮਿਲੂਗੀ..ਗਾਤਰਿਆ ਚੋਲਿਆਂ ਵਾਲੇ ਜੂ ਛੱਡ ਕੇ ਚਲੇ ਜਾਂਦੇ ਸਨ..ਸਾਡੇ ਜੋਗੇ..!

ਫੇਰ ਕੁਝ ਮਹੀਨਿਆਂ ਮਗਰੋਂ ਇੱਕ ਦਿਨ ਓਹਨਾ ਬਾਬਤ ਪੁੱਛ ਲਿਆ..ਬਾਪੂ ਹੁਰਾਂ ਲੰਮਾ ਸਾਰਾ ਸਾਹ ਲਿਆ..ਫੇਰ ਆਹਂਦੇ ਸਾਰੇ ਲੇਖੇ ਲੱਗ ਗਏ ਨੇ!

ਮੈਂ ਪੁੱਛਿਆ ਲੇਖੇ ਲੱਗ ਜਾਣਾ ਕੀ ਹੁੰਦਾ..?

ਕਹਿੰਦੇ "ਅਕਾਲ ਪੁਰਖ ਵੱਲੋਂ ਦਰਸਾਏ ਸੱਚ ਦੇ ਮਾਰਗ ਤੇ ਤੁਰਦੇ ਹੋਏ ਸੌ ਸਾਲਾਂ ਵਾਲਾ ਪੰਧ ਵੀਹਾਂ ਬਾਈਆਂ ਸਾਲਾਂ ਵਿਚ ਹੀ ਮੁਕਾ ਕੇ ਵਾਪਿਸ ਪਰਤ ਜਾਣਾ ਹੀ ਲੇਖੇ ਲੱਗ ਜਾਣਾ ਹੁੰਦਾ"

ਮੇਰੇ ਮਨ ਅੰਦਰ ਇੱਕ ਹੋਰ ਸਵਾਲ ਉਭਰਿਆ..ਭਲਾ ਲੇਖੇ ਲੱਗ ਜਾਣ ਮਗਰੋਂ ਵੀ ਕੋਈ ਵਾਪਿਸ ਪਰਤ ਕੇ ਆਉਂਦਾ..?

ਪਰ ਮੈਨੂੰ ਪੁੱਛਣਾ ਨਾ ਆਇਆ ਤੇ ਜਾਂ ਫੇਰ ਪੁੱਛਣ ਦਾ ਹੀਆ ਹੀ ਨਾ ਪਿਆ!

ਇੱਕ ਦਿਨ ਹੋਸਟਲ ਵਿਚ ਸਾਂ..ਜਦੋਂ ਪਤਾ ਲੱਗਾ..ਸੰਸਕਾਰ ਮਗਰੋਂ ਸਿੱਧਾ ਓਹਨਾ ਰੁੱਖਾਂ ਦੇ ਝੁੰਡ ਕੋਲ ਜਾ ਅੱਪੜਿਆ..ਪੱਤਝੜ ਦੀ ਰੁੱਤ..ਤਾਂ ਵੀ ਮਨ ਵਿਚ ਇੱਕ ਝਾਕ ਜਿਹੀ ਸੀ..ਕੋਈ ਰਹਿ ਗਈ ਟੁੱਕੀ ਅੰਬੀ ਦੀ..ਪਰ ਉਥੇ ਤਾਂ ਅੱਜ ਸਿਰਫ ਪੱਤੇ ਹੀ ਪੱਤੇ ਸਨ..ਚਾਰੇ ਪਾਸੇ..ਝੜ ਚੁਕੇ ਕਿੰਨੇ ਸਾਰੇ ਪੀਲੇ ਹੋ ਗਏ ਪੱਤੇ..ਪਰਾਂ ਹਟਾਉਣ ਲੱਗਾ ਤਾਂ ਅਵਾਜ ਆਈ..ਪੁੱਤਰ ਰਹਿਣ ਦੇ..ਰਲ ਜਾਣ ਦੇ ਇਹਨਾ ਨੂੰ ਮਿੱਟੀ ਵਿਚ..ਮਿੱਟੀ ਦੇ ਲੇਖੇ ਲੱਗਣਗੇ ਤਾਂ ਅਗਲੀ ਵੇਰ ਫੇਰ ਟੁੱਕੀ ਅੰਬੀ ਬਣ ਤੇਰੀ ਝੋਲੀ ਹੀ ਡਿੱਗਣਗੇ..ਓਦੋਂ ਤੀਕਰ ਬੱਸ ਸਬਰ ਰਖੀਂ..!

ਪਰ ਅੱਜ ਇੱਕ ਸਵਾਲ ਪੁੱਛ ਹੀ ਲਿਆ..ਓਹੀ ਜਿਹੜਾ ਨਿੱਕੇ ਹੁੰਦੇ ਪੁੱਛਣਾ ਨਹੀਂ ਸੀ ਆਇਆ..ਭਲਾ ਲੇਖੇ ਲੱਗ ਗਏ ਵੀ ਕਦੇ ਵਾਪਿਸ ਪਰਤ ਕੇ ਆਉਂਦੇ ਨੇ?

ਅੱਗਿਓਂ ਕੋਈ ਜੁਆਬ ਤੇ ਨਹੀਂ ਸੀ ਆਇਆ ਪਰ ਦੂਰੋਂ ਇੱਕ ਵਿਸਮਾਦੀ ਅਵਾਜ ਜਰੂਰ ਸੁਣਾਈ ਦਿੱਤੀ..ਜੈਕਾਰੇ ਦੀ ਅਵਾਜ..ਦੂਰ ਚੜ ਆਏ ਕਾਲੇ ਬੱਦਲਾਂ ਦੀ ਹਿੱਕ ਅੰਦਰੋਂ..ਬੋਲੇ ਸੋ ਨਿਹਾਲ..ਸੱਤ ਸ੍ਰੀ ਅਕਾਲ!



ਹਰਪ੍ਰੀਤ ਸਿੰਘ ਜਵੰਦਾ

# ਚਮੜੀ 'ਤੇ ਦਿਸਣ ਵਾਲੇ ਇਹ 7 ਬਦਲਾਅ ਹੋ ਸਕਦੇ ਹਨ ਦਿਲ ਦੀ ਬਿਮਾਰੀ ਦਾ ਸੰਕੇਤ

ਅਕਸਰ ਅਸੀਂ ਚਮੜੀ 'ਤੇ ਹੋਣ ਵਾਲੇ ਬਦਲਾਅ ਨੂੰ ਸਿਰਫ਼ ਬਾਹਰੀ ਸਮੱਸਿਆ ਮੰਨ ਕੇ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਪਰ ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀ ਚਮੜੀ ਤੁਹਾਡੀ ਸਿਹਤ, ਖ਼ਾਸ ਕਰਕੇ ਤੁਹਾਡੇ ਦਿਲ ਦਾ ਸ਼ੀਸ਼ਾ ਹੋ ਸਕਦੀ ਹੈ?

ਡਾ. ਗੌਰਵ ਗਰਗ (ਕੰਸਲਟੈਂਟ ਡਰਮੇਟੋਲੋਜਿਸਟ, ਫਾਊਂਡਰ ਅਤੇ ਡਾਇਰੈਕਟਰ ਆਫ ਡਾਰਮਾਲਾਈਫ ਸਕਿਨ ਐਂਡ ਹੇਅਰ ਕਲੀਨਿਕ, ਨਵੀਂ ਦਿੱਲੀ) ਦੱਸਦੇ ਹਨ ਕਿ ਡਰਮੇਟੋਲੋਜਿਸਟ ਅਕਸਰ ਚਮੜੀ 'ਤੇ ਦਿਖਣ ਵਾਲੇ ਰੈਸ਼ੇਜ਼, ਰੰਗਤ 'ਚ ਬਦਲਾਅ ਜਾਂ ਬਣਤਰ ਨੂੰ ਦੇਖ ਕੇ ਸਰੀਰ ਦੇ ਅੰਦਰ ਪਨਪ ਰਹੀਆਂ ਦਿਲ ਨਾਲ ਜੁੜੀਆਂ ਸਮੱਸਿਆਵਾਂ ਦਾ ਅੰਦਾਜ਼ਾ ਲਗਾ ਲੈਂਦੇ ਹਨ। ਇੱਥੇ ਕੁਝ ਅਜਿਹੇ ਸੰਕੇਤ ਦਿੱਤੇ ਗਏ ਹਨ ਜਿਨ੍ਹਾਂ ਨੂੰ ਪਛਾਣ ਕੇ ਤੁਸੀਂ ਸਮਾਂ ਰਹਿੰਦੇ ਸੁਚੇਤ ਹੋ ਸਕਦੇ ਹੋ।

**ਅੱਖਾਂ ਦੇ ਕੋਲ ਪੀਲੇ ਨਿਸ਼ਾਨ**


ਜੇਕਰ ਤੁਹਾਡੀਆਂ ਪਲਕਾਂ ਦੇ ਕਿਨਾਰਿਆਂ 'ਤੇ ਜਾਂ ਅੱਖਾਂ ਦੇ ਆਲੇ–ਦੁਆਲੇ ਛੋਟੇ ਪੀਲੇ ਧੱਬੇ ਜਾਂ ਉਭਾਰ ਦਿਖਾਈ ਦੇਣ ਲੱਗਣ ਤਾਂ ਇਹ ਸਰੀਰ 'ਚ ਕੋਲੈਸਟ੍ਰੋਲ ਦੇ ਵਧੇ ਹੋਏ ਪੱਧਰ ਦਾ ਸੰਕੇਤ ਹੋ ਸਕਦਾ ਹੈ। ਚਮੜੀ ਦੇ ਹੇਠਾਂ ਫੈਟ ਜਮ੍ਹਾਂ ਹੋਣ ਨਾਲ ਬਣਨ ਵਾਲੇ ਇਨ੍ਹਾਂ ਉਭਾਰਾਂ ਨੂੰ 'ਜੈਂਥੋਮਾ' ਕਿਹਾ ਜਾਂਦਾ ਹੈ।

**ਚਮੜੀ ਤੇ ਬੁੱਲ੍ਹਾਂ ਦਾ ਨੀਲਾ ਪੈਣਾ**

ਜੇਕਰ ਤੁਹਾਡੀ ਚਮੜੀ, ਬੁੱਲ੍ਹਾਂ ਜਾਂ ਉਂਗਲਾਂ ਦੇ ਪੋਟਿਆਂ 'ਤੇ ਨੀਲਾਪਨ ਦਿਖਣ ਲੱਗੇ ਤਾਂ ਇਸ ਨੂੰ ਹਲਕੇ 'ਚ ਨਾ ਲਓ। ਇਹ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਤੁਹਾਡੇ ਸਰੀਰ 'ਚ ਆਕਸੀਜਨ ਦਾ ਵਹਾਅ ਸਹੀ ਤਰੀਕੇ ਨਾਲ ਨਹੀਂ ਹੋ ਰਿਹਾ। ਘੱਟ ਆਕਸੀਜਨ ਸਿੱਧੇ ਤੌਰ 'ਤੇ ਦਿਲ ਦੀ ਕੰਮ ਕਰਨ ਦੀ ਸਮਰੱਥਾ ਨਾਲ ਜੁੜੀ ਹੋ ਸਕਦੀ ਹੈ।

**ਪੈਰਾਂ ਤੇ ਗਿੱਟਿਆਂ 'ਚ ਸੋਜ**

ਪੈਰਾਂ ਦੇ ਹੇਠਲੇ ਹਿੱਸੇ ਜਾਂ ਗਿੱਟਿਆਂ 'ਚ ਵਾਰ–ਵਾਰ ਸੋਜ ਆਉਣਾ ਸੁਸਤ ਬਲੱਡ ਸਰਕੂਲੇਸ਼ਨ ਜਾਂ ਸਰੀਰ 'ਚ ਤਰਲ ਪਦਾਰਥ ਦੇ ਜਮ੍ਹਾਂ ਹੋਣ ਵੱਲ ਇਸ਼ਾਰਾ



ਕਰਦਾ ਹੈ। ਦਿਲ ਨਾਲ ਜੁੜੀਆਂ ਸਮੱਸਿਆਵਾਂ 'ਚ ਅਕਸਰ ਸਰੀਰ ਦੇ ਹੇਠਲੇ ਹਿੱਸਿਆਂ ਵਿੱਚ ਇਸ ਤਰ੍ਹਾਂ ਦਾ ਜਮਾਅ ਦੇਖਿਆ ਜਾਂਦਾ ਹੈ।

**ਨਹੁੰਆਂ ਤੇ ਉਂਗਲਾਂ ਦੇ ਆਕਾਰ 'ਚ ਬਦਲਾਅ**

ਮੁੜੇ ਹੋਏ ਨਹੁੰ ਜੋ ਹੇਠਾਂ ਵੱਲ ਝੁਕ ਜਾਂਦੇ ਹਨ, ਉਹ ਲੰਬੇ ਸਮੇਂ ਤੋਂ ਸਰੀਰ 'ਚ ਆਕਸੀਜਨ ਦੀ ਕਮੀ ਨੂੰ ਦਰਸਾਉਂਦੇ ਹਨ। ਇਸ ਤੋਂ ਇਲਾਵਾ, ਜੇਕਰ ਉਂਗਲਾਂ ਦੇ ਪੋਟਿਆਂ 'ਚ ਹਲਕੀ ਸੋਜ ਆ ਜਾਵੇ ਅਤੇ ਨਹੁੰਆਂ ਦਾ ਆਕਾਰ ਬਦਲਣ ਲੱਗੇ ਤਾਂ ਇਹ ਸਰੀਰ 'ਚ ਛਿਪੀ ਕਿਸੇ ਗੰਭੀਰ ਸਮੱਸਿਆ ਦਾ ਸੰਕੇਤ ਹੋ ਸਕਦਾ ਹੈ।

**ਜ਼ਖ਼ਮ ਭਰਨ 'ਚ ਦੇਰੀ ਤੇ ਸਖ਼ਤ ਚਮੜੀ**

ਉਂਗਲਾਂ ਦੇ ਪੋਟਿਆਂ ਦੀ ਚਮੜੀ ਦਾ ਮੋਟਾ ਹੋਣਾ ਜਾਂ ਪੈਰਾਂ 'ਤੇ ਹੋਣ ਵਾਲੇ ਜ਼ਖ਼ਮਾਂ ਦਾ ਲੰਬੇ ਸਮੇਂ ਤੱਕ ਨਾ ਭਰਨਾ, ਬਲੱਡ ਸਰਕੂਲੇਸ਼ਨ ਘੱਟ ਹੋਣ ਦਾ ਲੱਛਣ ਹੋ ਸਕਦਾ ਹੈ। ਜਦੋਂ ਧਮਣੀਆਂ ਸਹੀ ਢੰਗ ਨਾਲ ਕੰਮ ਨਹੀਂ ਕਰਦੀਆਂ ਤਾਂ ਜ਼ਖ਼ਮ ਭਰਨ ਦੀ ਗਤੀ ਹੌਲੀ ਹੋ ਜਾਂਦੀ ਹੈ।

**ਪੈਰਾਂ ਦੇ ਵਾਲਾਂ ਦਾ ਅਚਾਨਕ ਝੜਨਾ**

ਜੇਕਰ ਤੁਹਾਡੇ ਪੈਰਾਂ ਦੇ ਵਾਲ ਅਚਾਨਕ ਝੜਨ ਲੱਗਣ ਤਾਂ ਇਹ ਠੀਕ ਤਰ੍ਹਾਂ ਬਲੱਡ ਸਰਕੂਲੇਟ ਨਾ ਹੋਣ ਦਾ ਸੰਕੇਤ ਹੋ ਸਕਦਾ ਹੈ। ਇਸ ਤੋਂ ਇਲਾਵਾ ਚਮੜੀ ਦੀਆਂ ਪਰਤਾਂ ਦਾ ਗੂੜ੍ਹਾ ਜਾਂ ਕਾਲਾ ਪੈਣਾ ਇੰਸੁਲਿਨ ਨਾਲ ਜੁੜੀ ਸਮੱਸਿਆ ਦਾ ਸੰਕੇਤ ਹੈ ਜਿਸ ਦਾ ਸਿੱਧਾ ਸਬੰਧ ਦਿਲ ਦੀ ਸਿਹਤ ਨਾਲ ਹੁੰਦਾ ਹੈ।

**ਚਿਹਰੇ ਦਾ ਲਗਾਤਾਰ ਲਾਲ ਰਹਿਣਾ**

ਚਿਹਰੇ 'ਤੇ ਲੰਬੇ ਸਮੇਂ ਤਕ ਬਣੀ ਰਹਿਣ ਵਾਲੀ ਲਾਲੀ ਜਾਂ ਗਰਮਾਹਟ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਜੇਕਰ ਇਸ ਦੇ ਨਾਲ ਹੋਰ ਲੱਛਣ ਵੀ ਦਿਖਾਈ ਦੇਣ ਤਾਂ ਇਸ ਨੂੰ ਅਣਦੇਖਾ ਕਰਨਾ ਜੋਖਮ ਭਰਿਆ ਹੋ ਸਕਦਾ ਹੈ। ਹਾਲਾਂਕਿ, ਚਮੜੀ 'ਤੇ ਦਿਖਣ ਵਾਲੇ ਇਹ ਲੱਛਣ ਇਸ ਗੱਲ ਦਾ ਪੱਕਾ ਸਬੂਤ ਨਹੀਂ ਹਨ ਕਿ ਤੁਹਾਨੂੰ ਦਿਲ ਦੀ ਬਿਮਾਰੀ ਹੈ ਹੀ, ਪਰ ਇਹ ਸ਼ੁਰੂਆਤੀ ਸੰਕੇਤ ਜ਼ਰੂਰ ਹੋ ਸਕਦੇ ਹਨ।












# ਰਾਸ਼ੀਫਲ

**ਮੇਖ :** ਨੌਕਰੀ ਅਤੇ ਕਾਰੋਬਾਰ: ਮਹੀਨੇ ਦੀ ਸ਼ੁਰੂਆਤ ਵਿੱਚ ਕੰਮ ਦਾ ਦਬਾਅ ਰਹੇਗਾ। 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਤੁਹਾਡੇ ਅਧਿਕਾਰਾਂ ਵਿੱਚ ਵਾਧਾ ਕਰੇਗਾ ਅਤੇ ਮਾਨ-ਸਨਮਾਨ ਦਿਵਾਏਗਾ।

ਆਰਥਿਕ ਸਥਿਤੀ: ਪਹਿਲੇ 15 ਦਿਨਾਂ ਵਿੱਚ ਅਚਾਨਕ ਖਰਚੇ ਹੋਣਗੇ। ਪਰ 19 ਅਪ੍ਰੈਲ ਤੋਂ ਬਾਅਦ ਸ਼ੁੱਕਰ ਦਾ ਬ੍ਰਿਖ ਰਾਸ਼ੀ ਵਿੱਚ ਆਉਣਾ ਤੁਹਾਡੀ ਆਮਦਨ ਅਤੇ ਬੱਚਤ ਵਿੱਚ ਵਾਧਾ ਕਰੇਗਾ।

ਸਿਹਤ: ਨੀਂਦ ਦੀ ਕਮੀ ਜਾਂ ਪੈਰਾਂ ਵਿੱਚ ਦਰਦ ਹੋ ਸਕਦਾ ਹੈ। ਮਹੀਨੇ ਦੇ ਅੱਧ ਤੋਂ ਬਾਅਦ ਸਰੀਰ ਵਿੱਚ ਗਰਮੀ (ਪਿੱਤ) ਵਧਣ ਕਾਰਨ ਸਿਰਦਰਦ ਜਾਂ ਗੁੱਸਾ ਆ ਸਕਦਾ ਹੈ।

ਉਪਾਅ: ਰੋਜ਼ਾਨਾ ਸੂਰਜ ਨਮਸਕਾਰ ਕਰੋ ਅਤੇ ਹਨੂਮਾਨ ਚਾਲੀਸਾ ਦਾ ਪਾਠ ਕਰੋ ਤਾਂ ਜੋ ਗ੍ਰਹਿਆਂ ਦੀ ਨਕਾਰਾਤਮਕ ਊਰਜਾ ਤੋਂ ਬਚਿਆ ਜਾ ਸਕੇ।

**ਬ੍ਰਿਖ :** ਕਾਰੋਬਾਰ ਅਤੇ ਕਮਾਈ: 11ਵੇਂ ਘਰ ਵਿੱਚ ਸ਼ਨੀ-ਮੰਗਲ ਦੀ ਮਜ਼ਬੂਤ ਸਥਿਤੀ ਕਾਰਨ ਆਰਥਿਕ ਤਰੱਕੀ ਅਤੇ ਮਾਣ-ਸਨਮਾਨ ਵਿੱਚ ਵੱਡਾ ਵਾਧਾ ਹੋਵੇਗਾ।

ਯਾਤਰਾ ਅਤੇ ਖਰਚੇ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਵਿਦੇਸ਼ ਜਾਣ ਦੇ ਮੌਕੇ ਪ੍ਰਦਾਨ ਕਰੇਗਾ, ਪਰ ਘਰ ਜਾਂ ਗੱਡੀ 'ਤੇ ਵੱਡੇ ਖਰਚੇ ਵੀ ਹੋ ਸਕਦੇ ਹਨ।

ਸਿਹਤ ਅਤੇ ਖਿੱਚ: 19 ਅਪ੍ਰੈਲ ਤੋਂ ਸ਼ੁੱਕਰ ਦਾ ਤੁਹਾਡੀ ਰਾਸ਼ੀ ਵਿੱਚ ਆਉਣਾ 'ਮਾਲਵਯ ਯੋਗ' ਬਣਾਏਗਾ, ਜੋ ਪੁਰਾਣੀਆਂ ਬਿਮਾਰੀਆਂ ਨੂੰ ਦੂਰ ਕਰੇਗਾ ਅਤੇ ਤੁਹਾਡੀ ਸ਼ਖਸੀਅਤ ਨੂੰ ਚਮਕਾਏਗਾ।

ਉਪਾਅ: ਸ਼ੁੱਕਰਵਾਰ ਨੂੰ ਮਾਤਾ ਲਕਸ਼ਮੀ ਦੀ ਪੂਜਾ ਕਰੋ ਅਤੇ ਗਊ-ਸੇਵਾ ਕਰੋ। ਇਸ ਨਾਲ ਕਾਰੋਬਾਰ ਦੀਆਂ ਰੁਕਾਵਟਾਂ ਦੂਰ ਹੋਣਗੀਆਂ।

**ਮਿਥੁਨ :** ਨੌਕਰੀ ਅਤੇ ਕੰਮ: 10ਵੇਂ ਘਰ ਵਿੱਚ ਸ਼ਨੀ-ਮੰਗਲ ਦੀ ਯੁਤੀ ਕਾਰਨ ਕੰਮ ਦਾ ਬੋਝ ਅਤੇ ਮਾਨਸਿਕ ਦਬਾਅ ਰਹੇਗਾ। ਹਾਲਾਂਕਿ, ਤੁਹਾਡੀ ਹਿੰਮਤ ਨਾਲ ਤੁਸੀਂ ਸਭ ਕੁਝ ਸੰਭਾਲ ਲਵੋਗੇ।

ਸਫਲਤਾ ਅਤੇ ਲਾਭ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਤੁਹਾਡੀ ਕਿਸਮਤ ਚਮਕਾਏਗਾ। ਅਚਾਨਕ ਧਨ ਲਾਭ ਅਤੇ ਨੌਕਰੀ ਵਿੱਚ ਮਾਨ-ਸਨਮਾਨ ਮਿਲਣ ਦੇ ਯੋਗ ਹਨ।

ਆਰਥਿਕ ਸਥਿਤੀ: ਕਮਾਈ ਚੰਗੀ ਹੋਵੇਗੀ, ਪਰ 19 ਅਪ੍ਰੈਲ ਤੋਂ ਬਾਅਦ ਸ਼ੁੱਕਰ ਦੇ ਪ੍ਰਭਾਵ ਨਾਲ ਐਸ਼ੋ-ਆਰਾਮ ਅਤੇ ਯਾਤਰਾਵਾਂ 'ਤੇ ਵੱਡੇ ਖਰਚੇ ਹੋ ਸਕਦੇ ਹਨ।

ਉਪਾਅ: ਬੁੱਧਵਾਰ ਨੂੰ ਸ਼੍ਰੀ ਵਿਸ਼ਨੂੰ ਸਹਸ੍ਰਨਾਮ ਦਾ ਪਾਠ ਕਰੋ ਅਤੇ ਸ਼ਿਵ ਜੀ ਦਾ ਅਭਿਸ਼ੇਕ ਕਰੋ। ਇਸ ਨਾਲ ਕੰਮ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਹੋਣਗੀਆਂ।



**ਕਰਕ :** ਨੌਕਰੀ ਅਤੇ ਰੁਤਬਾ: 14 ਅਪ੍ਰੈਲ ਤੋਂ ਬਾਅਦ ਜਦੋਂ ਸੂਰਜ ਉੱਚਾ ਹੋਵੇਗਾ, ਤਾਂ ਤੁਹਾਡੇ ਅਹੁਦੇ ਅਤੇ ਮਾਣ-ਸਨਮਾਨ ਵਿੱਚ ਭਾਰੀ ਵਾਧਾ ਹੋਵੇਗਾ। ਲੰਬੇ ਸਮੇਂ ਤੋਂ ਰੁਕੀ ਤਰੱਕੀ ਮਿਲ ਸਕਦੀ ਹੈ।

ਧਨ ਅਤੇ ਖੁਸ਼ਹਾਲੀ: 19 ਅਪ੍ਰੈਲ ਤੋਂ ਸ਼ੁੱਕਰ ਦੀ ਮਜ਼ਬੂਤ ਸਥਿਤੀ ਕਾਰਨ ਆਰਥਿਕ ਪੱਖੋਂ ਬਹੁਤ ਲਾਭ ਹੋਵੇਗਾ। ਪੁਰਾਣੇ ਕਰਜ਼ੇ ਮੁੱਕਣਗੇ ਅਤੇ ਆਮਦਨ ਦੇ ਨਵੇਂ ਰਾਹ ਖੁੱਲ੍ਹਣਗੇ।

ਕਿਸਮਤ ਅਤੇ ਰੁਕਾਵਟਾਂ: 9ਵੇਂ ਘਰ ਵਿੱਚ ਸ਼ਨੀ-ਮੰਗਲ ਦੇ ਪ੍ਰਭਾਵ ਕਾਰਨ ਧਾਰਮਿਕ ਜਾਂ ਲੰਬੀਆਂ ਯਾਤਰਾਵਾਂ ਵਿੱਚ ਕੁਝ ਦੇਰੀ ਹੋ ਸਕਦੀ ਹੈ, ਪਰ ਤੁਹਾਡੀ ਮਿਹਨਤ ਅੰਤ ਵਿੱਚ ਰੰਗ ਲਿਆਵੇਗੀ।

ਉਪਾਅ: ਸੋਮਵਾਰ ਨੂੰ ਸ਼ਿਵ ਜੀ ਦਾ ਜਲ-ਅਭਿਸ਼ੇਕ ਕਰੋ ਅਤੇ ਵੀਰਵਾਰ ਨੂੰ ਪੀਲੇ ਰੰਗ ਦੇ ਕੱਪੜੇ ਪਹਿਨੋ। ਇਸ ਨਾਲ ਗ੍ਰਹਿਆਂ ਦੀ ਨਕਾਰਾਤਮਕ ਊਰਜਾ ਦੂਰ ਹੋਵੇਗੀ।

**ਸਿੰਘ :** ਕਿਸਮਤ ਦਾ ਸਾਥ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਜਦੋਂ ਤੁਹਾਡੀ ਰਾਸ਼ੀ ਦਾ ਸੁਆਮੀ ਸੂਰਜ ਭਾਗ ਸਥਾਨ ਵਿੱਚ ਉੱਚਾ ਹੋਵੇਗਾ, ਤਾਂ ਪੁਰਾਣੀਆਂ ਰੁਕਾਵਟਾਂ ਦੂਰ ਹੋਣਗੀਆਂ ਅਤੇ ਰੱਬੀ ਮਿਹਰ ਮਿਲੇਗੀ।

ਨੌਕਰੀ ਅਤੇ ਸਫਲਤਾ: ਮਹੀਨੇ ਦੇ ਸ਼ੁਰੂ ਵਿੱਚ ਕੰਮ ਦਾ ਦਬਾਅ ਰਹੇਗਾ, ਪਰ 19 ਅਪ੍ਰੈਲ ਤੋਂ ਸ਼ੁੱਕਰ ਦੀ ਮਜ਼ਬੂਤੀ ਨਾਲ ਕਰੀਅਰ ਵਿੱਚ ਵੱਡੀ ਤਰੱਕੀ ਅਤੇ ਅਧਿਕਾਰੀਆਂ ਤੋਂ ਸ਼ਾਬਾਸ਼ ਮਿਲੇਗੀ।

ਸਿਹਤ ਸਾਵਧਾਨੀ: ਅੱਠਵੇਂ ਘਰ ਵਿੱਚ ਸ਼ਨੀ-ਮੰਗਲ ਦੀ ਯੁਤੀ ਕਾਰਨ ਮਹੀਨੇ ਦੇ ਪਹਿਲੇ ਅੱਧ ਵਿੱਚ ਸੱਟ-ਚੋਟ ਜਾਂ ਅਚਾਨਕ ਬਿਮਾਰੀ ਤੋਂ ਸਾਵਧਾਨ ਰਹਿਣਾ ਬਹੁਤ ਜ਼ਰੂਰੀ ਹੈ।

ਉਪਾਅ: ਰੋਜ਼ਾਨਾ ਆਦਿਤਿਆ ਹਿਰਦੈ ਸਤੋਤਰ ਦਾ ਪਾਠ ਕਰੋ ਅਤੇ ਮੰਗਲਵਾਰ ਨੂੰ ਭਗਵਾਨ ਕਾਰਤੀਕੇ (ਸੁਬਰਾਮਣਯ) ਦੀ ਪੂਜਾ ਕਰੋ। ਇਸ ਨਾਲ ਸੂਰਜ ਦੀ ਸ਼ਕਤੀ ਵਧੇਗੀ ਅਤੇ ਮੰਗਲ ਦੇ ਬੁਰੇ ਪ੍ਰਭਾਵ ਸ਼ਾਂਤ ਹੋਣਗੇ।

**ਕੰਨਿਆ :** ਵਪਾਰ ਅਤੇ ਸਾਂਝੇਦਾਰੀ: 7ਵੇਂ ਘਰ ਵਿੱਚ ਸ਼ਨੀ-ਮੰਗਲ-ਬੁੱਧ ਦੀ ਯੁਤੀ ਕਾਰਨ ਵਪਾਰਕ ਸਾਂਝੇਦਾਰਾਂ ਨਾਲ ਵੱਡੇ ਮਤਭੇਦ ਹੋ ਸਕਦੇ ਹਨ। ਕਿਸੇ ਵੀ ਕਾਗਜ਼ 'ਤੇ ਬਿਨਾਂ ਪੜ੍ਹੇ ਦਸਤਖਤ ਨਾ ਕਰੋ।

ਧਨ ਅਤੇ ਕਿਸਮਤ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਅਚਾਨਕ ਧਨ ਲਾਭ ਦੇ ਯੋਗ ਬਣਨਗੇ। 19 ਅਪ੍ਰੈਲ ਤੋਂ ਸ਼ੁੱਕਰ ਦੀ ਸਥਿਤੀ ਤੁਹਾਡੀ ਕਿਸਮਤ ਨੂੰ ਚਮਕਾਏਗੀ ਅਤੇ ਆਰਥਿਕ ਤੰਗੀ ਦੂਰ ਕਰੇਗੀ।

ਸਿਹਤ: ਮਾਨਸਿਕ ਤਣਾਅ ਅਤੇ ਸਰੀਰ ਵਿੱਚ ਗਰਮੀ (ਪਿੱਤ) ਵਧਣ ਦੀ ਸ਼ਿਕਾਇਤ ਹੋ ਸਕਦੀ ਹੈ। ਵਾਹਨ ਚਲਾਉਂਦੇ ਸਮੇਂ ਬਹੁਤ ਸਾਵਧਾਨ ਰਹੋ।

ਉਪਾਅ: ਬੁੱਧਵਾਰ ਨੂੰ ਸ਼੍ਰੀ ਵਿਸ਼ਨੂੰ ਸਹਸ੍ਰਨਾਮ ਦਾ ਪਾਠ ਕਰੋ ਅਤੇ ਪੰਛੀਆਂ ਜਾਂ ਗਾਵਾਂ ਨੂੰ ਹਰੀ ਮੂੰਗੀ ਦੀ ਦਾਲ ਖੁਆਓ। ਇਸ ਨਾਲ ਕਾਰੋਬਾਰੀ ਰੁਕਾਵਟਾਂ ਦੂਰ ਹੋਣਗੀਆਂ।

**ਤੁਲਾ :** ਜਿੱਤ ਅਤੇ ਮੁਕਾਬਲਾ: 6ਵੇਂ ਘਰ ਵਿੱਚ ਸ਼ਨੀ-ਮੰਗਲ ਦੀ ਮਜ਼ਬੂਤ ਸਥਿਤੀ ਕਾਰਨ ਤੁਸੀਂ ਦੁਸ਼ਮਣਾਂ 'ਤੇ ਫਤਿਹ ਪਾਓਗੇ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਜਾਂ ਅਦਾਲਤੀ ਮਾਮਲਿਆਂ ਵਿੱਚ ਸਫਲ ਰਹੋਗੇ।

ਕਾਰੋਬਾਰ ਵਿੱਚ ਵਾਧਾ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਤੁਹਾਡੇ ਵਪਾਰ ਵਿੱਚ ਵੱਡੀ ਸਫਲਤਾ ਅਤੇ ਪ੍ਰਭਾਵਸ਼ਾਲੀ ਲੋਕਾਂ ਦਾ ਸਾਥ ਲੈ ਕੇ ਆਵੇਗਾ।

ਧਨ ਅਤੇ ਸੁੱਖ-ਸਹੂਲਤਾਂ: ਆਰਥਿਕ ਸਥਿਤੀ ਮਜ਼ਬੂਤ ਰਹੇਗੀ, ਪਰ 19 ਅਪ੍ਰੈਲ ਤੋਂ ਬਾਅਦ ਰਾਸ਼ੀ ਸੁਆਮੀ ਸ਼ੁੱਕਰ ਦੇ ਪ੍ਰਭਾਵ ਨਾਲ ਐਸ਼ੋ-ਆਰਾਮ, ਗੱਡੀਆਂ ਜਾਂ ਘਰ ਦੀ ਮੁਰੰਮਤ 'ਤੇ ਵੱਡੇ ਖਰਚੇ ਹੋ ਸਕਦੇ ਹਨ।

ਉਪਾਅ: ਗੁੱਸੇ 'ਤੇ ਕਾਬੂ ਰੱਖਣ ਲਈ ਹਰ ਮੰਗਲਵਾਰ ਹਨੂਮਾਨ ਚਾਲੀਸਾ ਦਾ ਪਾਠ ਕਰੋ ਅਤੇ ਮਾਨ-ਸਨਮਾਨ ਲਈ ਰੋਜ਼ਾਨਾ ਸੂਰਜ ਦੇਵਤਾ ਨੂੰ ਜਲ ਚੜ੍ਹਾਓ।

**ਬ੍ਰਿਸ਼ਚਕ :** ਨੌਕਰੀ ਵਿੱਚ ਜਿੱਤ: 14 ਅਪ੍ਰੈਲ ਤੋਂ ਬਾਅਦ ਜਦੋਂ ਸੂਰਜ ਉੱਚਾ ਹੋਵੇਗਾ, ਤਾਂ ਤੁਹਾਡੇ ਅਹੁਦੇ ਅਤੇ ਮਾਣ-ਸਨਮਾਨ ਵਿੱਚ ਭਾਰੀ ਵਾਧਾ ਹੋਵੇਗਾ। ਦੁਸ਼ਮਣ ਤੁਹਾਡੇ ਸਾਹਮਣੇ ਟਿਕ ਨਹੀਂ ਸਕਣਗੇ।

ਧਨ ਅਤੇ ਵਪਾਰ: 19 ਅਪ੍ਰੈਲ ਤੋਂ ਸ਼ੁੱਕਰ ਦਾ 'ਮਾਲਵਯ ਯੋਗ' ਕਾਰੋਬਾਰ ਵਿੱਚ ਬਰਕਤ ਲਿਆਵੇਗਾ। ਨਵੀਂਆਂ ਸਾਂਝੇਦਾਰੀਆਂ ਬਹੁਤ ਲਾਭਦਾਇਕ ਰਹਿਣਗੀਆਂ।

ਪਰਿਵਾਰਕ ਚਿੰਤਾ: 5ਵੇਂ ਘਰ ਵਿੱਚ ਸ਼ਨੀ-ਮੰਗਲ ਕਾਰਨ ਬੱਚਿਆਂ ਦੀ ਪੜ੍ਹਾਈ ਜਾਂ ਸਿਹਤ ਨੂੰ ਲੈ ਕੇ ਮਨ ਪਰੇਸ਼ਾਨ ਰਹਿ ਸਕਦਾ ਹੈ। ਧੀਰਜ ਨਾਲ ਕੰਮ ਲਓ।

ਉਪਾਅ: ਵੀਰਵਾਰ ਨੂੰ ਭਗਵਾਨ ਦੱਤਾਤਰੇਯ ਦੀ ਪੂਜਾ ਕਰੋ ਅਤੇ ਸ਼ਨੀਵਾਰ ਨੂੰ ਬਜ਼ੁਰਗਾਂ ਨੂੰ ਭੋਜਨ ਕਰਵਾਓ। ਇਸ ਨਾਲ 5ਵੇਂ ਘਰ ਦੇ ਦੋਸ਼ ਘੱਟ ਹੋਣਗੇ।

**ਧਨੁ :** ਪਰਿਵਾਰਕ ਜੀਵਨ: 4ਥੇ ਘਰ ਵਿੱਚ ਸ਼ਨੀ-ਮੰਗਲ-ਬੁੱਧ ਦੀ ਯੁਤੀ ਕਾਰਨ ਘਰ ਵਿੱਚ ਬੇਚੈਨੀ ਅਤੇ ਜਾਇਦਾਦ ਨਾਲ ਜੁੜਿਆ ਤਣਾਅ ਰਹਿ ਸਕਦਾ ਹੈ। ਧੀਰਜ ਬਣਾਈ ਰੱਖੋ।

ਬੱਚੇ ਅਤੇ ਕਲਾ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਤੁਹਾਡੇ ਬੱਚਿਆਂ ਲਈ ਵੱਡੀ ਸਫਲਤਾ ਲਿਆਵੇਗਾ। ਕਲਾਕਾਰਾਂ ਅਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਮਾਣ-ਸਨਮਾਨ ਮਿਲੇਗਾ।

ਧਨ ਅਤੇ ਸਿਹਤ: ਮਹੀਨੇ ਦੇ ਵਿਚਕਾਰ ਆਮਦਨ ਦੇ ਚੰਗੇ ਸਾਧਨ ਬਣਨਗੇ, ਪਰ 19 ਅਪ੍ਰੈਲ ਤੋਂ ਬਾਅਦ ਸ਼ੁੱਕਰ ਦੇ ਪ੍ਰਭਾਵ ਨਾਲ ਸਿਹਤ ਜਾਂ ਰਿਸ਼ਤੇਦਾਰਾਂ 'ਤੇ ਖਰਚਾ ਹੋ ਸਕਦਾ ਹੈ।

ਉਪਾਅ: ਘਰ ਵਿੱਚ ਸ਼ਾਂਤੀ ਲਈ ਹਰ ਮੰਗਲਵਾਰ ਅਤੇ ਸ਼ਨੀਵਾਰ ਹਨੂਮਾਨ ਚਾਲੀਸਾ ਦਾ ਪਾਠ ਕਰੋ ਅਤੇ ਭਗਵਾਨ ਸ਼ਿਵ ਦੀ ਪੂਜਾ ਕਰੋ।

**ਮਕਰ :** ਹਿੰਮਤ ਅਤੇ ਕਰੀਅਰ: 3ਜੇ ਘਰ ਵਿੱਚ ਸ਼ਨੀ ਅਤੇ ਮੰਗਲ ਦੀ ਯੁਤੀ ਤੁਹਾਨੂੰ ਗਜ਼ਬ ਦੀ ਹਿੰਮਤ ਦੇਵੇਗੀ। ਤੁਸੀਂ ਆਫਿਸ ਵਿੱਚ ਚੁਣੌਤੀਆਂ ਨੂੰ ਪਾਰ ਕਰਦੇ ਹੋਏ ਆਪਣੇ ਵਿਰੋਧੀਆਂ ਤੋਂ ਅੱਗੇ ਨਿਕਲ ਜਾਵੋਗੇ।

ਜਾਇਦਾਦ ਅਤੇ ਰੁਤਬਾ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਜ਼ਮੀਨ-ਜਾਇਦਾਦ, ਨਵੀਂ ਗੱਡੀ ਅਤੇ ਸਮਾਜ ਵਿੱਚ ਮਾਣ-ਸਨਮਾਨ ਵਧਾਉਣ ਦੇ ਕਈ ਮੌਕੇ ਲਿਆਵੇਗਾ।

ਆਰਥਿਕ ਲਾਭ: ਤੁਹਾਡਾ ਸ਼ੁਭ ਗ੍ਰਹਿ ਸ਼ੁੱਕਰ 19 ਅਪ੍ਰੈਲ ਤੋਂ 5ਵੇਂ ਘਰ ਵਿੱਚ ਮਜ਼ਬੂਤ ਹੋਵੇਗਾ, ਜੋ ਧਨ ਲਾਭ, ਰਚਨਾਤਮਕ ਸਫਲਤਾ ਅਤੇ ਨਿਵੇਸ਼ ਤੋਂ ਚੰਗਾ ਮੁਨਾਫਾ ਦਿਵਾਏਗਾ।

ਉਪਾਅ: ਸ਼ੁੱਕਰਵਾਰ ਨੂੰ ਗਰੀਬ ਔਰਤਾਂ ਜਾਂ ਬੱਚਿਆਂ ਨੂੰ ਮਿਠਾਈ ਜਾਂ ਕੱਪੜੇ ਵੰਡੋ ਅਤੇ ਮਾਤਾ ਦੁਰਗਾ ਦੀ ਪੂਜਾ ਕਰੋ। ਇਸ ਨਾਲ ਆਰਥਿਕ ਬਰਕਤ ਵਧੇਗੀ।

**ਕੁੰਭ :** ਹਿੰਮਤ ਅਤੇ ਸਫਲਤਾ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਜਦੋਂ ਸੂਰਜ ਤੀਜੇ ਘਰ ਵਿੱਚ ਉੱਚਾ ਹੋਵੇਗਾ, ਤਾਂ ਤੁਹਾਡੇ ਕੰਮਾਂ ਵਿੱਚ ਤੇਜ਼ੀ ਆਵੇਗੀ ਅਤੇ ਤੁਸੀਂ ਵਿਰੋਧੀਆਂ ਨੂੰ ਪਛਾੜ ਕੇ ਜਿੱਤ ਹਾਸਲ ਕਰੋਗੇ।

ਬੋਲੀ ਅਤੇ ਧਨ: ਦੂਜੇ ਘਰ ਵਿੱਚ ਸ਼ਨੀ-ਮੰਗਲ ਦੇ ਪ੍ਰਭਾਵ ਕਾਰਨ ਗੁੱਸੇ ਵਿੱਚ ਆ ਕੇ ਕੁਝ ਵੀ ਕਹਿਣ ਤੋਂ ਬਚੋ, ਨਹੀਂ ਤਾਂ ਪਰਿਵਾਰਕ ਰਿਸ਼ਤਿਆਂ ਵਿੱਚ ਦੂਰੀਆਂ ਆ ਸਕਦੀਆਂ ਹਨ। ਆਰਥਿਕ ਪੱਖ ਮਿਲੇ-ਜੁਲੇ ਨਤੀਜੇ ਦੇਵੇਗਾ।

ਸੁੱਖ-ਸਹੂਲਤਾਂ: 19 ਅਪ੍ਰੈਲ ਤੋਂ ਬਾਅਦ ਸ਼ੁੱਕਰ ਦਾ 'ਮਾਲਵਯ ਯੋਗ' ਘਰ ਵਿੱਚ ਲਗਜ਼ਰੀ ਅਤੇ ਖੁਸ਼ਹਾਲੀ ਲਿਆਵੇਗਾ। ਨਵੀਂ ਗੱਡੀ ਜਾਂ ਘਰ ਖਰੀਦਣ ਲਈ ਇਹ ਉੱਤਮ ਸਮਾਂ ਹੈ।

ਉਪਾਅ: ਸਾਢੇ-ਸਤੀ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਹਰ ਮੰਗਲਵਾਰ ਹਨੂਮਾਨ ਚਾਲੀਸਾ ਦਾ ਪਾਠ ਕਰੋ ਅਤੇ ਮਾਨਸਿਕ ਸ਼ਾਂਤੀ ਲਈ ਰੋਜ਼ਾਨਾ ਮਾਤਾ ਦੁਰਗਾ ਦੀ ਪੂਜਾ ਕਰੋ।

**ਮੀਨ :** ਮਾਨਸਿਕ ਦਬਾਅ: ਲਗਨ ਵਿੱਚ ਸ਼ਨੀ-ਮੰਗਲ-ਬੁੱਧ ਦੀ ਭਾਰੀ ਯੁਤੀ ਕਾਰਨ ਮਾਨਸਿਕ ਚਿੰਤਾ ਅਤੇ ਸਿਹਤ ਵਿੱਚ ਨਰਮੀ ਰਹਿ ਸਕਦੀ ਹੈ। ਧੀਰਜ ਨਾਲ ਕੰਮ ਲਓ।

ਆਰਥਿਕ ਬਰਕਤ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਜਦੋਂ ਸੂਰਜ ਦੂਜੇ ਘਰ ਵਿੱਚ ਉੱਚਾ ਹੋਵੇਗਾ, ਤਾਂ ਪੈਸੇ ਦੀ ਤੰਗੀ ਦੂਰ ਹੋਵੇਗੀ ਅਤੇ ਪਰਿਵਾਰਕ ਸਹਿਯੋਗ ਮਿਲੇਗਾ।

ਸੁਰੱਖਿਆ ਕਵਚ: ਚੌਥੇ ਘਰ ਵਿੱਚ ਬੈਠਾ ਗੁਰੂ ਤੁਹਾਨੂੰ ਅੰਦਰੂਨੀ ਸ਼ਕਤੀ ਦੇਵੇਗਾ ਅਤੇ ਨੌਕਰੀ ਵਿੱਚ ਤੁਹਾਡੀ ਸਥਿਤੀ ਨੂੰ ਮਜ਼ਬੂਤ ਬਣਾਈ ਰੱਖੇਗਾ।

ਉਪਾਅ: ਲਗਨ ਦੇ ਦੋਸ਼ਾਂ ਨੂੰ ਸ਼ਾਂਤ ਕਰਨ ਲਈ ਸੋਮਵਾਰ ਨੂੰ ਭਗਵਾਨ ਸ਼ਿਵ ਦਾ ਰੁਦਰਾਭਿਸ਼ੇਕ ਕਰੋ ਅਤੇ ਵੀਰਵਾਰ ਨੂੰ ਭਗਵਾਨ ਦੱਤਾਤਰੇਯ ਜਾਂ ਸਾਈਂ ਬਾਬਾ ਦੇ ਮੰਦਰ ਜਾਓ।

# ਗਗਨ ਉਪਰ ਵੀ ਪਹਿਰਾ... !

ਛੋਟੀ ਕੁੜੀ ਘਰੋਂ ਭੱਜ ਗਈ ਤਾਂ ਘਰਦਿਆਂ ਨੇ ਵੱਡੀ ਗਗਨ ਉਪਰ ਵੀ ਪਹਿਰਾ ਲਾ ਦਿੱਤਾ ਪੜ੍ਹਨ ਜਾਣ ਵੇਲੇ ਵੀ ਇੱਕ ਜਣਾ ਨਾਲ ਹੁੰਦਾ, ਕੱਪੜੇ ਲੱਤੇ ਸਾਦੇ ਕਰ ਦਿੱਤੇ, ਟੌਹਰ ਕੱਢਣ 'ਤੇ ਮਨਾਹੀ, ਕਹਿਣ ਤੋਂ ਭਾਵ ਉਸਦੇ ਸਾਰੇ ਸੌਂਕ ਮਾਰ ਦਿੱਤੇ, ਉਹ ਐਨੀਆਂ ਪਬੰਦੀਆਂ ਦੇ ਬਾਵਜੂਦ ਵੀ ਬੀਏ, ਬੀਐੱਡ ਕਰਨ ਵਿੱਚ ਸਫ਼ਲ ਹੋ ਗਈ, ਹੁਣ ਉਸਦੇ ਵਿਆਹ ਲਈ ਮੁੰਡੇ ਦੀ ਖੋਜ ਸ਼ੁਰੂ ਹੋ ਗਈ, ਪਟਿਆਲੇ ਆਲੀ ਸਾਈਡ ਮੁੰਡੇ ਦੀ ਦੱਸ ਪਈ, ਦੇਖ ਦਿਖਾਈ ਤੋਂ ਬਾਅਦ ਗੱਲ ਪੱਕੀ ਹੋ ਗਈ।

ਗਗਨ ਦੇ ਦਿਲ ਵਿੱਚ ਨਵੀਆਂ ਉਮੰਗਾਂ ਉਡਾਰੀ ਭਰਨ ਲੱਗੀਆਂ, ਉਹ ਸੋਚਦੀ ਕਿ ਹੁਣ ਉਸਦੇ ਦੁੱਖ ਕੱਟੇ ਜਾਣਗੇ, ਉਹ ਆਪਣੇ ਸਾਰੇ ਸ਼ੌਂਕ ਸਹੁਰੇ ਘਰ ਜਾਕੇ ਪੂਰੇ ਕਰੇਗੀ, ਕਦੀ-ਕਦੀ ਉਸਦਾ ਦਿਲ ਡਰ ਜਾਂਦਾ ਕਿ ਜੇਕਰ ਉਸਦੇ ਸਹੁਰੇ ਵੀ ਉਸਦੇ ਪੇਕਿਆਂ ਵਰਗੇ ਨਿੱਕਲੇ ਤਾਂ ਕੀ ਬਣੇਗਾ, ਉਸਦੀ ਸਾਰੀ ਜ਼ਿੰਦਗੀ ਨਰਕ ਬਣ ਜਾਵੇਗੀ।

ਗਗਨ ਦੇ ਮਨ ਵਿੱਚ ਇਕ ਪਾਸੇ ਖੁਸ਼ੀ ਦੀ ਲਹਿਰ ਸੀ, ਦੂਜੇ ਪਾਸੇ ਡਰ...ਉਹ ਸੋਚਦੀ ਕਿ..

ਕੀ ਇਹ ਨਵੀਂ ਜ਼ਿੰਦਗੀ ਸੱਚਮੁੱਚ ਮੇਰੀ ਹੋਵੇਗੀ?..ਵਿਆਹ ਦੇ ਦਿਨ ਨੇੜੇ ਆਉਂਦੇ ਗਏ, ਘਰ ਵਿੱਚ ਤਿਆਰੀਆਂ ਹੋ ਰਹੀਆਂ ਸਨ, ਪਰ ਗਗਨ ਚੁੱਪ ਸੀ, ਉਹ ਹੱਸਦੀ ਸੀ, ਪਰ ਅੱਖਾਂ ਵਿੱਚ ਕਈ ਸਵਾਲ ਸਨ। ਵਿਆਹ ਦਾ ਦਿਨ ਆ ਗਿਆ, ਗਗਨ ਲਾਲ ਜੋੜੇ ਵਿੱਚ ਬਹੁਤ ਸੋਹਣੀ ਲੱਗ ਰਹੀ ਸੀ, ਪਰ ਉਸਦੇ ਦਿਲ ਦੀ ਧੜਕਨ ਤੇਜ਼ ਸੀ, ਜਦੋਂ ਉਹ ਸਹੁਰੇ ਘਰ ਪਹੁੰਚੀ, ਉਸਦੇ ਮਨ ਵਿੱਚ ਖੁਸ਼ੀ ਵੀ ਸੀ 'ਤੇ ਡਰ ਵੀ, ਵਿਆਹ ਦੇ ਦਿਨ ਤੋਂ ਬਾਅਦ ਉਹ ਹਰ ਗੱਲ ਬੜੀ ਸਾਵਧਾਨੀ ਨਾਲ ਕਰਦੀ... ਕਿਵੇਂ ਬੋਲਣਾ, ਕਿਵੇਂ ਤੁਰਨਾ, ਕਦੋਂ ਹੱਸਣਾ... ਕਿਉਂਕਿ ਉਸਦੀ ਪੁਰਾਣੀ ਜ਼ਿੰਦਗੀ ਨੇ ਉਸਨੂੰ ਸਿਖਾ ਦਿੱਤਾ ਸੀ ਕਿ ਛੋਟੀ ਜਿਹੀ ਗਲਤੀ ਵੀ ਵੱਡੀ ਸਜ਼ਾ ਬਣ ਸਕਦੀ ਹੈ।

ਪਹਿਲੇ ਕੁਝ ਦਿਨ ਉਸਨੇ ਘਰ ਦੇ ਕੰਮ ਸਿੱਖਣ ਵਿੱਚ ਲਗਾ ਦਿੱਤੇ, ਸਵੇਰੇ ਜਲਦੀ ਉੱਠਣਾ, ਰਸੋਈ ਵਿੱਚ ਮੱਦਦ ਕਰਨੀ, ਸਭ ਨੂੰ ਚਾਹ ਪਾਣੀ ਦੇਣਾ...ਉਹ ਹਰ ਕੰਮ ਬੜੀ ਇਮਾਨਦਾਰੀ ਨਾਲ ਕਰਦੀ, ਪਰ ਉਸਦਾ ਦਿਲ ਹਮੇਸ਼ਾ ਇਕ ਗੱਲ ਤੋਂ ਡਰਦਾ....ਕੀ ਪਤਾ ਕਦੋਂ ਕੋਈ ਕਹਿ ਦੇਵੇ ਕਿ ਇਹ ਨਾ ਕਰ, ਉਹ ਨਾ ਪਾ, ਇੱਥੇ ਨਾ ਜਾਹ।

ਇੱਕ ਦਿਨ ਜਦੋਂ ਉਹ ਅਲਮਾਰੀ ਸਾਫ ਕਰ ਰਹੀ ਸੀ ਤਾਂ ਉਸਨੂੰ ਆਪਣੇ ਪੁਰਾਣੇ ਕੱਪੜਿਆਂ ਦੀ ਯਾਦ ਆ ਗਈ...ਰੰਗ-ਬਿਰੰਗੇ ਸੂਟ, ਜਿਹੜੇ ਉਸਨੂੰ ਬਹੁਤ ਪਸੰਦ ਸਨ ਪਰ ਕਦੇ ਪਾਉਣ ਨਹੀਂ ਦਿੱਤੇ ਗਏ, ਉਸਦੀਆਂ ਅੱਖਾਂ ਭਰ ਆਈਆਂ, ਉਸ ਸਮੇਂ ਉਸਦੀ ਨਣਦ ਕਮਰੇ ਵਿੱਚ ਆਈ 'ਤੇ ਹੱਸ ਕੇ ਕਹਿੰਦੀ,..ਭਾਬੀ, ਤੁਸੀਂ ਐਨੇ ਚੁੱਪ ਕਿਉਂ ਰਹਿੰਦੇ ਹੋ?..ਚੱਲੋ ਅੱਜ ਬਾਜ਼ਾਰ ਚੱਲੀਏ।

ਗਗਨ ਥੋੜ੍ਹੀ ਘਬਰਾ ਗਈ...ਮੈਂ...ਮੈਂ ਨਹੀਂ ਜਾ ਸਕਦੀ...ਮੈਨੂੰ ਘਰੋਂ ਪੁੱਛਣਾ ਪੈਣਾ...ਨਣਦ ਹੱਸ ਪਈ 'ਤੇ ਕਹਿਣ ਲੱਗੀ...ਇਹ ਘਰ ਤੇਰਾ ਵੀ ਹੈ, ਕਿਸੇ ਤੋਂ ਡਰਨ ਦੀ ਲੋੜ ਨਹੀਂ, ਉਸ ਦਿਨ ਉਹ ਆਪਣੀ ਨਣਦ ਨਾਲ ਬਾਜ਼ਾਰ ਗਈ, ਉਸਨੇ ਇੱਕ ਸਾਦਾ ਪਰ ਸੋਹਣਾ ਸੂਟ ਚੁਣਿਆ, ਜਦੋਂ ਉਹ ਉਹ ਸੂਟ ਪਾ ਕੇ ਆਈ, ਉਸਦਾ ਪਤੀ ਕੁਝ ਪਲਾਂ ਲਈ ਉਸਨੂੰ ਵੇਖਦਾ ਹੀ ਰਹਿ ਗਿਆ 'ਤੇ ਕਹਿਣ ਲੱਗਾ...ਤੂੰ ਇਸੇ ਤਰ੍ਹਾਂ ਹੱਸਦੀ ਰਿਹਾ ਕਰ, ਇਹ ਤੇਰੀ ਅਸਲੀ ਖੂਬਸੂਰਤੀ ਆ।

ਇਹ ਸੁਣਕੇ ਗਗਨ ਦਾ ਦਿਲ ਕੰਬ ਗਿਆ, ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਕੋਈ ਉਸਦੀ ਖੁਸ਼ੀ ਨੂੰ ਇਸ ਤਰ੍ਹਾਂ ਕਬੂਲ ਕਰੇਗਾ, ਦਿਨ ਲੰਘਦੇ ਗਏ ਗਗਨ ਨੂੰ ਪਤਾ ਲੱਗਿਆ ਕਿ ਉਸਦਾ ਡਰ ਬੇਕਾਰ ਸੀ, ਉਸਦੇ ਸਹੁਰੇ ਉਸਦੀ ਇੱਜ਼ਤ ਕਰਦੇ ਸਨ, ਉਸਦੀ ਸੱਸ ਉਸਨੂੰ ਧੀ ਵਾਂਗ ਪਿਆਰ ਕਰਦੀ ਸੀ 'ਤੇ ਉਸਦਾ ਪਤੀ ਉਸਦਾ ਸਾਥੀ ਬਣ ਚੁੱਕਾ ਸੀ।

ਗਗਨ ਨੂੰ ਆਪਣੇ ਪੁਰਾਣੇ ਦਿਨ ਯਾਦ ਆਏ, ਉਸਨੂੰ ਆਪਣਾ ਘਰ ਯਾਦ ਆਇਆ...ਉਹ ਪਾਬੰਦੀਆਂ, ਉਹ ਡਰ ਅਤੇ ਉਹ ਛੋਟੀ ਭੈਣ ਜਿਸਦੇ ਘਰੋਂ ਭੱਜ ਜਾਣ ਨਾਲ ਉਸਦੀ ਜ਼ਿੰਦਗੀ ਬਦਲ ਗਈ ਸੀ, ਉਸਨੇ ਸੋਚਿਆ ਕਿ..

...ਕੀ ਮੇਰੇ ਮਾਪੇ ਕਦੇ ਸਮਝਣਗੇ ਕਿ ਮੈਨੂੰ ਕਿੰਨਾ ਸਹਿਣਾ ਪਿਆ, ਅਗਲੇ ਦਿਨ ਉਸਦੇ ਪਤੀ ਨੇ ਪੁੱਛਿਆ, ਗਗਨ ਤੂੰ ਠੀਕ ਨਹੀਂ ਲੱਗ ਰਹੀ ਕੀ ਗੱਲ ਹੈ?

ਗਗਨ ਪਹਿਲਾਂ ਚੁੱਪ ਰਹੀ, ਪਰ ਫਿਰ ਉਸਦੇ ਦਿਲ ਦਾ ਸਾਰਾ ਦਰਦ ਬਾਹਰ ਆ ਗਿਆ, ਉਸਨੇ ਆਪਣੇ ਬਚਪਨ ਤੋਂ ਲੈ ਕੇ ਵਿਆਹ ਤੱਕ ਦੀ ਹਰ ਗੱਲ ਦੱਸ ਦਿੱਤੀ, ਕਿਵੇਂ ਉਸਦੇ ਸੌਂਕ ਮਾਰੇ ਗਏ, ਕਿਵੇਂ ਉਸਦੀ ਆਜ਼ਾਦੀ ਖੋਹ ਲਈ ਗਈ, ਉਸਦਾ ਪਤੀ ਚੁੱਪਚਾਪ ਸੁਣਦਾ ਰਿਹਾ, ਫਿਰ ਕਹਿਣ ਲੱਗਾ...ਗਗਨ ਹੁਣ ਤੂੰ ਕੱਲੀ ਨਹੀਂ... ਮੈਂ ਤੇਰੇ ਨਾਲ ਹਾਂ...ਤੇਰੇ ਅਧੂਰੇ ਸੁਫਨਿਆਂ ਨੂੰ ਅਸੀਂ ਮਿਲ ਕੇ ਪੂਰਾ ਕਰਾਂਗੇ।

ਇਹ ਗੱਲ ਸੁਣਕੇ ਗਗਨ ਰੋ ਪਈ, ਉਸਦੇ ਹੰਝੂ ਰੁੱਕਦੇ ਨਹੀਂ ਸਨ...ਪਰ ਇਹ ਹੰਝੂ ਉਸਦੇ ਅੰਦਰ ਜਮਾ ਹੋਏ ਸਾਲਾਂ ਦੇ ਦਰਦ ਨੂੰ ਬਾਹਰ ਕੱਢ ਰਹੇ ਸਨ, ਕੁਝ ਮਹੀਨਿਆਂ ਬਾਅਦ ਗਗਨ ਨੇ ਨੇੜਲੇ ਸਕੂਲ ਵਿੱਚ ਅਧਿਆਪਕਾ ਦੀ ਨੌਕਰੀ ਸ਼ੁਰੂ ਕਰ ਲਈ, ਉਹ ਹਰ ਕੁੜੀ ਨੂੰ ਹੌਂਸਲਾ ਦਿੰਦੀ ਕਿ ਆਪਣੇ ਸੁਫਨੇ ਕਦੇ ਨਾ ਛੱਡੋ।

ਇੱਕ ਦਿਨ ਉਸਦੇ ਮਾਪੇ ਉਸਨੂੰ ਮਿਲਣ ਆਏ, ਗਗਨ ਦਾ ਦਿਲ ਧੜਕਨ ਲੱਗ ਪਿਆ, ਉਨ੍ਹਾਂ ਦੇ ਸਾਹਮਣੇ ਖੜੀ ਹੋ ਕੇ ਉਸਨੂੰ ਉਹ ਸਾਰਾ ਸਮਾਂ ਯਾਦ ਆ ਗਿਆ, ਉਸਦੀ ਮਾਂ ਦੀਆਂ ਅੱਖਾਂ ਭਰ ਆਈਆਂ...ਸਾਡੀ ਗਲਤੀ ਸੀ ਗਗਨ... ਅਸੀਂ ਤੈਨੂੰ ਸਮਝ ਨਾ ਸਕੇ।

ਗਗਨ ਕੁਝ ਪਲਾਂ ਲਈ ਚੁੱਪ ਰਹੀ, ਫਿਰ ਉਨ੍ਹਾਂ ਦੇ ਗਲ ਲੱਗ ਗਈ, ਉਸ ਸਮੇਂ ਗਗਨ ਨੂੰ ਅਹਿਸਾਸ ਹੋਇਆ ਕਿ ਜ਼ਖ਼ਮ ਭਾਵੇਂ ਡੂੰਘੇ ਹੋਣ, ਪਰ ਪਿਆਰ ਨਾਲ ਭਰ ਸਕਦੇ ਹਨ, ਹੁਣ ਉਹ ਡਰੀ ਹੋਈ ਕੁੜੀ ਨਹੀਂ ਰਹੀ ਸੀ...ਉਹ ਇੱਕ ਮਜ਼ਬੂਤ ਔਰਤ ਬਣ ਚੁੱਕੀ ਸੀ।

ਲਿਖਤ- ਅਵਤਾਰ ਸਿੰਘ ਧਾਲੀਵਾਲ



# "ਤੂੰ ਮੁਸੀਬਤ ਨਾ ਦੱਸ... !



ਇੱਕ ਦਿਨ ਅਜਿਹਾ ਹੋਇਆ ਕਿ ਮੈਂ ਇੱਕ ਟ੍ਰੇਨ ਵਿੱਚ ਸਵਾਰ ਸੀ। ਇੱਕ ਸਟੇਸ਼ਨ 'ਤੇ ਗੱਡੀ ਬਹੁਤ ਦੇਰ ਤੱਕ ਰੁਕੀ ਰਹੀ, ਇੱਕ ਆਦਮੀ ਭੀਖ ਮੰਗਣ ਲਈ ਖਿੜਕੀ 'ਤੇ ਆਇਆ ਅਤੇ ਉਸਨੇ ਕਿਹਾ ਕਿ ਮੈਂ ਬੜੀ ਮੁਸੀਬਤ ਵਿੱਚ ਹਾਂ। ਮੈਂ ਕਿਹਾ,"ਤੂੰ ਮੁਸੀਬਤ ਨਾ ਦੱਸ, ਕਿਉਂਕਿ ਮੁਸੀਬਤ ਦੱਸਣ ਵਿੱਚ ਤੇਰਾ ਸਮਾਂ ਵੀ ਜਾਇਆ ਹੋਵੇਗਾ ਅਤੇ ਮੇਰਾ ਵੀ। ਤੂੰ ਮੈਨੂੰ ਇਹ ਦੱਸ ਕਿ ਮੈਂ ਕੀ ਕਰ ਸਕਦਾ ਹਾਂ?" ਉਸਨੇ ਮੇਰੇ ਵੱਲ ਦੇਖਿਆ, ਉਸਨੂੰ ਸ਼ੱਕ ਹੋਇਆ, ਕਿਉਂਕਿ ਬਿਨਾਂ ਮੁਸੀਬਤ ਦੱਸੇ ਕਿਸੇ ਨੂੰ ਫਸਾਇਆ ਨਹੀਂ ਜਾ ਸਕਦਾ। ਕਿਉਂਕਿ ਜਦੋਂ ਉਹ ਪੂਰੀ ਮੁਸੀਬਤ ਦੱਸ ਲਵੇ ਅਤੇ ਪੰਜ ਮਿੰਟ ਤੁਸੀਂ ਸੁਣ ਲਵੋ, ਤਾਂ ਫਿਰ ਇਨਕਾਰ ਕਰਨ ਵਿੱਚ ਮੁਸ਼ਕਲ ਹੋ ਜਾਂਦੀ ਹੈ। ਤਾਂ ਉਸਨੇ ਕਿਹਾ ਕਿ ਨਹੀਂ, ਮੇਰੀ ਮੁਸੀਬਤ...।

ਮੈਂ ਕਿਹਾ ਕਿ ਤੂੰ ਮੁਸੀਬਤ ਦੀ ਗੱਲ ਹੀ ਨਾ ਕਰ। ਤੂੰ ਮੈਨੂੰ ਇਹ ਦੱਸ ਕਿ ਮੈਂ ਕੀ ਕਰ ਸਕਦਾ ਹਾਂ? ਉਸਨੇ ਬੜੀ ਹਿੰਮਤ ਜੁਟਾ ਕੇ ਕਿਹਾ ਕਿ ਇੱਕ ਰੁਪਿਆ ਦੇ ਦਿਓ। ਮੈਂ ਕਿਹਾ ਕਿ ਤੂੰ ਇੱਕ ਰੁਪਿਆ ਲੈ। ਇੰਨੀ ਸਰਲਤਾ ਨਾਲ ਗੱਲ ਮੁੱਕਦੀ ਹੈ! ਤੂੰ ਐਵੇਂ ਹੀ ਮੈਨੂੰ ਮੁਸੀਬਤ ਦੱਸੇਂ, ਮੈਂ ਤੇਰੀ ਮੁਸੀਬਤ ਸੁਣਾਂ। ਤੂੰ ਇਹ ਰੁਪਿਆ ਲੈ ਅਤੇ ਜਾ।

ਉਹ ਆਦਮੀ ਬੜੀ ਬੇਚੈਨੀ ਵਿੱਚ ਗਿਆ। ਉਸਨੇ ਵਾਰ-ਵਾਰ ਰੁਪਏ ਨੂੰ ਦੇਖਿਆ ਵੀ ਹੋਵੇਗਾ, ਫਿਰ ਮੁੜ ਕੇ ਮੈਨੂੰ ਵੀ ਦੇਖਿਆ ਕਿ ਇਹ ਆਦਮੀ ਭਰੋਸੇਯੋਗ ਨਹੀਂ ਲੱਗਦਾ। ਕੀ ਗੜਬੜ ਹੈ! ਮੈਂ ਤਾਂ ਕੁਝ ਕਿਹਾ ਹੀ ਨਹੀਂ, ਕੋਈ ਮੁਸੀਬਤ ਨਹੀਂ ਸੁਣੀ। ਹੁੰਦਾ ਤਾਂ ਇੰਝ ਹੈ ਕਿ ਮੁਸੀਬਤ ਪੂਰੀ ਦੱਸੋ, ਉਦੋਂ ਵੀ ਕੋਈ ਕੁਝ ਨਹੀਂ ਦਿੰਦਾ। ਅਤੇ ਉਸਨੇ ਸੋਚਿਆ ਕਿ ਇਹ ਆਦਮੀ... !

ਪੰਜ-ਸੱਤ ਮਿੰਟ ਬਾਅਦ ਉਹ ਵਾਪਸ ਆਇਆ। ਟੋਪੀ ਪਾਈ ਹੋਈ ਸੀ, ਉਹ ਉਤਾਰ ਕੇ ਰੱਖ ਆਇਆ। ਉਸਨੇ ਆ ਕੇ ਫਿਰ ਖਿੜਕੀ 'ਤੇ ਕਿਹਾ ਕਿ ਮੈਂ ਬੜੀ ਮੁਸੀਬਤ ਵਿੱਚ ਹਾਂ। ਮੈਂ ਕਿਹਾ, "ਮੁਸੀਬਤ ਦੀ ਗੱਲ ਹੀ ਨਾ ਕਰ। ਤੂੰ ਮੈਨੂੰ ਇਹ ਦੱਸ ਕਿ ਮੈਂ ਤੇਰੇ ਲਈ ਕੀ ਕਰ ਸਕਦਾ ਹਾਂ?" ਉਸਨੇ ਮੈਨੂੰ ਪੂਰੀਆਂ ਅੱਖਾਂ ਖੋਲ੍ਹ ਕੇ ਦੇਖਿਆ ਕਿ ਕਿਤੇ ਮੈਂ ਪਾਗਲ ਤਾਂ ਨਹੀਂ ਹਾਂ! ਉਸਨੇ ਬੜੀ ਹਿੰਮਤ ਜੁਟਾਈ। ਉਸਨੇ ਸੋਚਿਆ ਕਿ ਅਜਿਹਾ ਨਹੀਂ ਹੋ ਸਕਦਾ ਕਿ ਇਹ ਆਦਮੀ ਸਿਰਫ ਟੋਪੀ ਉਤਾਰ ਦੇਣ ਨਾਲ ਹੀ ਮੈਨੂੰ ਭੁੱਲ ਗਿਆ ਹੋਵੇ। ਅਤੇ ਉਹੀ ਦੀ ਉਹੀ ਗੱਲ। ਉਸਨੇ ਬਹੁਤ ਹਿੰਮਤ ਜੁਟਾ ਕੇ ਕਿਹਾ ਕਿ ਮੈਨੂੰ ਦੋ ਰੁਪਏ... !

ਮੈਂ ਕਿਹਾ, "ਤੂੰ ਇਹ ਦੋ ਰੁਪਏ ਲੈ।" ਉਹ ਫਿਰ ਵਾਰ-ਵਾਰ ਮੁੜ ਕੇ ਮੈਨੂੰ ਦੇਖੇ ਅਤੇ ਫਿਰ ਰੁਪਏ ਦੇਖੇ।

ਦੋ-ਤਿੰਨ ਮਿੰਟ ਬਾਅਦ ਉਹ ਫਿਰ ਆ ਗਿਆ। ਕੋਟ ਪਾਇਆ ਹੋਇਆ ਸੀ, ਉਸਨੂੰ ਵੀ ਉਤਾਰ ਆਇਆ। ਖਿੜਕੀ 'ਤੇ ਆਇਆ। ਮੈਂ ਉਸਨੂੰ ਪਹਿਲਾਂ ਹੀ ਕਹਿ ਦਿੱਤਾ ਕਿ ਤੂੰ ਗੱਲ ਸ਼ੁਰੂ ਹੀ ਨਾ ਕਰ, ਮੈਨੂੰ ਪਤਾ ਹੈ ਤੂੰ ਮੁਸੀਬਤ ਦੱਸਣੀ ਹੈ। ਉਸਨੇ ਕਿਹਾ, "ਤੁਸੀਂ ਆਦਮੀ ਕਿਹੋ ਜਿਹੇ ਹੋ? ਮੈਂ ਉਹੀ ਆਦਮੀ ਹਾਂ, ਤੁਹਾਨੂੰ ਸਮਝ ਨਹੀਂ ਆ ਰਿਹਾ!"

ਮੈਂ ਕਿਹਾ, "ਮੈਂ ਤਾਂ ਸਮਝ ਰਿਹਾ ਹਾਂ ਪਰ ਤੂੰ ਨਹੀਂ ਸਮਝ ਰਿਹਾ ਕਿ ਮੈਂ ਉਹੀ ਆਦਮੀ ਹਾਂ। ਮੈਂ ਤਾਂ ਹੋਸ਼ ਵਿੱਚ ਹਾਂ।"

ਉਹ ਮੇਰੇ ਤਿੰਨ ਰੁਪਏ ਵਾਪਸ ਮੋੜਨ ਲੱਗਾ। ਉਸਨੇ ਕਿਹਾ ਕਿ ਆਪਣੇ ਰੁਪਏ ਰੱਖ ਲਓ ਤੁਸੀਂ। ਰੁਪਏ ਮੈਂ ਨਹੀਂ ਲਵਾਂਗਾ।

ਮੈਂ ਕਿਹਾ, "ਰੁਪਏ ਤੂੰ ਲੈ ਜਾ। ਰੁਪਏ ਤੂੰ ਕਮਾਏ ਹਨ, ਤੂੰ ਪੂਰੀ ਮਿਹਨਤ ਕੀਤੀ ਹੈ।"

ਉਹ ਰੁਪਏ ਦਰਵਾਜ਼ੇ 'ਤੇ ਹੀ ਛੱਡ ਗਿਆ।

ਉਸਨੇ ਕਿਹਾ, "ਰੁਪਏ ਮੈਂ ਨਹੀਂ ਲਵਾਂਗਾ।"

ਮੈਂ ਕਿਹਾ, "ਗੱਲ ਕੀ ਹੈ? ਰੁਪਏ ਕਿਉਂ ਨਹੀਂ ਲੈਂਦਾ?"

ਉਸਨੇ ਕਿਹਾ, "ਜਿਸ ਆਦਮੀ ਨੇ ਮੇਰੇ 'ਤੇ ਇੰਨਾ ਭਰੋਸਾ ਕੀਤਾ, ਉਸਨੂੰ ਮੈਂ ਇਸ ਤਰ੍ਹਾਂ ਧੋਖਾ ਨਹੀਂ ਦੇ ਸਕਦਾ।"

# ਕੁਦਰਤ ਤੇ ਔਰਤ

ਕੁਦਰਤ ਤੇ ਔਰਤ ਸਭ ਤੋਂ ਵੱਧ ਉਲਝੀਆਂ ਤੇ ਖੂਬਸੂਰਤ ਪਹੇਲੀਆਂ ਨੇ , ਨਾ ਅੱਜ ਤੱਕ ਕੋਈ ਔਰਤ ਨੂੰ ਸਮਝ ਸਕਿਆ ਤੇ ਨਾ ਕੁਦਰਤ ਨੂੰ , ਜਿਹੜਾ ਕੁਦਰਤ ਦਾ ਭੇਤ ਪਾ ਗਿਆ ਉਹ ਔਰਤ ਨੂੰ ਵੀ ਸਮਝ ਗਿਆ ਤੇ ਜਿਹੜਾ ਔਰਤ ਨੂੰ ਸਮਝ ਗਿਆ ਉਹ ਕੁਦਰਤ ਦਾ ਪ੍ਰੇਮੀ ਹੋ ਜਾਂਦਾ , ਔਰਤ ਟੀਏ ਕੁਦਰਤ ਦੋਵੇਂ ਸਮਾਨ ਨੇ , ਹਰ ਪਹਿਲੂ ਵਿੱਚ , ਕੁਦਰਤ ਹਮੇਸ਼ਾ ਕੁਛ ਨਾ ਕੁਝ ਦਿੰਦੀ ਹੈ ਮਨੁੱਖ ਨੂੰ ਤੇ ਔਰਤ ਉਸਦਾ ਤਾਂ ਸਾਰਾ ਜੀਵਨ ਹੀ ਮਨੁੱਖਤਾ ਨੂੰ ਸਮਰਪਿਤ ਹੁੰਦਾ ਹੈ।

ਔਰਤ ਨੂੰ ਜਿੰਨੀ ਮੁਹੱਬਤ ਮਿਲਦੀ ਹੈ ਉਹ ਦੁਗਣੀ ਵਾਪਿਸ ਕਰਦੀ ਹੈ ਕੁਦਰਤ ਨੂੰ ਜਿੰਨੀ ਮੁਹੱਬਤ ਕਰੋਗੇ ਔਰਤ ਦੇ ਮਨ ਦੇ ਗਹਿਰਾਈ ਓਨੀ ਹੀ ਸਮਝ ਆਉਂਦੀ ਜਾਵੇਗੀ , ਕੁਦਰਤ ਵਾਧੂ ਕੁਝ ਨਹੀਂ ਮੰਗਦੀ ਬਸ ਜੋ ਉਹ ਦੇ ਰਹੀ ਹੈ ਉਸਨੂੰ ਸੰਭਾਲ ਕੇ ਰੱਖਣਾ ਪੈਂਦਾ, ਇਸੇ ਤਰ੍ਹਾਂ ਹੀ ਔਰਤ ਵਾਧੂ ਕੁਝ ਨਹੀਂ ਮੰਗਦੀ ਬਸ ਸੰਭਾਲ ਮੰਗਦੀ ਹੈ ,ਔਰਤ ਦੀ ਤੁਲਨਾ ਕੁਦਰਤ ਨਾਲ ਤਾਂ ਲੇਖਕ , ਸ਼ਾਇਰ , ਤੇ ਵਿਗਿਆਨ ਵੀ ਕਰਦਾ ਰਿਹਾ ਹੈ ।

ਇਕ ਲੇਖਕ ਕੁਦਰਤ ਨੂੰ ਆਪਣੀ ਮਹਿਬੂਬ ਦੇ ਰੂਪ ਵਿੱਚ ਪੇਸ਼ ਕਰਦਾ ਹੈ , ਉਸਦੀ ਤੁਲਨਾ ਆਪਣੀ ਮਹਿਬੂਬ ਦੇ ਵੱਖ ਵੱਖ ਰੂਪਾਂ ਨਾਲ ਕੀਤੀ ਜਾਂਦੀ ਰਹੀ ਹੈ, ਕਦੇ ਝੀਲ ਵਰਗੀਆਂ ਅੱਖਾਂ , ਫੁੱਲਾਂ ਵਰਗੀ ਕੋਮਲਤਾ, ਘਣੇ ਜੰਗਲਾਂ ਵਰਗੇ ਵਾਲ, ਨਦੀ ਵਰਗੀ ਨਿਰਮਲ ਰੂਹ, ਹਵਾ ਵਰਗੀ ਚਚੰਚਲਤਾ , ਖਿੜੀ ਧੁੱਪ ਵਰਗੀ ਮੁਸਕੁਰਾਹਟ , ਗੰਗਾਜਲ ਵਰਗੀ ਨਿਰਮਲ, ਮਿੱਟੀ ਦੀ ਭਿੱਜੀ ਖੁਸ਼ਬੂ ਵਰਗੀ ਬਦਨ ਦੀ ਮਹਿਕ, ਖੁਸ਼ੀ ਵਿੱਚ ਮੀਂਹ ਵਾਂਗ ਵਹਿਣ ਵਾਲੀ ਤੇ ਉਦਾਸੀ ਸਮੇਂ ਪੱਤਝੜ ਵਰਗੀ ਰੁੱਸੀ ਤੇ ਉਦਾਸ ਮਹਿਬੂਬ , ਕੁਝ ਕੁ ਉਦਾਹਰਨਾਂ ਨੇ ਔਰਤ ਤੇ ਕੁਦਰਤ ਦੀ ਸਮਾਨਤਾ ਦੀਆਂ, ਔਰਤ ਮੋਹ ਦੀ ਦੇਵੀ ਹੈ ਤੇ ਕੁਦਰਤ ਜਿਨ੍ਹਾਂ ਮੋਹ ਸ਼ਾਇਦ ਕਦੇ ਕੋਈ ਕਰ ਹੀ ਨਹੀਂ ਸਕਦਾ।

ਪਰ ਕੁਦਰਤ ਤੇ ਔਰਤ ਦਾ ਸਬਰ ਜਿਨ੍ਹਾਂ ਸਬਰ ਕਿਸੇ ਕੋਲ ਨਹੀਂ, ਉਹ ਸਹਿੰਦੀ ਹੈ ਆਖ਼ਿਰੀ ਪਲ ਤੱਕ ਜਦੋਂ ਤੱਕ ਸਹਿ ਸਕਦੀ ਹੈ ਜਦੋ ਤੱਕ ਬਚਾ ਸਕਦੀ ਹੈ ਮਨੁੱਖਤਾ ਨੂੰ , ਕੁਦਰਤ ਜ਼ਿਆਦਤੀ ਸਹਿ ਕੇ ਵੀ ਦੇਣਾ ਨਹੀਂ ਛੱਡ ਦੀ ,ਪਰ ਜਦੋਂ ਇਹ ਸਬਰ ਮੁਕ ਜਾਂਦਾ ਹੈ , ਇਕ ਲਾਵਾ ਉਠਦਾ ਹੈ ਕੁਦਰਤ ਤੇ ਔਰਤ ਦੇ ਸੀਨੇ ਵਿੱਚ , ਫੇਰ ਉਹ ਪ੍ਰਵਾਹ ਨਹੀਂ ਕਰਦੀ , ਨਾ ਰਿਸ਼ਤੇ ਦੀ ਨਾ ਰਚਨਹਾਰ ਦੀ, ਨਾ ਕਿਸੇ ਹੋਰ ਦੀ, ਜਦ ਕੁਦਰਤ ਜਾਂ ਔਰਤ ਤਬਾਹ ਕਰਨ ਤੇ ਆਉਂਦੀ ਹੈ , ਮੰਜ਼ਰ ਇਨ੍ਹਾਂ ਭਿਆਨਕ ਹੁੰਦਾ ਹੈ ਕੇ ਪਰਲੋ ਤੋਂ ਸਿਵਾ ਕੁਝ ਨੀ ਮਿਲਦਾ, ਫੇਰ ਨਾ ਉਸਨੂੰ ਨਾ ਆਪਣੇ ਬਣਾਏ ਨਿਯਮਾਂ ਦੀ ਪ੍ਰਵਾਹ ਕਰਦੀ ਹੈ ਨਾ ਬਰਬਾਦੀ ਦੀ , ਫੇਰ ਉਸਦਾ ਗੁਸਾ ਸਭ ਤਬਾਹ ਕਰਕੇ ਹੀ ਹਟਦਾ ਹੈ ।

ਔਰਤ ਜੇ ਆਈ ਤੇ ਆ ਜਾਵੇ ਤਾਂ ਸਮਾਜ ਦੀ ਦਿਸ਼ਾ ਬਦਲ ਜਾਂਦੀ ਹੈ ਜੇ ਕੁਦਰਤ ਆਈ ਤੇ ਆ ਜਾਵੇ ਮਨੁੱਖ ਨੂੰ ਕੁਝ ਨਹੀਂ ਸੁਝਦਾ ਕੇ ਹੋ ਕਿ ਰਿਹਾ, ਕੁਦਰਤ ਤੇ ਔਰਤ ਦਾ ਸੁਮੇਲ ਮਨੁੱਖਤਾ ਦਾ ਨਿਰਮਾਣ ਕਰਦਾ ਹੈ ਤੇ ਕੁਦਰਤ ਤੇ ਔਰਤ ਦਾ ਅਪਮਾਨ ਮਨੁੱਖਤਾ ਦਾ ਨਾਸ਼ , ਕਦੇ ਆਪਣੇ ਘਰ ਵੱਸਦੀ ਔਰਤ ਜੋ ਤੁਹਾਡੀ ਮਾਂ , ਭੈਣ, ਪਤਨੀ ਹੈ ਉਸਨੂੰ ਗੌਰ ਨਾਲ ਦੇਖਿਓ ਜੋ ਮਾੜਾ ਵਰਤਾਓ ਓਹਨਾ ਨਾਲ ਹੁੰਦਾ ਹੈ ਉਸਤੋਂ ਵੀ ਵੱਧ ਕੁਦਰਤ ਨਾਲ ਕੀਤਾ ਹੋਇਆ ਤੇ ਹੁਣ ਕੁਦਰਤ ਦੇ ਕਹਿਰ ਤੋਂ ਡਰ ਕਾਹਦਾ, ਕੁਦਰਤ ਨੂੰ ਤਬਾਹ ਕਰਦੇ ਹੋ ਹੁਣ ਉਸਦੀ ਤਬਾਹੀ ਝੱਲਣ ਤੋਂ ਡਰਦੇ ਹੋ , ਜੋ ਬੀਜੋਗੇ ਓਹੀ ਵੱਢੋਗੇ, ਮੁਹੱਬਤ ਦੀ ਭੁੱਖੀ ਔਰਤ ਵੀ ਹੈ ਤੇ ਕੁਦਰਤ ਵੀ , ਹੁਣ ਕੀ ਵਰਤਾਓ ਕਰਨਾ ਉਹ ਤੁਹਾਡੇ ਤੇ ਹੈ!!

ਲਿਖਤ- ਕਿਰਨ

# ਮਿੰਨੀ ਕਹਾਣੀ- ਜਦੋਂ ਥੋਹਰ ਗੁਲਾਬ ਬਣਿਆ

ਗੁਰਨਾਮ ਸਿੰਘ ਜਿਸ ਬੱਸ ਤੇ ਜਲੰਧਰ ਤੋਂ ਮੋਗੇ ਜਾਣ ਲਈ ਬੈਠਾ ਉਸ ਦੀ ਅੱਗੇ ਵਾਲੀ ਸ਼ੀਟ ਤੇ ਇੱਕ ਨੌਜਵਾਨ ਲੜਕੀ ਬੈਠੀ ਸੀ, ਜਿਸ ਨੇ ਜਲੰਧਰ ਤੋਂ ਕੰਨਾਂ ਨੂੰ ਮੋਬਾਇਲ ਲਾਇਆ ਤੇ ਦੋ ਘੰਟੇ ਮੋਗੇ ਤੱਕ ਫੁੱਸਰ ਫੁੱਸਰ ਕਰਦੀ ਰਹੀ। ਜਿਵੇਂ ਜਿਵੇਂ ਇਹ ਲੜਕੀ ਹੱਸ ਹੱਸ ਮੋਬਾਇਲ ਤੇ ਗੱਲਾਂ ਕਰਦੀ ਗੁਰਨਾਮ ਸਿੰਘ ਦਾ ਬਲੱਡ ਪ੍ਰੈਸ਼ਰ ਵੱਧਦਾ ਜਾਂਦਾ। ਉਸ ਦਾ ਦਿਲ ਕੀਤਾ ਕਿ ਇਸ ਲੋਹਫਰ ਲੜਕੀ ਨੂੰ ਉੱਠ ਕੇ ਦੋ ਥੱਪੜ ਮਾਰੇ ਤੇ ਮੋਬਾਇਲ ਖੋਹ ਕੇ ਬੱਸ ਚੋਂ ਬਾਹਰ ਸੁੱਟ ਦੇਵੇ, ਪਤਾ ਨਹੀਂ ਇਹ ਕਿਸ ਕੰਜਰ ਨਾਲ ਚੱਖ ਮੱਖੀਆਂ ਕਰ ਰਹੀ ਹੈ, ਇੱਕ ਮਿੰਟ ਵਿੱਚ ਤਾਂ ਭਾਵੇਂ ਇਹ ਸਾਰੇ ਟੱਬਰ ਨਾਲ ਗੱਲ ਕਰ ਲਵੇ। ਸਹਰੀਏ ਕੁੱਝ ਤਾਂ ਅਕਲ ਨੂੰ ਹੱਥ ਮਾਰ, ਤੇਰੇ ਕੋਲ ਸਿਆਣੇ ਲੋਕ ਬੈਠੇ ਹਨ, ਪਤਾ ਨਹੀਂ ਮੂਰਖ ਲੋਕ ਕਿਵੇਂ ਆਪਣੀਆਂ ਨੌਜਵਾਨ ਧੀਆਂ ਨੂੰ ਮਹਿੰਗੇ ਫੋਨ ਦੇ ਕੇ ਅਵਾਰਾ ਫਿਰਨ ਲਈ ਛੱਡ ਦਿੰਦੇ ਹਨ। ਇਹ ਕੁੜੀ ਗੁਰਨਾਮ ਸਿੰਘ ਨੂੰ ਆਪਣੇ ਮਾਪਿਆਂ ਦੀਆਂ ਬਰੂਹਾਂ ਤੇ ਉੱਗਿਆ ਥੋਹਰ ਲੱਗਿਆ।



ਮੋਗੇ ਪਹੁੰਚ ਕੇ ਕੁੜੀ ਬੱਸ ਵਿਚੋਂ ਉੱਤਰੀ ਅੱਗੇ ਸੰਯੋਗ ਵੱਸ ਗੁਰਨਾਮ ਸਿੰਘ ਦੀ ਪੋਤਰੀ ਮਨਜੀਤ ਉਸ ਕੁੜੀ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਸੀ। " ਅੱਖਾਂ ਪੱਕ ਗਈਆਂ ਨਸੀਬ ਤੈਨੂੰ ਉਡੀਕਦਿਆਂ " ਆਖ ਕੇ ਮਨਜੀਤ ਨੇ ਨਸੀਬ ਨੂੰ ਕਲਾਵੇ ਵਿੱਚ ਲੈ ਲਿਆ। ਨਸੀਬ ਨੇ ਮਨਜੀਤ ਤੋਂ ਲੇਟ ਹੋਣ ਦੀ ਮੁਆਫੀ ਮੰਗਦਿਆਂ ਕਿਹਾ, " ਮਨਜੀਤ ਅੜੀਏ ਮੇਰਾ ਤਾਂ ਫੋਨ ਤੇ ਗੱਲਾਂ ਕਰਦੇ ਬੈਲੈਂਸ ਵੀ ਮੁੱਕ ਗਿਆ, ਪਰ ਮੇਰੇ ਵੀਰੇ ਜਸਵੰਤ ਦੀਆਂ ਗੱਲਾਂ ਹੀ ਨਾ ਮੁਕੀਆਂ, ਉਹ ਮੈਨੂੰ ਤੇਰੇ ਬਾਰੇ ਬਾਰ ਬਾਰ ਪੁੱਛਦਾ ਰਿਹਾ ਕਿ ਮਨਜੀਤ ਕਿੰਨੀ ਕੇ ਸਿਆਣੀ ਤੇ ਸੋਹਣੀ ਹੈ, ਕੀ ਉਹ ਟੀਚਰ ਲੱਗ ਗਈ ਕਿ ਨਹੀਂ। ਮਨਜੀਤ ਸਮਝ ਤੇਰਾ ਰਿਸ਼ਤਾ ਵੀਰੇ ਜਸਵੰਤ ਨਾਲ ਇੱਕ ਸੌ ਇੱਕ ਪਰਸਿੰਟ ਪੱਕਾ, ਮੰਮੀ ਡੈਡੀ ਨੇ ਵੀ ਮੈਨੂੰ ਕਿਹਾ ਸੀ ਜੇ ਕੁੜੀਏ ਤੂੰ ਚੱਲੀ ਐਂ ਤਾਂ ਰਿਸ਼ਤਾ ਪੱਕਾ ਕਰ ਕੇ ਆਵੀਂ, ਲੋਕਾਂ ਦੀਆਂ ਕੁੜੀਆਂ ਮੱਝਾਂ ਗਾਵਾਂ ਨਹੀਂ ਹੁੰਦੀਆਂ"।

ਮਨਜੀਤ ਸ਼ਰਮਾਅ ਜਿਹੀ ਗਈ ਤੇ ਕਹਿਣ ਲੱਗੀ, " ਨਸੀਬ ਅੜੀਏ ਜੋ ਗੱਲ ਕਰਨੀ ਹੈ, ਸਾਡੇ ਘਰ ਜਾ ਕੇ ਮੰਮੀ ਡੈਡੀ ਤੇ ਦਾਦਾ ਜੀ ਨਾਲ ਕਰੀਂ, ਤੇਰੀਆਂ ਕਨੇਡਾ ਦੀਆਂ ਗੱਲਾਂ ਉਹੀ ਸੁਣਨਗੇ, ਦਾਦਾ ਜੀ ਵੀ ਜਲੰਧਰ ਤੋਂ ਦਵਾਈ ਲੈਣ ਗਏ ਹਨ ਮੈਂ ਤਾਂ ਤੇਰੇ ਨਾਲ ਉਨਾਂ ਨੂੰ ਵੀ ਉਡੀਕ ਰਹੀ ਸੀ, ਔਣ ਵਾਲੇ ਹੀ ਹੋਣਗੇ"।

ਗੁਰਨਾਮ ਸਿੰਘ ਨੇ ਜਦ ਪਿੱਛਲੀ ਬਾਰੀ ਚੋਂ ਉੱਤਰਦੇ ਆਪਣੀ ਪੋਤੀ ਨੂੰ ਉਸ ਮੋਬਾਇਲ ਵਾਲੀ ਕੁੜੀ ਨਾਲ ਗੱਲਾਂ ਕਰਦੇ ਵੇਖਿਆ ਤਾਂ ਹੈਰਾਨ ਰਹਿ ਗਿਆ ਹੈ? ਇਹ ਤਾਂ ਉਹੀ ਜਲੰਧਰ ਵਾਲੀ ਕੁੜੀ ਹੈ ਜੋ ਮਨਜੀਤ ਨਾਲ ਗੁਰਦਾਸਪੁਰ ਬੀ-ਐਡ ਕਰਦੀ ਸੀ ਤੇ ਜਿਸ ਦੀਆਂ ਮਨਜੀਤ ਅਕਸਰ ਹੀ ਗੱਲਾਂ ਕਰਦੀ ਹੁੰਦੀ ਹੈ ਕਿ ਨਸੀਬ ਦਾ ਭਰਾ ਕਨੇਡਾ ਵਿੱਚ ਪੱਕਾ ਹੈ ਤੇ ਫੇਰ ਸ਼ਰਮ ਨਾਲ ਨੀਵੀਂ ਪਾ ਲੈਂਦੀ ਸੀ। ਗੁਰਨਾਮ ਸਿੰਘ ਨੂੰ ਯਾਦ ਆਇਆ ਕਿ ਇੱਕ ਦਿਨ ਇਸ ਕੁੜੀ ਨੇ ਮਨਜੀਤ ਦੀ ਮਾਂ ਨਾਲ ਆਪਣੇ ਕਨੇਡਾ ਗਏ ਭਰਾ ਨਾਲ ਮਨਜੀਤ ਦੇ ਰਿਸ਼ਤੇ ਦੀ ਗੱਲ ਤੋਰੀ ਸੀ। ਗੁਰਨਾਮ ਸਿੰਘ ਥੋੜੀ ਦੇਰ ਬੱਸ ਅੱਡੇ ਤੇ ਰੁਕ ਕੇ ਘਰ ਪਹੁੰਚ ਗਿਆ।

ਇਕ ਹਫਤੇ ਵਿੱਚ ਨਸੀਬ ਦੇ ਭਰਾ ਜਸਵੰਤ ਦਾ ਰਿਸ਼ਤਾ ਪੱਕਾ ਹੋ ਗਿਆ ਤੇ ਅਗਲੇ ਮਹੀਨੇ ਜਸਵੰਤ ਦੇ ਕਨੇਡਾ ਔਣ ਤੇ ਵਿਆਹ ਦਾ ਦਿਨ ਵੀ ਬੰਨ ਲਿਆ। ਹੁਣ ਗੁਰਨਾਮ ਸਿੰਘ ਦੇ ਖਿਆਲ ਕਨੇਡਾ ਦੀ ਧਰਤੀ ਦੀ ਚਰਨ ਛੋਹ ਪ੍ਰਾਪਤ ਕਰਨ ਲਈ ਉਡਾਰੀਆਂ ਮਾਰਨ ਲੱਗੇ ਕਿ ਹੁਣ ਉਸ ਦਾ ਵੀ ਬੁਢੇਪੇ ਵਿੱਚ ਕਨੇਡਾ ਜਾਣ ਦਾ ਰਾਹ ਪਕਾ ਬਣ ਗਿਆ। ਅੱਜ ਉਹੀ ਮਾਪਿਆਂ ਦੀਆਂ ਬਰੂਹਾਂ ਤੇ ਉੱਗਿਆ ਥੋਹਰ ਗੁਰਨਾਮ ਸਿੰਘ ਦੇ ਵਿਹੜੇ ਵਿੱਚ ਖਿੜਿਆ ਗੁਲਾਬ ਦਾ ਮਹਿਕਾਂ ਖਿਲਾਰ ਰਿਹਾ ਸੀ।






# ਕਹਾਣੀ – ਅਡੋਲ ਹੌਂਸਲਾ



ਪਿੰਡ ਦੀ ਇਕ ਸ਼ਾਨਦਾਰ ਕੋਠੀ ਵਿੱਚ ਵਿਆਹ ਦੀਆਂ ਰੌਣਕਾਂ ਸਨ। ਪੜ੍ਹੀ-ਲਿਖੀ ਤੇ ਖ਼ੂਬਸੂਰਤ ਲੜਕੀ ਸਿਮਰਨ ਦਾ ਵਿਆਹ, ਇੱਕ ਹੋਣਹਾਰ ਤੇ ਸਾਫ਼ ਦਿਲ ਲੜਕੇ ਅਮਨ ਨਾਲ ਹੋਇਆ ਸੀ। ਦੋਨੋਂ ਇੱਕ ਦੂਜੇ ਨਾਲ ਬੇਹੱਦ ਪਿਆਰ ਕਰਦੇ ਸਨ। ਸਿਮਰਨ ਲਈ ਅਮਨ ਸਿਰਫ਼ ਪਤੀ ਨਹੀਂ, ਸਗੋਂ ਉਸਦਾ ਸੱਚਾ ਸਾਥੀ ਸੀ। ਜਿਸਦੇ ਸਾਹਮਣੇ ਉਹ ਆਪਣੇ ਹਰ ਸੁਪਨੇ ਨੂੰ ਬਿਨਾਂ ਡਰੇ ਬਿਆਨ ਕਰ ਸਕਦੀ ਸੀ।

ਹਾਲਾਂਕਿ, ਘਰ ਦਾ ਮਾਹੌਲ ਇੰਨਾ ਸੋਹਣਾ ਨਹੀਂ ਸੀ। ਅਮਨ ਦੇ ਘਰਦੇ ਉਸਨੂੰ ਅਕਸਰ ਕਹਿੰਦੇ, "ਘਰਵਾਲੀ ਨੂੰ ਕਾਬੂ ਵਿੱਚ ਰੱਖਿਆ ਕਰ... ਨਹੀਂ ਤਾਂ ਕੱਲ੍ਹ ਨੂੰ ਸਿਰ 'ਤੇ ਚੜ ਜਾਵੇਗੀ।"

ਪਰ ਅਮਨ ਹਮੇਸ਼ਾ ਮੁਸਕੁਰਾ ਕੇ ਜਵਾਬ ਦਿੰਦਾ, "ਪਿਆਰ ਵਿੱਚ ਕਾਬੂ ਨਹੀਂ ਹੁੰਦਾ, ਸਗੋਂ ਭਰੋਸਾ ਹੁੰਦਾ ਹੈ।"

ਕਿੰਨੀਆਂ ਵੀ ਤੋਹਮਤਾਂ ਲੱਗਣ, ਕਿੰਨੀਆਂ ਵੀ ਗੱਲਾਂ ਬਣਨ—ਅਮਨ ਨੇ ਕਦੇ ਵੀ ਸਿਮਰਨ ਉੱਤੇ ਸ਼ੱਕ ਨਹੀਂ ਕੀਤਾ। ਉਸਦੇ ਲਈ ਉਸਦੀ ਘਰਵਾਲੀ ਦੀ ਇਜ਼ਤ ਸਭ ਤੋਂ ਵੱਡੀ ਸੀ।

ਕੁਝ ਸਮੇਂ ਬਾਅਦ, ਉਹਨਾਂ ਦੀ ਜ਼ਿੰਦਗੀ ਵਿੱਚ ਇੱਕ ਨਿੱਕਾ ਜਿਹਾ ਫੁੱਲ ਆਇਆ—ਉਹਨਾਂ ਦਾ ਪੁੱਤ। ਘਰ ਵਿੱਚ ਖੁਸ਼ੀਆਂ ਵੱਸ ਗਈਆਂ... ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਇੱਕ ਦਿਨ ਅਚਾਨਕ ਖ਼ਬਰ ਆਈ—ਅਮਨ ਦਾ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ। ਸਿਮਰਨ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਆਪਣੇ ਪਤੀ ਦੀ ਲਾਸ਼ ਨਾਲ ਲਿਪਟ ਕੇ ਇਸ ਤਰ੍ਹਾਂ ਰੋਈ, ਜਿਵੇਂ ਉਸਦੀ ਰੂਹ ਹੀ ਨਿਕਲ ਗਈ ਹੋਵੇ। ਉਸਦੀ ਗੋਦ ਵਿੱਚ ਬੈਠਾ ਨਿੱਕਾ ਬੱਚਾ ਵੀ ਮਾਂ ਦੇ ਹੰਝੂ ਵੇਖ ਕੇ ਰੋਣ ਲੱਗ ਪਿਆ।

ਉਸ ਦਿਨ ਮਗਰੋਂ, ਉਸਦੀ ਜ਼ਿੰਦਗੀ ਦੋ ਹਿੱਸਿਆਂ ਵਿੱਚ ਵੰਡੀ ਗਈ—
ਇੱਕ ਅਮਨ ਨਾਲ... ਤੇ ਦੂਜਾ ਉਸਦੇ ਬਿਨਾਂ।

ਕੁਝ ਦਿਨਾਂ ਬਾਅਦ, ਉਸਦੇ ਮਾਪੇ ਉਸਨੂੰ ਆਪਣੇ ਕੋਲ ਲੈ ਆਏ। ਪਰ ਸਮਾਜ ਦੇ ਦਬਾਅ ਅਤੇ "ਲੋਕ ਕੀ ਕਹਿਣਗੇ" ਵਾਲੀ ਸੋਚ ਨੇ, ਉਸਦੇ ਸਾਹਮਣੇ ਨਵਾਂ ਇਮਤਿਹਾਨ ਰੱਖ ਦਿੱਤਾ।

"ਤੈਨੂੰ ਦੂਜਾ ਵਿਆਹ ਕਰਨਾ ਪਵੇਗਾ ਬੇਟੀ..." ਉਸਦੇ ਮਾਪਿਆਂ ਨੇ ਝਿਜਕਦੇ ਹੋਏ ਕਿਹਾ।

ਸਿਮਰਨ ਨੇ ਪਹਿਲਾਂ ਤਾਂ ਇਨਕਾਰ ਕਰ ਦਿੱਤਾ। ਕਿਉਂਕਿ, ਉਸਦਾ ਦਿਲ ਅਜੇ ਵੀ ਅਮਨ ਦੀਆਂ ਯਾਦਾਂ ਨਾਲ ਭਰਿਆ ਸੀ। ਪਰ ਜਦੋਂ ਉਸਦੇ ਬੱਚੇ ਦਾ ਭਵਿੱਖ ਉਸਦੇ ਸਾਹਮਣੇ ਰੱਖਿਆ ਗਿਆ, ਤਾਂ ਉਸਨੇ ਆਪਣਾ ਦਰਦ ਦਬਾ ਕੇ ਹਾਂ ਕਰ ਦਿੱਤੀ।

ਪਰ ਇਸ ਵਾਰ ਕਿਸਮਤ ਨੇ ਉਸ ਨਾਲ ਹੋਰ ਵੀ ਵੱਡਾ ਧੋਖਾ ਕੀਤਾ। ਉਸਦਾ ਵਿਆਹ ਇੱਕ ਐਸੇ ਆਦਮੀ ਨਾਲ ਹੋਇਆ, ਜੋ ਉਸਤੋਂ ਨਾ ਕੇਵਲ 10 ਸਾਲ ਵੱਡਾ ਸੀ, ਸਗੋਂ ਸ਼ਰਾਬੀ ਤੇ ਬੇਰਹਿਮ ਵੀ ਸੀ।

ਵਿਆਹ ਤੋਂ ਬਾਅਦ, ਉਸਦੀ ਜ਼ਿੰਦਗੀ ਨਰਕ ਬਣ ਗਈ। ਹਰ ਰੋਜ਼ ਉਹ ਆਦਮੀ, ਨਸ਼ੇ ਵਿੱਚ ਡੁੱਬਿਆ ਰਹਿੰਦਾ ਅਤੇ ਛੋਟੀਆਂ ਛੋਟੀਆਂ ਗੱਲਾਂ 'ਤੇ ਉਸਨੂੰ ਕੁੱਟਦਾ ਮਾਰਦਾ।

ਉਸਦੀ ਸੱਸ ਵੀ ਉਸਨੂੰ ਕਦੇ ਚੈਨ ਨਾਲ ਨਹੀਂ ਰਹਿਣ ਦਿੰਦੀ ਸੀ। ਸਾਰਾ ਦਿਨ ਕੰਮ ਕਰਵਾ ਕੇ ਵੀ ਕਮੀਆਂ ਕੱਢਦੀ ਅਤੇ ਆਪਣੇ ਪੁੱਤ ਨੂੰ ਉਸਦੇ ਖ਼ਿਲਾਫ਼ ਭੜਕਾਉਂਦੀ।

ਸਭ ਤੋਂ ਵੱਡੀ ਚਿੰਤਾ ਸਿਮਰਨ ਨੂੰ ਆਪਣੇ ਬੱਚੇ ਦੀ ਸੀ। ਉਸਦਾ ਦਿਲ ਹਰ ਵੇਲੇ ਕੰਬਦਾ ਰਹਿੰਦਾ— "ਕਿਤੇ ਇਹ ਜ਼ਾਲਮ ਇਨਸਾਨ, ਮੇਰੇ ਪੁੱਤ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਵੇ..."

ਕਈ ਰਾਤਾਂ ਉਹ ਆਪਣੇ ਬੱਚੇ ਨੂੰ ਛਾਤੀ ਨਾਲ ਲਗਾ ਕੇ ਜਾਗਦੀ ਰਹਿੰਦੀ। ਉਸਦੀਆਂ ਅੱਖਾਂ ਵਿੱਚ ਨੀਂਦ ਨਹੀਂ, ਸਿਰਫ਼ ਡਰ ਹੁੰਦਾ ਸੀ।

ਕਿਉਂਕਿ, ਉਸਦਾ ਪਤੀ ਉਸਦੇ ਬੱਚੇ ਨਾਲ ਬਹੁਤ ਜ਼ਿਆਦਾ ਨਫ਼ਰਤ ਕਰਦਾ ਸੀ। ਜਿਵੇਂ ਹੀ ਬੱਚਾ ਰੋਂਦਾ, ਉਹ ਗਾਲਾਂ ਕੱਢਦਾ ਤੇ ਘਰ ਵਿੱਚ ਹੰਗਾਮਾ ਕਰ ਦਿੰਦਾ।

ਪੇਕਿਆਂ ਨੇ ਵੀ ਉਸਨੂੰ ਇੱਕ ਹੀ ਗੱਲ ਸਮਝਾਈ ਸੀ— "ਹੁਣ ਮੁੜਕੇ ਨਾ ਸਾਡੇ ਵੱਲ ਆਈਂ... ਉਹ ਜਿਵੇਂ ਵੀ ਰੱਖੇ, ਓਥੇ ਹੀ ਰਹੀਂ।"

ਸਿਮਰਨ ਅੰਦਰੋਂ ਟੁੱਟ ਰਹੀ ਸੀ... ਪਰ ਬਾਹਰੋਂ ਚੁੱਪ ਸੀ। ਗਵਾਂਢੀ ਕਈ ਵਾਰ ਉਸਦੀ ਹਾਲਤ ਦੇਖ ਕੇ ਕਹਿੰਦੇ, "ਪੁਲਿਸ ਕੋਲ ਜਾ... ਆਪਣੀ ਅਤੇ ਆਪਣੇ ਬੱਚੇ ਦੀ ਰੱਖਿਆ ਕਰ।"

ਪਰ ਉਹ ਹਮੇਸ਼ਾ ਮੁਸਕੁਰਾ ਕੇ ਬੋਲ ਦਿੰਦੀ, "ਰੱਬ ਦਾ ਭਾਣਾ ਏ... ਜੋ ਉਸਨੂੰ ਮਨਜ਼ੂਰ ਹੈ, ਉਹ ਹੋਕੇ ਰਹੇਗਾ।"

ਪਰ ਉਸਦੇ ਦਿਲ ਵਿੱਚ ਇੱਕ ਅੱਗ ਸੀ—ਇਸ ਨਰਕ ਤੋਂ ਨਿਕਲਣ ਦੀ।

ਫਿਰ ਉਸਦੀ ਜ਼ਿੰਦਗੀ ਵਿੱਚ ਇੱਕ ਰੋਸ਼ਨੀ ਬਣਕੇ ਆਈ—ਉਸਦੀ ਬਚਪਨ ਦੀ ਸਹੇਲੀ। ਉਹਨਾਂ ਦੀਆਂ ਗੱਲਾਂ ਲੁਕ ਛਿਪ ਕੇ ਮੋਬਾਈਲ 'ਤੇ ਹੁੰਦੀਆਂ, ਜਿੱਥੇ ਸਿਮਰਨ ਆਪਣੇ ਸਾਰੇ ਦੁੱਖ ਬਿਆਨ ਕਰਦੀ।

ਉਸਦੀ ਸਹੇਲੀ ਨੇ ਪਹਿਲਾਂ ਉਸਨੂੰ ਕਿਹਾ ਕਿ ਪ੍ਰਦੇਸ਼ ਚਲੀ ਜਾ... ਪਰ ਪੈਸਿਆਂ ਦੀ ਕਮੀ ਅਤੇ ਬੱਚੇ ਨੂੰ ਛੱਡਣ ਦਾ ਡਰ—ਇਹ ਰਸਤਾ ਮੁਸ਼ਕਲ ਸੀ।

ਫਿਰ ਉਸਨੇ ਇੱਕ ਹੋਰ ਰਾਹ ਦਿਖਾਇਆ— "ਤੂੰ ਪੜ੍ਹੀ ਲਿਖੀ ਏਂ... ਸਰਕਾਰੀ ਨੌਕਰੀ ਲਈ ਤਿਆਰੀ ਕਰ।"

ਇਹ ਗੱਲ ਸਿਮਰਨ ਦੇ ਦਿਲ ਵਿੱਚ ਵੱਜ ਗਈ। ਉਸ ਦਿਨ ਤੋਂ ਉਸਨੇ ਆਪਣੀ ਜੰਗ ਸ਼ੁਰੂ ਕਰ ਦਿੱਤੀ। ਦਿਨ ਵਿੱਚ ਘਰ ਦੇ ਸਾਰੇ ਕੰਮ... ਤੇ ਰਾਤ ਨੂੰ ਮੱਧਮ ਰੋਸ਼ਨੀ ਵਿੱਚ ਪੜ੍ਹਾਈ।

ਕਈ ਵਾਰ ਅੱਖਾਂ ਨੀਂਦ ਨਾਲ ਬੰਦ ਹੋ ਜਾਂਦੀਆਂ, ਪਰ ਉਹ ਆਪਣੇ ਆਪ ਨੂੰ ਜਗਾ ਲੈਂਦੀ। ਸਰੀਰ ਥੱਕਦਾ ਗਿਆ... ਪਰ ਹੌਂਸਲਾ ਨਹੀਂ ਟੁੱਟਿਆ।

ਉਹ ਹਰ ਰਾਤ ਆਪਣੇ ਆਪ ਨੂੰ ਕਹਿੰਦੀ, "ਇਹ ਦਰਦ ਸਦਾ ਲਈ ਨਹੀਂ... ਇੱਕ ਦਿਨ ਮੈਂ ਜ਼ਰੂਰ ਜਿੱਤਾਂਗੀ।"

ਅਖ਼ੀਰ ਉਹ ਦਿਨ ਆ ਗਿਆ—ਜਦੋਂ ਉਸਦਾ ਇਮਤਿਹਾਨ ਪਾਸ ਹੋ ਗਿਆ। ਡਾਕ ਰਾਹੀਂ ਉਸਨੂੰ ਨਿਯੁਕਤੀ ਪੱਤਰ ਮਿਲਿਆ।

ਉਸ ਦਿਨ ਉਸਨੇ ਸਾਲਾਂ ਬਾਅਦ ਖੁੱਲ ਕੇ ਮੁਸਕੁਰਾਇਆ। ਜਦੋਂ ਇਹ ਗੱਲ ਉਸਦੇ ਬੇਰਹਿਮ ਪਤੀ ਤੇ ਲਾਲਚੀ ਸੱਸ ਨੂੰ ਪਤਾ ਲੱਗੀ, ਤਾਂ ਉਹਨਾਂ ਦਾ ਰਵੱਈਆ ਬਦਲ ਗਿਆ। ਹੁਣ ਉਹ ਪਿਆਰ ਦਿਖਾਉਣ ਲੱਗੇ... ਮਿੱਠੀਆਂ ਗੱਲਾਂ ਕਰਨ ਲੱਗੇ।

ਪਰ ਸਿਮਰਨ ਹੁਣ ਉਹ ਪੁਰਾਣੀ ਸਿਮਰਨ ਨਹੀਂ ਸੀ। ਉਸਨੇ ਉਹਨਾਂ ਦੀਆਂ ਅੱਖਾਂ ਵਿੱਚ ਲਾਲਚ ਪੜ੍ਹ ਲਿਆ ਸੀ। ਉਹ ਹੁਣ ਜਲਦੀ ਤੋਂ ਜਲਦੀ ਇਸ ਨਰਕ ਵਿਚੋਂ ਨਿਕਲਣਾ ਚਾਹੁੰਦੀ ਸੀ।

ਅਗਲੀ ਸਵੇਰ, ਉਸਨੇ ਆਪਣੇ ਪੁੱਤ ਦਾ ਹੱਥ ਫੜਿਆ... ਘਰ ਦੇ ਦਰਵਾਜ਼ੇ ਵੱਲ ਵੇਖਿਆ... ਤੇ ਬਿਨਾ ਪਿੱਛੇ ਦੇਖੇ ਤੁਰ ਪਈ।

ਉਹ ਲਗਾਤਾਰ ਤੁਰ ਰਹੀ ਸੀ— ਡਰ ਤੋਂ ਦੂਰ... ਦਰਦ ਤੋਂ ਦੂਰ... ਇੱਕ ਨਵੀਂ ਜ਼ਿੰਦਗੀ ਵੱਲ।

ਸਿੱਖਿਆ- ਇਹ ਕਹਾਣੀ ਸਿਰਫ਼ ਸਿਮਰਨ ਦੀ ਨਹੀਂ... ਹਰ ਉਸ ਇਨਸਾਨ ਦੀ ਹੈ, ਜੋ ਹਾਲਾਤਾਂ ਦੇ ਅੱਗੇ ਝੁਕਦਾ ਨਹੀਂ। ਜ਼ਿੰਦਗੀ ਕਈ ਵਾਰ ਸਾਨੂੰ ਟੁੱਟਣ ਲਈ ਮਜਬੂਰ ਕਰਦੀ ਹੈ... ਪਰ ਅਸਲ ਤਾਕਤ ਇਹੀ ਹੈ, ਕਿ ਅਸੀਂ ਟੁੱਟ ਕੇ ਵੀ ਦੁਬਾਰਾ ਖੜ੍ਹੇ ਹੋਈਏ। ਜੇ ਹੌਂਸਲਾ ਜ਼ਿੰਦਾ ਹੈ, ਤਾਂ ਕੋਈ ਵੀ ਹਨੇਰਾ ਸਦੀਵੀ ਨਹੀਂ ਹੁੰਦਾ। ਜੇ ਇਰਾਦਾ ਪੱਕਾ ਹੈ, ਤਾਂ ਨਰਕ ਵਿੱਚੋਂ ਵੀ ਰਾਹ ਨਿਕਲ ਆਉਂਦਾ ਹੈ। ਕਦੇ ਵੀ ਆਪਣੇ ਆਪ ਨੂੰ ਕਮਜ਼ੋਰ ਨਾ ਸਮਝੋ। ਤੁਹਾਡੇ ਅੰਦਰ ਇੱਕ ਅਜਿਹੀ ਤਾਕਤ ਹੈ, ਜੋ ਹਰ ਤੂਫ਼ਾਨ ਨੂੰ ਹਰਾ ਸਕਦੀ ਹੈ।

ਸਰਦਾਰ_ਮਨਪ੍ਰੀਤ_ਸਿੰਘ

# ਪੰਜਾਬੀ ਸੰਗੀਤ ਨਾਲ ਅਟੁੱਟ ਰਿਸ਼ਤਾ ਬਣਾ ਗਈ ਆਸ਼ਾ ਭੋਸਲੇ



ਭਾਰਤੀ ਸੰਗੀਤ ਜਗਤ ਦੀ ਮਹਾਨ ਗਾਇਕਾ ਆਸ਼ਾ ਭੋਸਲੇ ਦੇ ਦਿਹਾਂਤ ਨਾਲ ਸਿਰਫ਼ ਹਿੰਦੀ ਜਾਂ ਭਾਰਤੀ ਸੰਗੀਤ ਹੀ ਨਹੀਂ, ਸਗੋਂ ਪੰਜਾਬੀ ਸੰਗੀਤ ਨੇ ਵੀ ਆਪਣੀ ਇੱਕ ਅਨਮੋਲ ਵਿਰਾਸਤ ਗੁਆ ਲਈ। ਉਹ ਸਿਰਫ਼ ਇੱਕ ਆਵਾਜ਼ ਨਹੀਂ ਸੀ, ਬਲਕਿ ਇੱਕ ਅਜਿਹਾ ਸੁਰ ਸਾਗਰ ਸੀ, ਜਿਸਦੀਆਂ ਲਹਿਰਾਂ ਨੇ ਭਾਸ਼ਾਵਾਂ ਅਤੇ ਸੱਭਿਆਚਾਰਾਂ ਦੀਆਂ ਹੱਦਾਂ ਨੂੰ ਪਾਰ ਕਰਕੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਈ।

ਆਸ਼ਾ ਭੋਸਲੇ ਦਾ ਸੰਗੀਤਕ ਦਾਇਰਾ ਬੇਹੱਦ ਵਿਸ਼ਾਲ ਸੀ। ਲਗਭਗ 20 ਤੋਂ ਵੱਧ ਭਾਸ਼ਾਵਾਂ ਵਿੱਚ 12 ਹਜ਼ਾਰ ਦੇ ਕਰੀਬ ਗੀਤ ਗਾਉਣਾ ਸਿਰਫ਼ ਇੱਕ ਆਂਕੜਾ ਨਹੀਂ, ਸਗੋਂ ਉਹਨਾਂ ਦੀ ਪ੍ਰਤਿਭਾ, ਲਗਨ ਅਤੇ ਕਲਾ ਪ੍ਰਤੀ ਸਮਰਪਣ ਦਾ ਜਿਉਂਦਾ-ਜਾਗਦਾ ਸਬੂਤ ਹੈ। ਪਰ ਇਸ ਵਿਸ਼ਾਲ ਯਾਤਰਾ ਵਿੱਚ ਪੰਜਾਬੀ ਸੰਗੀਤ ਨਾਲ ਉਨ੍ਹਾਂ ਦਾ ਨਾਤਾ ਖਾਸ ਤੌਰ 'ਤੇ ਦਿਲ ਨੂੰ ਛੂਹਣ ਵਾਲਾ ਰਿਹਾ।

ਮਰਾਠੀ ਮੂਲ ਦੀ ਹੋਣ ਦੇ ਬਾਵਜੂਦ, ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਸਿਰਫ਼ ਗਾਇਆ ਹੀ ਨਹੀਂ, ਸਗੋਂ ਉਸਨੂੰ ਜੀਅ ਵੀ ਲਿਆ। ਪੰਜਾਬੀ ਫ਼ਿਲਮਾਂ ਲਈ ਗਾਏ ਉਨ੍ਹਾਂ ਦੇ ਗੀਤਾਂ ਵਿੱਚ ਅਜਿਹੀ ਮਿਠਾਸ, ਅਜਿਹਾ ਲਹਿਜ਼ਾ ਅਤੇ ਅਜਿਹਾ ਅਹਿਸਾਸ ਸੀ ਕਿ ਸੁਣਨ ਵਾਲਾ ਇਹ ਭੁੱਲ ਹੀ ਜਾਂਦਾ ਸੀ ਕਿ ਇਹ ਆਵਾਜ਼ ਕਿਸੇ ਗੈਰ-ਪੰਜਾਬੀ ਦੀ ਹੈ। "ਨਾਨਕ ਨਾਮ ਜਹਾਜ ਹੈ", "ਮਨ ਜੀਤੇ ਜਗ ਜੀਤ", "ਸੱਸੀ ਪੁੰਨੂੰ", " ਸੋਹਣੀ ਮਹੀਵਾਲ ", "ਉਡੀਕਾਂ", "ਸਵਾ ਲਾਖ ਸੇ ਏਕ ਲੜਾਊਂ", "ਕਣਕਾਂ ਦੇ ਓਹਲੇ", "ਚੰਗੇ ਮੰਦੇ ਤੇਰੇ ਬੰਦੇ", "ਲਾਡਲੀ", "ਸਹਿਤੀ ਮੁਰਾਦ", "ਪ੍ਰੇਮੀ ਗੰਗਾ ਰਾਮ" ਅਤੇ "ਮੁਟਿਆਰ" ਵਰਗੀਆਂ ਅਨੇਕਾਂ ਫ਼ਿਲਮਾਂ ਦੇ ਗੀਤਾਂ ਰਾਹੀਂ ਉਨ੍ਹਾਂ ਨੇ ਪੰਜਾਬੀ ਸਿਨੇਮਾ ਨੂੰ ਇੱਕ ਅਮੋਲਕ ਖ਼ਜ਼ਾਨਾ ਬਖ਼ਸ਼ਿਆ।

ਉਨ੍ਹਾਂ ਦੇ ਗਾਏ ਗੀਤ—"ਦਸ ਮੇਰਿਆ ਦਿਲਬਰਾ ਵੇ", "ਯਾਰੀ ਹਾਣ ਦੇ ਮੁੰਡੇ ਨਾਲ ਲਾਉਣੀ", "ਜਦੋਂ ਜਦੋਂ ਵੀ ਬਨੇਰੇ ਬੋਲੇ ਕਾਂ", "ਤੂੰ ਪੀਂਘ ਤੇ ਮੈਂ ਪਰਛਾਵਾਂ", "ਪਹਿਲੀ ਪਹਿਲੀ ਵਾਰ ਮੈਨੂੰ", "ਡਾਚੀ ਵਾਲਿਆ ਵੇ", ਅਤੇ "ਮੈਨੂੰ ਚੂੜੀਆਂ ਚੜ੍ਹਾਦੇ ਚੰਨ ਵੇ ਮੈਂ ਛਮ ਛਮ ਨੱਚਦੀ ਫਿਰਾਂ"—ਅੱਜ ਵੀ ਸਮੇਂ ਦੀਆਂ ਹੱਦਾਂ ਤੋਂ ਪਰੇ ਹੋ ਕੇ ਸਦਾ-ਬਹਾਰ ਬਣੇ ਹੋਏ ਹਨ। ਇਹ ਗੀਤ ਸਿਰਫ਼ ਸੁਰ ਨਹੀਂ, ਸਗੋਂ ਪੰਜਾਬੀ ਲੋਕ-ਰੂਹ ਦੇ ਅਹਿਸਾਸ ਹਨ, ਜੋ ਪੀੜ੍ਹੀ-ਦਰ-ਪੀੜ੍ਹੀ ਦਿਲਾਂ ਵਿੱਚ ਵੱਸਦੇ ਹਨ।

ਇਸ ਤੋਂ ਇਲਾਵਾ, ਉਨ੍ਹਾਂ ਵਲੋਂ ਗਾਏ ਗੁਰਬਾਣੀ ਸ਼ਬਦ—"ਰੇ ਮਨ ਐਸੋ ਕਰਿ ਸੰਨਿਆਸਾ", "ਮੇਰੇ ਸਾਹਿਬ ਮੇਰੇ ਸਾਹਿਬ", "ਪ੍ਰਭ ਜੂ ਤੋ ਕਹ ਲਾਜ ਹਮਾਰੀ", ਜਿਸ ਕੇ ਸਿਰ ਉਪਰ ਤੂੰ ਸੁਆਮੀ"—ਉਨ੍ਹਾਂ ਦੀ ਆਤਮਿਕ ਗਹਿਰਾਈ ਅਤੇ ਸੁਰਾਂ ਦੀ ਪਵਿੱਤਰਤਾ ਨੂੰ ਦਰਸਾਉਂਦੇ ਹਨ। ਇਹ ਸ਼ਬਦ ਸੁਣ ਕੇ ਮਨ ਨੂੰ ਇੱਕ ਅਜਿਹਾ ਸਕੂਨ ਮਿਲਦਾ ਹੈ, ਜੋ ਸਿਰਫ਼ ਇੱਕ ਸੱਚੇ ਸਾਧਕ ਦੀ ਆਵਾਜ਼ ਹੀ ਦੇ ਸਕਦੀ ਹੈ।

ਆਸ਼ਾ ਭੋਸਲੇ ਦਾ ਪੰਜਾਬੀ ਸੰਗੀਤ ਪ੍ਰਤੀ ਯੋਗਦਾਨ ਸਿਰਫ਼ ਗੀਤਾਂ ਤੱਕ ਸੀਮਿਤ ਨਹੀਂ, ਸਗੋਂ ਇਹ ਇੱਕ ਸੱਭਿਆਚਾਰਕ ਪੁਲ ਵਾਂਗ ਹੈ, ਜਿਸ ਨੇ ਭਾਸ਼ਾਵਾਂ ਦੀਆਂ ਹੱਦਾਂ ਨੂੰ ਮਿਟਾ ਕੇ ਦਿਲਾਂ ਨੂੰ ਜੋੜਿਆ। ਉਨ੍ਹਾਂ ਦੀ ਆਵਾਜ਼ ਨੇ ਇਹ ਸਾਬਤ ਕੀਤਾ ਕਿ ਸੰਗੀਤ ਦੀ ਕੋਈ ਭਾਸ਼ਾ ਨਹੀਂ ਹੁੰਦੀ—ਇਹ ਸਿਰਫ਼ ਅਹਿਸਾਸਾਂ ਦੀ ਬੋਲੀ ਬੋਲਦਾ ਹੈ।

ਅੱਜ ਜਦੋਂ ਉਹ ਸਾਡੇ ਵਿਚ ਨਹੀਂ ਰਹੇ, ਉਨ੍ਹਾਂ ਦੀ ਆਵਾਜ਼ ਫਿਰ ਵੀ ਹਰ ਕੋਨੇ ਵਿੱਚ ਗੂੰਜ ਰਹੀ ਹੈ। ਪੰਜਾਬੀ ਸੰਗੀਤ ਵਿੱਚ ਉਨ੍ਹਾਂ ਦੀ ਦਿੱਤੀ ਹੋਈ ਵਿਰਾਸਤ ਹਮੇਸ਼ਾਂ ਜੀਊਂਦੀ ਰਹੇਗੀ। ਉਹ ਸਦਾ ਆਪਣੇ ਗੀਤਾਂ ਰਾਹੀਂ ਸਾਡੇ ਦਿਲਾਂ ਵਿੱਚ ਵੱਸਦੀ ਰਹੇਗੀ। ਇੱਕ ਅਮਰ ਸੁਰ ਬਣ ਕੇ, ਜੋ ਕਦੇ ਮਿਟ ਨਹੀਂ ਸਕਦਾ।



ਬਲਦੇਵ ਸਿੰਘ ਬੇਦੀ
ਜਲੰਧਰ

# ਪੰਜਾਬੀ ਦੀ ਸਭ ਤੋਂ ਵੱਡੀ ਚੁਣੌਤੀ—ਪੰਜਾਬੀ ਵਾਲੇ ਆਪ

ਅੱਜਕੱਲ੍ਹ ਸੈਮੀਨਾਰਾਂ ਦੇ ਮੰਚਾਂ 'ਤੇ ਪੰਜਾਬੀ ਦੀ ਚਿੰਤਾ ਬੜੀ ਸ਼ਾਨ ਨਾਲ ਉਚਾਰੀ ਜਾਂਦੀ ਹੈ। ਸ਼ਬਦਾਂ ਦੇ ਦੀਵੇ ਬਾਲੇ ਜਾਂਦੇ ਹਨ, ਭਵਿੱਖ ਦੇ ਖਤਰੇ ਗਿਣਾਏ ਜਾਂਦੇ ਹਨ ਤੇ ਭਾਸ਼ਾ ਨੂੰ ਬਚਾਉਣ ਦੇ ਨਾਅਰੇ ਲੱਗਦੇ ਹਨ। ਪਰ ਇਸ ਸਾਰੀ ਚਮਕ-ਧਮਕ ਦੇ ਪਿੱਛੇ ਇੱਕ ਕੌੜੀ ਹਕੀਕਤ ਚੁੱਪਚਾਪ ਖੜੀ ਹੈ—ਪੰਜਾਬੀ ਲਈ ਸਭ ਤੋਂ ਵੱਡੀ ਚੁਣੌਤੀ ਬਾਹਰ ਨਹੀਂ, ਅੰਦਰ ਹੈ—ਅਸੀਂ ਖੁਦ।

ਸੈਮੀਨਾਰਾਂ ਵਿੱਚ ਅਸੀਂ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਾਂ, ਪਰ ਉਹ ਗੱਲਾਂ ਮੰਚ ਤੱਕ ਹੀ ਰਹਿ ਜਾਂਦੀਆਂ ਹਨ। ਜਿਵੇਂ ਹੀ ਪ੍ਰੋਗਰਾਮ ਮੁੱਕਦਾ ਹੈ, ਸਭ ਕੁਝ ਖਤਮ। ਰਿਸਰਚ ਪੇਪਰ ਪੜ੍ਹਿਆ, ਤਾਲੀਆਂ ਵੱਜੀਆਂ, ਸਰਟੀਫਿਕੇਟ ਮਿਲਿਆ, ਫੋਟੋਆਂ ਖਿੱਚੀਆਂ, ਟੀਏ/ਡੀਏ ਲਿਆ—ਤੇ ਫਿਰ ਘਰ ਵਾਪਸੀ। ਨਾ ਕੋਈ ਫਾਲੋਅੱਪ, ਨਾ ਕੋਈ ਜ਼ਿੰਮੇਵਾਰੀ, ਨਾ ਕੋਈ ਅਸਲ ਨਤੀਜਾ। ਇਹ ਸੈਮੀਨਾਰ ਹੁਣ ਵਿਚਾਰਾਂ ਦੇ ਮੰਚ ਨਹੀਂ ਰਹੇ, ਸਿਰਫ਼ "ਇਵੈਂਟ" ਬਣ ਕੇ ਰਹਿ ਗਏ ਹਨ।

ਜੇ ਅਸਲ ਵਿੱਚ ਕੁਝ ਬਦਲਣਾ ਹੈ, ਤਾਂ ਸੈਮੀਨਾਰ ਕਲਚਰ ਤੋਂ ਬਾਹਰ ਆਉਣਾ ਪਵੇਗਾ। ਲੋੜ ਹੈ ਜ਼ਮੀਨ 'ਤੇ ਕੰਮ ਕਰਨ ਦੀ—ਨਵੀਆਂ ਪੋਸਟਾਂ ਬਣਾਉਣ ਦੀ, ਜੋ ਹਨ ਉਹਨਾਂ ਨੂੰ ਬਚਾਉਣ ਦੀ, ਅਤੇ ਵਿਦਿਆਰਥੀਆਂ ਨੂੰ ਸਕੂਲਾਂ ਤੇ ਕਾਲਜਾਂ ਵੱਲ ਖਿੱਚਣ ਦੀ। ਇਹ ਸਿਰਫ਼ ਭਾਸ਼ਾ ਦੀ ਗੱਲ ਨਹੀਂ, ਸਾਡੀ ਰੋਟੀ-ਰੋਜ਼ੀ ਦਾ ਸਵਾਲ ਵੀ ਹੈ, ਜਿਸਨੂੰ ਅਸੀਂ ਖੁਦ ਹੀ ਹਲਕਾ ਬਣਾ ਦਿੱਤਾ ਹੈ।

ਪਰ ਦੂਜੇ ਪਾਸੇ ਕੌੜੀ ਹਕੀਕਤ ਇਹ ਵੀ ਹੈ ਕਿ ਕਈ ਲੋਕ ਜਾਣ-ਬੁੱਝ ਕੇ ਵਰਕਲੋਡ ਘਟਾ ਰਹੇ ਹਨ। ਜਿੱਥੇ ਨਵੀਆਂ ਪੋਸਟਾਂ ਬਣ ਸਕਦੀਆਂ ਹਨ, ਉੱਥੇ ਰੋਕਾਂ ਪਾਈਆਂ ਜਾਂਦੀਆਂ ਹਨ। ਫਾਇਲਾਂ ਅਟਕਾਈਆਂ ਜਾਂਦੀਆਂ ਹਨ, ਮੀਟਿੰਗਾਂ ਵਿੱਚ ਚੁੱਪੀ ਰੱਖੀ ਜਾਂਦੀ ਹੈ। ਇਥੇ ਤੱਕ ਕਿ ਨਵੇਂ ਖੁੱਲ੍ਹੇ ਕਾਲਜਾਂ ਵਿੱਚ ਪੰਜਾਬੀ ਵਿਸ਼ਾ ਸ਼ੁਰੂ ਕਰਨ ਵਿੱਚ ਵੀ ਅੜੰਗੇ ਲਾਏ ਜਾਂਦੇ ਹਨ—ਸਿਰਫ਼ ਇਸ ਡਰ ਨਾਲ ਕਿ ਕਿਤੇ ਡੈਪੂਟੇਸ਼ਨ 'ਤੇ ਨਾ ਜਾਣਾ ਪੈ ਜਾਵੇ। ਮਤਲਬ ਸਿੱਧਾ—ਆਪਣੀ ਸੁਖ-ਸੁਵਿਧਾ ਬਚਾਉਣ ਲਈ ਭਾਸ਼ਾ ਦੀ ਬਲੀ ਦੇ ਦਿੱਤੀ ਜਾਵੇ।

ਇਸਦਾ ਸਭ ਤੋਂ ਵੱਡਾ ਨੁਕਸਾਨ ਕੱਚੇ ਕਰਮਚਾਰੀਆਂ ਨੂੰ ਹੁੰਦਾ ਹੈ। ਉਹਨਾਂ ਦੇ ਪੀਰੀਅਡ ਘਟਾਏ ਜਾਂਦੇ ਹਨ, ਉਹਨਾਂ ਨੂੰ ਪਿੱਛੇ ਧੱਕਿਆ ਜਾਂਦਾ ਹੈ, ਤੇ ਆਖ਼ਿਰ ਵਿੱਚ ਉਹਨਾਂ ਦੀ ਨੌਕਰੀ ਹੀ ਖਤਰੇ ਵਿੱਚ ਪੈ ਜਾਂਦੀ ਹੈ। ਇਹ ਸਿਰਫ਼ ਗਲਤ ਨਹੀਂ—ਇਹ ਆਪਣੇ ਹੀ ਸਾਥੀਆਂ ਨਾਲ ਧੱਕਾ ਹੈ। ਇੱਕ ਪਾਸੇ ਅਸੀਂ ਕਹਿੰਦੇ ਹਾਂ ਕਿ ਪੰਜਾਬੀ ਖਤਰੇ ਵਿੱਚ ਹੈ, ਦੂਜੇ ਪਾਸੇ ਅਸੀਂ ਆਪ ਹੀ ਉਸਨੂੰ ਖਤਰੇ ਵਿੱਚ ਪਾ ਰਹੇ ਹਾਂ। ਜੇ ਇਹ ਸੋਚ ਨਹੀਂ ਬਦਲੀ, ਤਾਂ ਕਿਸੇ ਹੋਰ ਨੂੰ ਕੁਝ ਕਰਨ ਦੀ ਲੋੜ ਨਹੀਂ—ਅਸੀਂ ਆਪ ਹੀ ਕਾਫ਼ੀ ਹਾਂ।

ਹੁਣ ਫੈਸਲਾ ਸਾਫ਼ ਹੈ—ਕੀ ਅਸੀਂ ਸੈਮੀਨਾਰਾਂ ਦੀਆਂ ਤਾਲੀਆਂ ਨਾਲ ਖੁਸ਼ ਰਹਿਣਾ ਹੈ ਜਾਂ ਜ਼ਮੀਨ 'ਤੇ ਉਤਰ ਕੇ ਕੰਮ ਕਰਨਾ ਹੈ? ਕਲੱਬਬਾਜ਼ੀ ਚਲਾਉਣੀ ਹੈ ਜਾਂ ਸੱਚੀ ਕਮਿਊਨਟੀ ਬਣਾਉਣੀ ਹੈ? ਆਪਣੀ ਸੁਖ-ਸੁਵਿਧਾ ਦੇਖਣੀ ਹੈ ਜਾਂ ਭਵਿੱਖ ਬਚਾਉਣਾ ਹੈ?

ਜੇ ਅੱਜ ਨਹੀਂ ਸੋਚਿਆ, ਤਾਂ ਕੱਲ੍ਹ ਇਤਿਹਾਸ ਬਹੁਤ ਸਿੱਧੀ ਲਾਈਨ ਲਿਖੇਗਾ—

*ਪੰਜਾਬੀ ਨੂੰ ਕਿਸੇ ਹੋਰ ਨੇ ਨਹੀਂ, ਪੰਜਾਬੀ ਵਾਲਿਆਂ ਨੇ ਆਪ ਕਮਜ਼ੋਰ ਕੀਤਾ।*

ਡਾ. ਲਖਵੀਰ ਸਿੰਘ, ਸਿਰਸਾ







# ਓਨਟਾਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ

# Ontario Sikhs & Gurdwara Council

## celebrates




**CHANGE FROM LAST YEAR- NO PROGRAM AT EXIBITION PLACE NAGAR KIRTAN STARTS & FINISH AT CITY HALL**

ਖਾਲਸਾ ਜੀ ਦੇ ਬੋਲਬਾਲੇ ਅਤੇ ਸਿੱਖ ਕੌਮ ਦੀ ਚੜਦੀ ਕਲਾ ਦੇ ਪ੍ਰਤੀਕ ਖਾਲਸਾ ਸਾਜਨਾ ਦਿਵਸ ਦੇ ਸੰਬੰਧ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਓਨਟਾਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ ਵੱਲੋਂ ਮਹਾਨ ਨਗਰ ਕੀਰਤਨ 26 ਅਪ੍ਰੈਲ ਦਿਨ ਐਤਵਾਰ ਨੂੰ ਟੋਰਾਂਟੋ ਡਾਊਨਟਾਊਨ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ

Sikh Heritage Month

## PROGRAMME
## ਪ੍ਰੋਗਰਾਮ

**11 a.m. to 5:00 p.m.**

ਦੀਵਾਨ ਦਾ ਆਰੰਭ ਦੁਨੀਆਂ ਭਰ ਤੋਂ ਆਏ ਰਾਗੀ, ਢਾਡੀ ਅਤੇ ਕਥਾ ਵਾਚਕਾਂ ਵਲੋਂ ਕੀਤਾ ਜਾਵੇਗਾ

Start of kirtan by ragis, dhadi jathas from around the world at **Nathan Phillip Square, Toronto City Hall**

Start of Nagar Kirtan . ਨਗਰ ਕੀਰਤਨ ਦਾ ਆਰੰਭ

**1:30 p.m. Nagar Kirtan will Start from Bay Street (Going South)**

**Speakers at City Hall. ਸਿਟੀ ਹਾਲ ਵਿੱਚ ਸੰਦੇਸ਼**

**3:00 p.m. Nagar Kirtan Will Finish at University Ave(Going North to Armoury)**

Closing . ਸਮਾਪਤੀ **5 p.m. at City Hall**

## Parade Route

From Bay & Queen St. to Wellington St.
then University Ave. to North Armoury St.
and ending at City Hall

**PARKING** There is plenty of underground parking at Nathan Phillip Square, Toronto City Hall at a very reasonable flat rate for all day.

**TORONTO NAGAR KIRTAN 2026 - BUS PICK UP LOCATIONS**




Ontario Sikhs & Gurdwara Council (OSGC)

## KHALSA DAY DOWNTOWN NAGAR KIRTAN - APRIL 26, 2026
## BUS INFORMATION

Information only accurate at time of printing. Contact your local Gurdwara for any updated or additional information or details

CHANGE FROM LAST YEAR - NO PROGRAM AT EXIBITION PLACE
**NAGAR KIRTAN STARTS & FINISH AT CITY HALL**

Program

**11:00am Khalsa Day Celebrations begin at City Hall**
**1:30pm Nagar Kirtan - Start Bay Street (going south)**
**3:00pm Nagar Kirtan - Finish University Ave (going north to Armoury)**
**5:00pm Khalsa Day Celebrations close**

It is strongly recommended to come to the Khalsa Day Celeberation by GO Transit or the TTC. See details given within this magazine, fares, times of GO trains etc. This way you do not have to worry about parking and/or bus times as you can chose your own time and avoid waiting.

For those driving and especially volunteers you can park below Nathan Philips Square (Paid Parking) and the entrance is off Armoury/Chestnut Streets.

### GOING DOWNTOWN

In the morning come early to avoid the rush or being disappointed. Most buses will depart early at 10.00am for the City Hall, prior to the start of the Khalsa Day Program at City Hall.

### COMING BACK FROM DOWNTOWN

The first buses start to leave at 3:30pm for seniors or those with small children. Going home from City Hall is the most busy time as everyone wants to leave at the same time and the roads are busy and the buses take longer if they are making more than one trip. Be patient we will stay until everyone has left.

### OUT OF TOWN BUSES

Out of town buses canot ;leave until all those who came are on-board. For this reason we will have them park on Elm Street (see map). Last year Edward Street was used but there is construction on this street this year hence the change. The buses on University Avenue are for those who stop, fill up and leave making room for additional buses. Please do not use those locations for long term parking.

### SAFETY

Please only cross vehicular traffic roadways at pedestrian crossings or with right-of-way at traffic signals. Do not run or follow others. Please line up for your bus, stay in line and do not allow others to push in, we cannot police this as there are too many people, do not push, when you get on the bus go to the back and fill up seats, this way we do not have to keep checking if there are any empty seats. There are a lot of bicycle lanes now and you need to be extra careful when getting on and off buses so pay extra attention. Sight lines for the bus driver are difficult so keep away from blind spots and the back of buses. Think about the others, especially the elderly or those with small children, remember what we are celebrating and help them if you can.

**2** Burlington L7P 4P2
2400 Guelph Line (No Frills)
10:45am/5:00pm

**3** Gursikh Sabha Canada M1V 4X1
905 Midlefield Road, Scarborough
9:45am/3:30pm to 5:30pm

**3C** Durham Region L1H 7K4
1410 Stevenson Road, North Oshawa
9:45am/5:00pm

**4** Ontario Khalsa Darbar L5S 1B7
7080 Dixie Road, Mississauga
9:45am/3:30pm to 5:30pm

**5** Nanaksar Gurdwara L6Y 4V7
64 Timberlane Drive/McLaughlin Road
9:45am/3:30pm to 5:30pm

**5B** Sadh Sangat Gurdwara L6W 3G4
144 Kennedy Rd South/Steeles, Brampton
9:30am/5:00pm

**6** Ramgarhia Gurdwara M9M 2M8
140 Rivalda Road, North York
9:45am/3:30pm

**7** Sikh Heritage Centre - Mayfield
11796 Airport Road, North Brampton
9:30am/3:30pm L6R 0C7

**8** Rexdale Singh Sabha M9V 3Y8
47 Baywood Drive, Etobicoke
9:45am/3:30pm to 5:30pm

**9** Dasmesh Darbar L6P 2P7
4525 Ebenezer Road (near Gore Road)
9:45am/3:30pm to 5:30pm

**11** Out of Town Buses
Barrie, Brantford, Guelph, Hamilton, Kitchener, Private buses & other cities/towns
Check with your Gurdwara for more details on timing.

### SENIORS/SMALL CHILDREN

Due to the number of people attending, things can get difficult for the elderly or those with young children. Unfortunately not everyone is courteous in giving them priority, so we recommend come early and leave early so avoid having to wait for long periods of time. If things are too busy find a comfortable spot to sit and wait until the rush has finished.

### NEED HELP ON THE DAY


Ask the Guru Gobind Singh Children's Foundation (GGSCF) volunteers, they will be wearing a "yellow T-shirt or traffic vest".

**Questions: 416-873-4507**

**Bus Information**

In the morning there is a booth on University Avenue where all buses will drop off the sangat arriving for the Khalsa Day Celebrations. Here you can also check where your return bus will be parked for the journey back home. Maps are printed in this magazine but extra copies will be available at the booth so you do not have to carry the magazine.

# ਜਦੋਂ ਪ੍ਰਿਆਂਸ਼ ਆਰਿਆ ਦਾ ਦੋਸਤਾਂ ਨੇ ਮਜ਼ਾਕ ਉਡਾਇਆ... !



2024 ਦੇ IPL ਆਕਸ਼ਨ ਰੂਮ ਵਿੱਚ ਲੋਕ ਉਸ ਦਾ ਨਾਮ ਵੀ ਚੰਗੀ ਤਰ੍ਹਾਂ ਨਹੀਂ ਜਾਣਦੇ ਸੀ, ਤੇ ਉਸ ਦਾ ਮਜ਼ਾਕ ਬਣਾਇਆ ਜਾ ਰਿਹਾ ਸੀ।

ਪ੍ਰਿਆਂਸ਼ ਆਰਿਆ ਘਰ ਬੈਠ ਕੇ ਦੇਖ ਰਿਹਾ ਸੀ ਕਿ ਹਰ ਫ੍ਰੈਂਚਾਈਜ਼ੀ ਆਪਣੀ ਪੈਡਲ (ਬੋਲੀ) ਨੀਵੀਂ ਰੱਖ ਰਹੀ ਹੈ। ਦੋਸਤਾਂ ਨੇ ਚਾਹ 'ਤੇ ਉਸ ਦਾ ਮਜ਼ਾਕ ਉਡਾਇਆ, ਉਸ ਦੀ ਕੀਮਤ 'ਤੇ ਤੰਜ਼ ਕਸੇ ਅਤੇ ਕਿਹਾ ਕਿ ਉਹ ਕਦੇ ਇੱਕ ਕਰੋੜ ਤੱਕ ਵੀ ਨਹੀਂ ਪਹੁੰਚ ਸਕੇਗਾ। ਉਸ ਨੇ ਕੋਈ ਬਹਿਸ ਨਹੀਂ ਕੀਤੀ, ਬਸ ਚੁੱਪਚਾਪ ਦੂਰ ਹੋ ਗਿਆ।

ਉਹ ਭੋਪਾਲ ਦੇ ਨੇੜੇ ਰਤਾਪਾਨੀ ਜੰਗਲਾਂ ਵਿੱਚ ਕੋਚ ਸੰਜੇ ਭਰਦਵਾਜ਼ ਨਾਲ ਚਲਾ ਗਿਆ, ਜਿਨ੍ਹਾਂ ਦੀ ਇਕ ਅਜਿਹੀ ਅਕੈਡਮੀ ਹੈ ਜਿਸ ਨੂੰ ਸ਼ਾਇਦ ਤੁਸੀਂ ਗੂਗਲ ਮੈਪਸ 'ਤੇ ਵੀ ਨਾ ਲੱਭ ਸਕੋ! ਉਥੇ ਟ੍ਰੇਨਿੰਗ ਬਹੁਤ ਸਖ਼ਤ ਅਤੇ ਪੂਰੀ ਤਰ੍ਹਾਂ ਪੁਰਾਣੇ ਤਰੀਕੇ ਦੀ ਸੀ।

ਸਵੇਰ ਤੋਂ ਸ਼ੁਰੂ ਹੋ ਕੇ 12 ਘੰਟਿਆਂ ਦੀ ਮਿਹਨਤ, ਦਿਨ ਵਿੱਚ ਸਿਰਫ਼ ਇੱਕ ਘੰਟਾ ਫ਼ੋਨ ਲਈ—ਬਾਕੀ ਸਮਾਂ ਸਿਰਫ਼ ਕੱਟ ਅਤੇ ਪੁੱਲ ਸ਼ਾਟਾਂ ਦੀ ਲਗਾਤਾਰ ਪ੍ਰੈਕਟਿਸ, ਜਦ ਤੱਕ ਉਹ ਉਸ ਦੀ ਮੱਸਲ ਮੈਮੋਰੀ ਦਾ ਹਿੱਸਾ ਨਾ ਬਣ ਜਾਣ। ਉਹ ਆਪਣੇ ਆਪ ਨੂੰ ਉਸ ਮੰਚ ਲਈ ਤਿਆਰ ਕਰ ਰਿਹਾ ਸੀ ਜਿਸ ਨੇ ਉਸ ਨੂੰ ਪਹਿਲਾਂ ਹੀ ਨਕਾਰ ਦਿੱਤਾ ਸੀ।

ਉਸ ਦੀ ਮਿਹਨਤ ਦਾ ਨਤੀਜਾ 31 ਅਗਸਤ 2024 ਨੂੰ ਅਰੁਣ ਜੇਟਲੀ ਸਟੇਡੀਅਮ ਵਿੱਚ ਸਾਹਮਣੇ ਆਇਆ। ਲੈਫਟ ਆਰਮ ਸਪਿਨਰ ਮਨਨ ਭਰਦਵਾਜ਼ ਨੇ ਗੇਂਦਬਾਜ਼ੀ ਸ਼ੁਰੂ ਕੀਤੀ ਅਤੇ 6 ਗੇਂਦਾਂ ਬਾਅਦ ਸਕੋਰ ਬੁੱਕ ਵਿੱਚ ਲਿਖਿਆ ਸੀ—ਇੱਕ ਓਵਰ ਵਿੱਚ 6 ਛੱਕੇ! SMAT 2024-25 ਵਿੱਚ ਉਸ ਨੇ ਦਿੱਲੀ ਲਈ ਸਭ ਤੋਂ ਵੱਧ ਰਨ ਬਣਾਏ—325 ਰਨ, 177 ਦੇ ਸਟਰਾਈਕ ਰੇਟ ਨਾਲ। ਹੁਣ ਉਸ ਨੂੰ ਇਫ਼ਲ ਲਈ ਨਜ਼ਰ-ਅੰਦਾਜ਼ ਕਰਨਾ ਮੁਸ਼ਕਲ ਸੀ।

2025 ਦੇ ਜੇਂਦਾ ਆਕਸ਼ਨ ਵਿੱਚ ਉਸ ਦੀ ਬੇਸ ਪ੍ਰਾਈਸ 30 ਲੱਖ ਸੀ, ਪਰ ਪੰਜਾਬ ਕਿੰਗਜ਼ ਨੇ ਉਸ ਨੂੰ 3.8 ਕਰੋੜ ਵਿੱਚ ਖਰੀਦ ਲਿਆ। ਰਿਕੀ ਪੋਂਟਿੰਗ ਨੂੰ ਅਜਿਹੇ ਭਾਰਤੀ ਖਿਡਾਰੀ ਚਾਹੀਦੇ ਸਨ ਜੋ ਡਰਦੇ ਨਾ ਹੋਣ।

ਬਰੈਡ ਹੈਡਿਨ ਨੇ ਪ੍ਰੈਕਟਿਸ ਮੈਚ ਵਿੱਚ ਉਸ ਨੂੰ ਸਿਰਫ਼ 8 ਗੇਂਦਾਂ ਖੇਡਦੇ ਦੇਖਿਆ ਅਤੇ ਪੋਂਟਿੰਗ ਨੂੰ ਕਿਹਾ—ਇਹਨੂੰ ਓਪਨਿੰਗ ਵਿੱਚ ਖੇਡਾਉਣਾ ਹੀ ਪਵੇਗਾ, ਕਿਉਂਕਿ ਕਦੇ-ਕਦੇ 8 ਗੇਂਦਾਂ ਹੀ ਕਾਫ਼ੀ ਹੁੰਦੀਆਂ ਹਨ!

ਪਰ IPL ਦੀ ਸ਼ੁਰੂਆਤ ਸੌਖੀ ਨਹੀਂ ਰਹੀ। ਜੌਫਰਾ ਆਰਚਰ ਦੇ ਖਿਲਾਫ ਗੋਲਡਨ ਡਕ 'ਤੇ ਆਉਟ ਹੋਣ ਨਾਲ ਉਸ ਦਾ ਮਨੋਬਲ ਹਿੱਲ ਗਿਆ। ਤਦ ਪੋਂਟਿੰਗ ਨੇ ਉਸ ਨੂੰ ਬੁਲਾਇਆ ਅਤੇ ਕੋਈ ਲੰਬਾ ਲੈਕਚਰ ਨਹੀਂ ਦਿੱਤਾ—ਸਿਰਫ਼ ਇਹ ਕਿਹਾ:

"ਅਗਲੀ ਵਾਰ ਏਹੀ ਗੇਂਦ ਮਿਲੇ, ਤਾਂ ਇਸ ਨੂੰ ਗਰਾਊਂਡ ਤੋਂ ਬਾਹਰ ਸਿੱਟਣਾ!"

ਕਈ ਵਾਰ ਅਸਫਲ ਹੋਣ ਦੀ ਅਜ਼ਾਦੀ ਹੀ ਸਭ ਤੋਂ ਵੱਡੀ ਕੋਚਿੰਗ ਹੁੰਦੀ ਹੈ।

8 ਅਪ੍ਰੈਲ 2025, ਮੁੱਲਾਂਪੁਰ ਵਿੱਚ ਚੇਨਈ ਦੇ ਖ਼ਿਲਾਫ਼—ਪਹਿਲੀ ਹੀ ਗੇਂਦ 'ਤੇ ਖਲੀਲ ਅਹਿਮਦ ਨੂੰ ਛੱਕਾ, ਫਿਰ 42 ਗੇਂਦਾਂ ਵਿੱਚ 103 ਰਨ, 39 ਗੇਂਦਾਂ ਵਿੱਚ ਸੈਂਕੜਾ। ਪੰਜਾਬ ਕਿੰਗਜ਼ ਫਾਈਨਲ ਤੱਕ ਪਹੁੰਚੀ ਅਤੇ ਉਸ ਨੇ ਪੂਰੇ 17 ਮੈਚ ਖੇਡੇ—475 ਰਨ, 179 ਦੇ ਸਟਰਾਈਕ ਰੇਟ ਨਾਲ! ਇਕ ਸੀਜ਼ਨ ਪਹਿਲਾਂ ਅਨਸੋਲਡ ਰਹਿਣ ਵਾਲੇ ਖਿਡਾਰੀ ਲਈ ਇਹ ਕਮਾਲ ਸੀ।

ਹੁਣ 2026 ਹੈ। ਇਸ ਸੀਜ਼ਨ ਦੇ ਪਹਿਲੇ 5 ਮੈਚਾਂ ਵਿੱਚ ਉਸ ਦਾ ਸਟਰਾਈਕ ਰੇਟ 250 ਹੈ। ਚੇਨਈ ਦੇ ਖਿਲਾਫ ਫਿਰ 11 ਗੇਂਦਾਂ ਵਿੱਚ 39 ਰਨ, ਅਤੇ ਰਾਤ ਤਾਂ ਉਹਨੇ ਆਪਣਾ 39 ਗੇਂਦਾਂ ਵਾਲਾ ਸੈਂਕੜਾ ਰਿਕਾਰਡ ਲਗਭਗ ਤੋੜ ਹੀ ਦਿੱਤਾ! ਉਹਦਾ IPL ਕਰੀਅਰ 650 ਤੋਂ ਵੱਧ ਰਨਾਂ ਅਤੇ 194 ਦੇ ਸਟਰਾਈਕ ਰੇਟ ਤੋਂ ਉੱਪਰ ਪਹੁੰਚ ਚੁੱਕਾ ਹੈ। 2024 ਵਿੱਚ ਜਿਸ ਆਕਸ਼ਨ ਰੂਮ ਨੇ ਉਸ ਨੂੰ ਨਜ਼ਰ-ਅੰਦਾਜ਼ ਕੀਤਾ ਸੀ, ਅੱਜ ਉਹੀ ਸੋਚਦੇ ਹੋਣਗੇ ਕਿ ਓਹਨਾਂ ਨੇ ਇਕ ਧੁਰੰਧਰ ਖਿਡਾਰੀ ਨੂੰ ਪਛਾਨਣ ਵਿੱਚ ਗਲਤੀ ਕਰ ਦਿੱਤੀ।

ਸੁਖਪ੍ਰੀਤ ਕੋਰ

# ਭਗਵੰਤ ਮਾਨ ਦੀ ਉੱਘੇ ਹਾਕੀ ਖਿਡਾਰੀ ਬੋਵਲੈਂਡਰ ਨਾਲ ਮੁਲਾਕਾਤ

## ਪੰਜਾਬ ਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਦਾ ਸੱਦਾ ਦਿੱਤਾ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨੈਦਰਲੈਂਡਜ਼ ਦੇ ਅਧਿਕਾਰਤ ਦੌਰੇ ਦੌਰਾਨ ਅੱਜ ਮੁਲਕ ਦੇ ਉੱਘੇ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਹਾਕੀ ਖੇਡ ਨੂੰ ਹੋਰ ਮਜ਼ਬੂਤ ਕਰਨ ਅਤੇ ਵੱਕਾਰੀ ਏਸ਼ਿਆਈ ਚੈਂਪੀਅਨਜ਼ ਟਰਾਫੀ ਦੇ ਮੱਦੇਨਜ਼ਰ ਉਨ੍ਹਾਂ (ਬੋਵਲੈਂਡਰ) ਦੇ ਤਜਰਬੇ ਦਾ ਲਾਭ ਲੈਣ ਦੀ ਪੇਸ਼ਕਸ਼ ਕੀਤੀ। ਨੈਦਰਲੈਂਡਜ਼ ਦੇ ਸਾਬਕਾ ਹਾਕੀ ਖਿਡਾਰੀ ਨੇ ਮੁੱਖ ਮੰਤਰੀ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ।

ਮੁਲਕਾਤ ਦੇ ਵੇਰਵੇ ਐਕਸ 'ਤੇ ਸਾਂਝੇ ਕਰਦਿਆਂ ਸ੍ਰੀ ਮਾਨ ਨੇ ਲਿਖਿਆ, ''ਨੈਦਰਲੈਂਡਜ਼ ਵਿੱਚ ਓਲੰਪੀਅਨ ਫਲੋਰਿਸ ਜਾਨ ਬੋਵਲੈਂਡਰ ਜੋ ਆਪਣੇ ਬੇਮਿਸਾਲ ਹੁਨਰ ਅਤੇ ਖੇਡ ਜਗਤ 'ਚ ਯੋਗਦਾਨ ਲਈ ਜਾਣੇ ਜਾਂਦੇ ਹਨ, ਨੂੰ ਮਿਲ ਕੇ ਖੁਸ਼ੀ ਹੋਈ। ਉਨ੍ਹਾਂ ਦਾ ਤਜਰਬਾ ਸਾਡੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕਰੇਗਾ। ਉਨ੍ਹਾਂ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ, ਜੋ ਉਨ੍ਹਾਂ ਨੇ ਪ੍ਰਵਾਨ ਕਰ ਲਿਆ। ਉਹ ਸਾਡੇ ਖਿਡਾਰੀਆਂ ਨਾਲ ਜੁੜਨਗੇ ਅਤੇ ਆਗਾਮੀ ਏਸ਼ੀਆ ਹਾਕੀ ਚੈਂਪੀਅਨਸ਼ਿਪ ਦੇ ਮੱਦੇਨਜ਼ਰ ਉਨ੍ਹਾਂ ਨੂੰ ਪ੍ਰੇਰਿਤ ਕਰਨਗੇ। ਪੰਜਾਬ ਖੇਡਾਂ ਵਿਚਲੇ ਹੁਨਰ ਨੂੰ ਸੰਭਾਲਣ ਅਤੇ ਹਾਕੀ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਵਚਨਬੱਧ ਹੈ।''

ਦੱਸਣਯੋਗ ਹੈ ਕਿ ਹਾਕੀ ਦੇ ਇਤਿਹਾਸ 'ਚ ਬੋਵਲੈਂਡਰ (60) ਦਾ ਬਿਹਤਰੀਨ ਪੈਨਲਟੀ ਕਾਰਨਰ ਮਾਹਿਰ ਵਜੋਂ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਨੇ ਨੈਦਰਲੈਂਡਜ਼ ਦੀ ਕੌਮੀ ਟੀਮ ਦੀ 1985 ਤੋਂ 1996 ਤੱਕ ਨੁਮਾਇੰਦਗੀ ਕੀਤੀ ਅਤੇ 241 ਕੌਮਾਂਤਰੀ ਮੈਚਾਂ ਵਿੱਚ 215 ਗੋਲ ਦਾਗ਼ੇ। ਉਨ੍ਹਾਂ ਨੇ ਨੈਦਰਲੈਂਡਜ਼ ਟੀਮ ਨੂੰ 1996 ਦੀਆਂ ਓਲੰਪਿਕਸ 'ਚ ਸੋਨ ਤਗ਼ਮਾ, 1900 ਵਿੱਚ ਵਿਸ਼ਵ ਕੱਪ ਅਤੇ 1987 'ਚ ਯੂਰੋਪੀਅਨ ਚੈਂਪੀਅਨਸ਼ਿਪ ਸਣੇ ਕਈ ਖ਼ਿਤਾਬ ਜਿਤਾਉਣ 'ਚ ਯੋਗਦਾਨ ਪਾਇਆ। ਮੁੱਖ ਮੰਤਰੀ ਭਗਵੰਤ ਮਾਨ ਦੀ ਬੋਵਲੈਂਡਰ ਨਾਲ ਮੁਲਾਕਾਤ ਨਾਲ ਹਾਕੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਹੁਲਾਰਾ ਮਿਲਣ ਦੀ ਉਮੀਦ ਹੈ, ਕਿਉਂਕਿ ਬੋਵਲੈਂਡਰ ਆਗਾਮੀ ਕੌਮਾਂਤਰੀ ਟੂਰਨਾਮੈਂਟਾਂ ਤੋਂ ਪਹਿਲਾਂ ਪੰਜਾਬ ਦਾ ਦੌਰਾ ਕਰਨਗੇ ਅਤੇ ਨੌਜਵਾਨ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣਗੇ। ਸ੍ਰੀ ਮਾਨ ਨੇ ਕਿਹਾ ਕਿ ਪਹਿਲੀ ਵਾਰ ਪੰਜਾਬ ਹਾਕੀ ਏਸ਼ਿਆਈ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਕਰੇਗਾ, ਜੋ ਸੂਬੇ ਦੇ ਖੇਡ ਵਾਤਾਵਰਨ ਲਈ ਵੱਡਾ ਮੀਲ ਪੱਥਰ ਹੈ। ਚਾਰ ਦੇਸ਼ਾਂ ਦੇ ਇਸ ਟੂਰਨਾਮੈਂਟ ਨਾਲ ਪੰਜਾਬ ਦੀ ਸਥਿਤੀ ਵਿਸ਼ਵ ਪੱਧਰ 'ਤੇ ਹਾਕੀ ਹੱਬ ਵਜੋਂ ਹੋਰ ਮਜ਼ਬੂਤ ਹੋਵੇਗੀ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀ ਖਿਡਾਰੀਆਂ ਤੋਂ ਬਿਨਾਂ ਭਾਰਤੀ ਹਾਕੀ ਦੀ ਕਲਪਨਾ ਕਰਨੀ ਅਸੰਭਵ ਹੈ। ਪੰਜਾਬ ਦੇ 50 ਤੋਂ ਵੱਧ ਖਿਡਾਰੀਆਂ ਨੇ ਓਲੰਪਿਕ ਤਗਮੇ ਜਿੱਤੇ ਹਨ ਅਤੇ 10 ਪੰਜਾਬੀ ਖਿਡਾਰੀਆਂ ਨੇ ਉਲੰਪਿਕ ਵਿੱਚ ਭਾਰਤ ਦੀ ਕਪਤਾਨੀ ਕੀਤੀ ਹੈ।

# ਕੈਨੇਡਾ ਦੀ ਕ੍ਰਿਕਟ ਵਿਚ ਲਾਰੈਂਸ ਗੈਂਗ ਦੀ ਐਂਟਰੀ : ਕਈ ਖਿਡਾਰੀਆਂ ਨੂੰ ਦਿੱਤੀ ਜਾਨੋਂ ਮਾਰਨ ਦੀ ਧਮਕੀ



ਟੋਰਾਂਟੋ : ਕੈਨੇਡਾ ਦੇ ਕ੍ਰਾਈਮ ਬਿਊਰੋ ਨੇ ਆਪਣੀ ਰਿਪੋਰਟ ਵਿਚ ਲਾਰੈਂਸ ਗੈਂਗ ਬਾਰੇ ਕਈ ਖੁਲਾਸੇ ਕੀਤੇ ਹਨ । 17 ਅਪ੍ਰੈਲ ਨੂੰ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗੈਂਗ ਕੈਨੇਡਾ ਦੀ ਕ੍ਰਿਕਟ ਟੀਮ ਦੇ ਖਿਡਾਰੀਆਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ। ਇਸ ਦਾ ਕਾਰਨ ਪੰਜਾਬੀ ਮੂਲ ਦੇ ਦਿਲਪ੍ਰੀਤ ਬਾਜਵਾ ਨੂੰ ਕੈਪਟਨ ਨਾ ਬਣਾਉਣਾ ਹੈ। ਲਾਰੈਂਸ ਗੈਂਗ ਚਾਹੁੰਦਾ ਹੈ ਕਿ ਗੁਰਦਾਸਪੁਰ ਦੇ ਰਹਿਣ ਵਾਲੇ ਅਤੇ 2020 ਵਿਚ ਕੈਨੇਡਾ ਦੀ ਕ੍ਰਿਕਟ ਟੀਮ ਵਿਚ ਸ਼ਾਮਲ ਹੋਣ ਵਾਲੇ ਦਿਲਪ੍ਰੀਤ ਨੂੰ ਕੈਪਟਨ ਬਣਾਇਆ ਜਾਵੇ। CBC ਦੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਕੈਨੇਡੀਅਨ ਨੈਸ਼ਨਲ ਕ੍ਰਿਕਟ ਟੀਮ ਵਿਚ ਸੰਗਠਿਤ ਅਪਰਾਧ, ਧਮਕੀਆਂ, ਭ੍ਰਿਸ਼ਟਾਚਾਰ ਅਤੇ ਮੈਚ-ਫਿਕਸਿੰਗ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੋ ਚੁੱਕੀਆਂ ਹਨ। ਰਿਪੋਰਟ ਦੇ ਅਨੁਸਾਰ ਇਹ ਪੂਰਾ ਵਿਵਾਦ ਜੁਲਾਈ 2025 ਤੋਂ ਸ਼ੁਰੂ ਹੋਇਆ, ਜਦੋਂ ਲਾਰੈਂਸ ਬਿਸ਼ਨੋਈ ਗੈਂਗ ਦੇ ਨਾਮ 'ਤੇ ਖਿਡਾਰੀਆਂ ਅਤੇ ਅਧਿਕਾਰੀਆਂ ਨੂੰ ਡਰਾਉਣ-ਧਮਕਾਉਣ ਦਾ ਸਿਲਸਿਲਾ ਸ਼ੁਰੂ ਹੋਇਆ । ਇਲਜ਼ਾਮ ਹੈ ਕਿ ਗੈਂਗ ਦੇ ਗੁਰਗਿਆਂ ਨੇ ਨੈਸ਼ਨਲ ਟੀਮ ਦੀ ਚੋਣ ਅਤੇ ਕਪਤਾਨੀ ਨੂੰ ਪ੍ਰਭਾਵਿਤ ਕਰਨ ਲਈ ਹਿੰਸਕ ਤਰੀਕਿਆਂ ਦਾ ਸਹਾਰਾ ਲਿਆ, ਜਿਸ ਨਾਲ ਪੂਰੀ ਟੀਮ ਅਤੇ ਬੋਰਡ ਦੇ ਅੰਦਰ ਡਰ ਦਾ ਮਾਹੌਲ ਬਣ ਗਿਆ ਹੈ। ਧਮਕੀਆਂ ਲਾਰੈਂਸ ਗੈਂਗ ਨਾਲ ਜੁੜੇ ਲੋਕਾਂ ਵੱਲੋਂ ਆ ਰਹੀਆਂ ਹਨ । ਜੁਲਾਈ 2025 ਵਿਚ ਸਰੇ ਦੇ ਇੱਕ ਰੈਸਟੋਰੈਂਟ ਵਿਚ 2 ਖਿਡਾਰੀਆਂ ਨੇ ਖ਼ੁਦ ਨੂੰ ਗੈਂਗ ਦਾ ਗੁਰਗਾ ਦੱਸਦਿਆਂ ਸਟਾਰ ਖਿਡਾਰੀ ਨੂੰ ਧਮਕੀ ਦਿੱਤੀ। ਇਹ ਗੈਂਗ ਭਾਰਤ ਦੀ ਜੇਲ੍ਹ ਤੋਂ ਲਾਰੈਂਸ ਵੱਲੋਂ ਚਲਾਈ ਜਾ ਰਹੀ ਹੈ ਅਤੇ ਕੈਨੇਡਾ ਵਿਚ ਫਾਇਰਿੰਗ ਕਰਵਾਉਂਦੀ ਹੈ ਅਤੇ ਫਿਰੌਤੀ ਮੰਗਦੀ ਹੈ। ਟੀਮ ਨੂੰ ਪਹਿਲੀ ਧਮਕੀ ਉਦੋਂ ਮਿਲੀ ਜਦੋਂ ਜੁਲਾਈ 2025 ਵਿਚ ਪ੍ਰੋਵਿੰਸ਼ੀਅਲ ਟੂਰਨਾਮੈਂਟ ਜਿੱਤਣ ਤੋਂ ਬਾਅਦ 25 ਖਿਡਾਰੀਆਂ ਦੀ ਪਾਰਟੀ ਚੱਲ ਰਹੀ ਸੀ। ਇਸ ਦੌਰਾਨ ਇੱਕ ਸਟਾਰ ਖਿਡਾਰੀ ਨੂੰ ਧਮਕਾਇਆ ਗਿਆ। ਜੁਲਾਈ ਦੇ ਅੰਤ ਵਿਚ ਇੱਕ ਵਾਰ ਫਿਰ ਜਾਨ ਤੋਂ ਮਾਰਨ ਦੀ ਮੈਸੇਜ ਰਾਹੀਂ ਧਮਕੀ ਮਿਲੀ। ਇਸ ਤੋਂ ਬਾਅਦ ਸਾਬਕਾ ਬੋਰਡ ਮੈਂਬਰ ਦੇ ਕੈਲਗਰੀ ਵਿਚਲੇ ਘਰ 'ਤੇ ਗੋਲੀਬਾਰੀ ਹੋਈ।

ਜੁਲਾਈ 2025 ਸਰੇ ਰੈਸਟੋਰੈਂਟ 'ਚ ਦੋ ਖਿਡਾਰੀਆਂ ਨੇ ਖੁਦ ਨੂੰ ਗੈਂਗ ਦਾ ਗੁਰਗਾ ਦੱਸਦੇ ਹੋਏ ਸਟਾਰ ਖਿਡਾਰੀ ਨੂੰ ਧਮਕੀ ਦੱਤੀ। ਇਹ ਗੈਂਗ ਭਾਰਤ ਦੀ ਜੇਲ੍ਹ ਤੋਂ ਲਾਰੈਂਸ ਵੱਲੋਂ ਚਲਾਇਆ ਜਾ ਰਿਹਾ ਹੈ ਕੈਨੇਡਾ 'ਚ ਫਾਈਰਿੰਗ ਕਰਵਾਉਂਦਾ ਹੈ ਅਤੇ ਫਿਰੌਤੀ ਮੰਗਦਾ ਹੈ। ਟੀਮ ਨੂੰ ਪਹਿਲੀ ਧਮਕੀ ਉਦੋਂ ਮਿਲੀ ਜਦੋਂ ਜੁਲਾਈ 2025 'ਚ ਪ੍ਰੋਵਿੰਸ਼ੀਅਲ ਟੂਰਨਾਮੈਂਟ ਜਿੱਤ ਤੋਂ ਬਾਅਦ 25 ਖਿਡਾਰੀਆਂ ਦੀ ਪਾਰਟੀ ਚੱਲ ਰਹੀ ਸੀ। ਇਸ ਦੌਰਾਨ ਇਕ ਸਟਾਰ ਖਿਡਾਰੀ ਨੂੰ ਧਮਕਾਇਆ ਗਿਆ। ਜੁਲਾਈ ਦੇ ਅੰਤ ਵਿਚ ਸਟਾਰ ਖਿਡਾਰੀ ਨੇ ਕੈਨੇਡੀਅਨ ਚੈਂਪੀਅਨਸ਼ਿਪ ਤੋਂ ਹਟਣ ਦਾ ਫੈਸਲਾ ਲਿਆ। ਈਮੇਲ ਵਿਚ ਲਿਖਿਆ ਹੈ ਕਿ ਧਮਕੀਆਂ ਕਾਰਨ ਮੈਂ ਮਾਨਸਿਕ ਰੂਪ ਤੋਂ ਤਿਆਰ ਜਾਂ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਉਧਰ ਕ੍ਰਿਕਟ ਬੀਸੀ ਵੱਲੋਂ ਬਾਜਵਾ ਨੂੰ ਕੈਪਟਨ ਬਣਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਰਹੀਆਂ। ਇੱਕ ਖਿਡਾਰੀ ਨੇ ਬਾਜਵਾ ਦੀ ਕਪਤਾਨੀ ਦਾ ਵਿਰੋਧ ਕੀਤਾ । ਇਸ ਤੋਂ 30-40 ਮਿੰਟਾਂ ਦੇ ਅੰਦਰ ਉਸ ਨੂੰ ਮੈਸੇਜ ਆਇਆ ਕਿ ਅਸੀਂ ਤੈਨੂੰ ਚੇਤਾਵਨੀ ਦਿੱਤੀ ਸੀ ਕਿ ਬਿਸ਼ਨੋਈ ਗਰੁੱਪ ਨਾਲ ਪੰਗਾ ਨਾ ਲਈ। ਤੂੰ ਬਚੇਗਾ ਨਹੀਂ। ਸਾਨੂੰ ਪਤਾ ਹੈ ਤੂੰ ਕਿੱਥੇ ਰਹਿੰਦਾ ਹੈਂ। ਜਨਵਰੀ-ਫਰਵਰੀ 2025 ਵਿਚ ਬਾਜਵਾ ਨੂੰ ਚੋਣਕਾਰਾਂ ਨੂੰ ਬਾਈਪਾਸ ਕਰਕੇ ਅਚਾਨਕ ਨੈਸ਼ਨਲ ਕੈਪਟਨ ਬਣਾਇਆ ਗਿਆ। ਟੀ-20 ਵਰਲਡ ਕੱਪ (17 ਫਰਵਰੀ 2026, ਕੈਨੇਡਾ ਵਰਸਿਜ ਨਿਊਜ਼ੀਲੈਂਡ) ਵਿਚ ਬਾਜਵਾ ਦੀ ਪਹਿਲੀ ਗੇਂਦ 'ਤੇ ਹੀ ਨੋ-ਬਾਲ ਸੁੱਟਣ ਤੋਂ ਬਾਅਦ ਆਈ.ਸੀ.ਸੀ. ਏ.ਸੀ.ਯੂ. ਨੇ ਸਪਾਟ-ਫਿਕਸਿੰਗ ਦੇ ਸ਼ੱਕ ਵਿਚ ਜਾਂਚ ਸ਼ੁਰੂ ਕਰ ਦਿੱਤੀ।

ਸਾਬਕਾ ਕੋਚ ਖੁਰਰਮ ਚੌਹਾਨ ਨੇ ਬੈਟਿੰਗ ਆਰਡਰ ਫਿਕਸਿੰਗ ਦਾ ਇਲਜ਼ਾਮ ਲਗਾਇਆ। ਉਸ ਕੋਲ ਮੌਜੂਦ ਰਿਕਾਰਡਿੰਗ ਵਿਚ ਬੋਰਡ ਮੈਂਬਰਾਂ ਦਾ ਨਾਮ ਸਾਹਮਣੇ ਆਇਆ। ਜੁਲਾਈ 2025 ਵਿਚ ਚੌਹਾਨ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਸਾਬਕਾ ਬੋਰਡ ਮੈਂਬਰ ਦੇ ਕੈਲਗਰੀ ਘਰ 'ਤੇ ਦੋ ਵਾਰ ਗੋਲੀਬਾਰੀ ਹੋਈ, ਜਿਸ ਤੋਂ ਬਾਅਦ ਉਸਨੇ ਅਸਤੀਫ਼ਾ ਦੇ ਦਿੱਤਾ।

# 2020 'ਚ ਗੌਤਮ ਗੰਭੀਰ ਨੇ ਇੱਕ ਵੱਡੀ ਗੱਲ ਕਹੀ ਸੀ...





"ਜੇ ਰੋਹਿਤ ਸ਼ਰਮਾ ਭਾਰਤ ਦੇ ਕਪਤਾਨ ਨਹੀਂ ਬਣਦੇ, ਤਾਂ ਇਹ ਭਾਰਤ ਦਾ ਨੁਕਸਾਨ ਹੋਵੇਗਾ, ਰੋਹਿਤ ਦਾ ਨਹੀਂ।"

ਸਮੇਂ ਨੇ ਇਸ ਗੱਲ ਨੂੰ ਸੱਚ ਸਾਬਿਤ ਕੀਤਾ।

ਕਾਫੀ ਦੇਰ, ਬਹਿਸ ਅਤੇ ਵਿਵਾਦਾਂ ਤੋਂ ਬਾਅਦ ਰੋਹਿਤ ਨੂੰ 2021 ਵਿੱਚ ਕਪਤਾਨੀ ਮਿਲੀ... ਅਤੇ ਉਸ ਨੇ ICC ਟ੍ਰੌਫੀਆਂ ਜਿੱਤ ਕੇ ਖੁਦ ਨੂੰ ਸਾਬਤ ਕੀਤਾ।

ਹੁਣ 2026 ਵਿੱਚ ਰਵਿਚੰਦਰਨ ਅਸ਼ਵਿਨ ਨੇ ਸ਼੍ਰੇਯਸ ਅਈਅਰ ਲਈ ਲਗਭਗ ਓਹੀ ਗੱਲ ਕਹੀ ਹੈ...

"ਜੇ ਸ਼੍ਰੇਯਸ ਅਈਅਰ ਭਾਰਤ ਦੇ ਕਪਤਾਨ ਨਹੀਂ ਬਣਦੇ, ਤਾਂ ਇਹ ਭਾਰਤ ਦਾ ਨੁਕਸਾਨ ਹੋਵੇਗਾ, ਸ਼੍ਰੇਯਸ ਦਾ ਨਹੀਂ।"

ਇਤਿਹਾਸ ਆਪਣੇ ਆਪ ਨੂੰ ਦੁਹਰਾਉਣ ਵੱਲ ਇਸ਼ਾਰਾ ਕਰ ਰਿਹਾ ਹੈ।

ਸ਼੍ਰੇਯਸ ਨੇ ਕਈ ਮੌਕਿਆਂ 'ਤੇ ਆਪਣੀ ਕਪਤਾਨੀ, ਸ਼ਾਂਤ ਸੁਭਾਅ ਅਤੇ ਦਬਾਅ ਵਿੱਚ ਪ੍ਰਦਰਸ਼ਨ ਕਰਨ ਦੀ ਸਮਰੱਥਾ ਦਿਖਾਈ ਹੈ। ਫਿਰ ਵੀ ਉਸ ਦੇ ਰਾਹ ਵਿੱਚ ਸਵਾਲ, ਰਾਜਨੀਤੀ ਅਤੇ ਕਈ ਹੋਰ ਰੁਕਾਵਟਾਂ ਹਨ।

ਥੋਨੂੰ ਕੀ ਲੱਗਦਾ ਹੈ — ਕੀ Shreyas Iyer ਵੀ Rohit Sharma ਵਾਂਗ ਸਫ਼ਲ ਕਪਤਾਨ ਸਾਬਤ ਹੋਣਗੇ....?

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ।
ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann
Springdale | Hamilton | Brampton | Markham | Airport Rd. | India
905-497-6300 | 905-930-7700 | 905-595-2000 | 416-603-1800 | 905-595-1700 | 01624-223315-16-17
1098 Peter Robertson Blvd., #3 (Springdale) Brampton | 06-141 Highway 8, Stoney Creek | 499 Raylawson Blvd., Unit #32, Brampton, ON | 45 Karachi Dr., Unit 45 Markham | 60 Cottrelle Blvd. Unit 12C, Brampton | opp Union Bank of India Tehsil Rd, Jagraon

SKYDOME GROUP OF COMPANIES
Ontario Ministry of Transportation Approved Repair Centre
www.skydomeauto.ca
FLEET DISCOUNTS
Towing Across North America
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
Daljit Singh Gaidhu
www.skydomeauto.ca
http://skydomeauto.goldbook.ca
TIRES
Satnam Singh | Satbir Singh | Inderpal Singh | InderJit Singh
4 Locations To Serve You! Head Office: 905-874-9878
SKYDOME AUTO & BODY CENTRE 308 Rutherford Rd. Brampton, ON L6W 3K7 Office: 905-874-9878 | Fax: 905-874-9747 skydome_auto@hotmail.com
SKYDOME EMISSION & ALIGNMENT CENTER 210 RUTHERFORD RD SOUTH OFFICE : 9054509878 FAX:-905-450-9808.
SKYDOMETRUCK CENTRE 30 STAFFORD DR BRAMPTON OFFICE: 905-460-1414 FAX: 905-460-9451
SKYDOME AUTO SALES 30 STAFFORD DR BRAMPTON, ON, L6W 1L4 DILJIT : 416-305-9878
ONTARIO'S DRIVE CLEAN

ASIAN FOOD CENTER
www.asianfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1235 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338